# ਆਸਾੜੁ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

*ਪੰਨਾ - 134*

ਜੇਠ ਦੇ ਮਹੀਨੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਸੀ ਕਿ ਪ੍ਰਭੂ ਅੱਗੇ ਸਾਰੇ ਖੰਡ-ਬ੍ਰਹਿਮੰਡ, ਦੇਵੀ, ਦੇਵ-ਦਾਨਵ ਨਿਵ ਰਹੇ ਹਨ। ਕੋਈ ਵੀ ਉਸ ਤੋਂ ਆਕੀ ਨਹੀਂ ਹੈ। ਉਸ ਦੇ ਨਾਲ ਅਸਾਨੂੰ ਜੁੜਨਾ ਹੈ ਜੋ ਪ੍ਰਮ ਸੁਖਾਂ ਦਾ ਦਾਤਾ ਹੈ। ਵਾਹਿਗੁਰੂ ਜੀ ਤੋਂ ਬਾਹਰ ਕੋਈ ਵੀ ਨਹੀਂ ਹੈ। ਭਾਵੇਂ ਕਈ ਧਾਰਮਿਕ ਨਿਸ਼ਚਿਆਂ ਦੇ ਵਿਚ ਇਹ ਗੱਲ ਆਉਂਦੀ ਹੈ ਕਿ ਵਾਹਿਗੁਰੂ ਜੀ ਤੋਂ ਸ਼ੈਤਾਨ ਬਾਗੀ ਹੋ ਗਿਆ ਅਤੇ ਦੁਨੀਆਂ ਨੂੰ ਭਲੇ ਕੰਮਾਂ ਤੋਂ ਭਟਕਾ ਕੇ ਐਸ਼ੋ ਇਸ਼ਰਤ, ਪਾਪਾਂ ਦੇ ਵਿਚ ਪ੍ਰਵਿਰਤ ਕਰਾ ਕੇ ਦੋਜ਼ਕ ਦੀ ਅੱਗ ਵਿਚ ਸੜਨ ਦਾ ਅਧਿਕਾਰੀ ਬਣਾ ਦਿਤਾ। ਉਹ ਨਾ ਤਾਂ ਕੋਈ ਉਪਦੇਸ਼ ਸੁਣਨ ਦਿੰਦਾ ਹੈ ਅਤੇ ਨਾ ਹੀ ਕੋਈ ਜਪ ਤਪ ਕਰਨ ਦਿੰਦਾ ਹੈ, ਉਸਨੂੰ ਸ਼ੈਤਾਨ ਆਖਿਆ ਜਾਂਦਾ ਹੈ। ਇਹ ਫਰਿਸ਼ਤਾ ਖੁਦਾ ਦੇ ਹੁਕਮ ਦੇ ਸਾਮ੍ਹਣੇ ਨਾ ਫੁਰਮਾਨੀ ਵਿਚ ਆ ਗਿਆ, ਇਸਨੂੰ ਰੱਬੀ ਸਭਾ ਵਿਚੋਂ ਕੱਢ ਦਿਤਾ ਗਿਆ ਅਤੇ ਇਸ ਨੇ ਕਿਹਾ ਕਿ ਐ ਖੁਦਾ! ਮੈਂ ਕਿਸੇ ਨੂੰ ਵੀ ਤੇਰੇ ਨਾਲ ਪਿਆਰ ਨਹੀਂ ਕਰਨ ਦੇਵਾਂਗਾ ਅਤੇ ਨਾ ਹੀ ਕਿਸੇ ਨੂੰ ਸੱਚ ਦੇ ਰਾਹ ਤੇ ਤੁਰਨ ਦੇਵਾਂਗਾ। ਜੋ ਤੇਰੇ ਬੰਦੇ ਹਦਾਇਤਾਂ ਕਰਨ ਵਾਲੇ, ਨਸੀਹਤਾਂ ਕਰਨ ਵਾਲੇ ਹੋਣਗੇ, ਉਹ ਵੀ ਮੇਰੇ ਹੀ ਬੰਦੇ ਹੋਣਗੇ, ਉਹ ਮੇਰੀ ਬੋਲੀ ਬੋਲਣਗੇ। ਲੋਕਾਂ ਨੂੰ ਮਦਰਾ, ਮਾਸ ਅਤੇ ਭੋਗ ਵਿਲਾਸਾਂ ਵਿਚ ਲਗਾ ਦੇਵਾਂਗਾ। ਉਹ ਦੂਜਿਆਂ ਨੂੰ ਵੀ ਅਜਿਹਾ ਹੀ ਉਪਦੇਸ਼ ਦੇਣਗੇ। ਬਾਬਾ ਫਰੀਦ ਜੀ ਇਸ ਫਰਿਸ਼ਤੇ ਦੀ ਸ਼ਕਤੀ ਅਨੁਭਵ ਕਰਕੇ ਫੁਰਮਾਨ ਕਰਦੇ ਹਨ ਕਿ –

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*

*ਪੰਨਾ - 1378*

ਏਸੇ ਤਰ੍ਹਾਂ ਨਾਲ ਭਾਰਤੀ ਖਿਆਲ ਵੀ ਹੈ ਕਿ ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਕਰਮ ਧਰਮ ਨੂੰ ਇਹ ਫਲੀਭੂਤ ਨਹੀਂ ਹੋਣ ਦਿੰਦਾ। ਬੁੱਧ ਧਰਮ ਦੇ ਅਚਾਰੀਆ ਦਾ ਖਿਆਲ ਹੈ ਕਿ ਮਾਰ ਦੇਵਤਾ ਆਦਮੀ ਨੂੰ ਪੁੱਠੇ ਰਾਹ ਪਾਉਂਦਾ ਹੈ, ਇਨ੍ਹਾਂ ਨੂੰ ਪ੍ਰਭੂ ਤੋਂ ਆਕੀ ਦਸਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਸਭ ਤੋਂ ਵੱਡੇ ਹਨ ਅਤੇ ਉਸ ਦੇ ਅੱਗੇ ਸਾਰੇ ਨਿਵਦੇ ਹਨ।

ਹੁਣ ਅਸਾੜ ਦੇ ਮਹੀਨੇ ਬਾਰੇ ਫੁਰਮਾਨ ਹੈ ਕਿ ਅਸਾੜ ਵਿਚ ਅਤਿ ਦੀ ਗਰਮੀ ਹੋਇਆ ਕਰਦੀ ਹੈ ਪਰ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦੇ ਪਿਆਰ ਦੀਆਂ ਕਾਂਗਾਂ ਉਠਦੀਆਂ ਹਨ, ਉਨ੍ਹਾਂ ਨੂੰ ਅਸਾੜ ਦੀ ਗਰਮੀ ਪੋਹ ਨਹੀਂ ਸਕਦੀ। ਜਿਹੜੇ ਹਿਰਦੇ ਮਾਇਆ ਅਗਨ ਨੇ ਜਾਲ ਦਿਤੇ ਹਨ, ਉਨ੍ਹਾਂ ਨੂੰ ਇਹ ਮਹੀਨਾ ਤਪਸ਼ ਭਰਿਆ ਲਗਦਾ ਹੈ ਪਰ ਜੋ ਨਾਮ ਨਾਲ ਜੁੜੇ ਹਨ, ਉਨ੍ਹਾਂ ਦਾ ਮਨ ਤੇ ਤਨ ਦੋਵੇਂ ਸੀਤਲ ਹੋਏ ਹੋਏ ਹਨ – ਨਾਮ ਦੀ ਠੰਢਕ ਨਾਲ। ਫੁਰਮਾਨ ਹੈ –

*ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ॥*
*ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ॥*

*ਪੰਨਾ - 321*

ਜੂਨ ਦੇ ਮਹੀਨੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਜੀ ਲਾਹੌਰ ਦੇ ਅੰਦਰ ਬੁਲਾਏ ਗਏ ਸਨ ਅਤੇ ਆਪ ਨੂੰ ਉਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਅੱਗ ਵਰਗੀ ਲਾਲ ਹੋਈ ਤਵੀ ਦੇ ਉਪਰ ਬਿਠਾਇਆ ਗਿਆ, ਸੀਸ ਉਤੇ ਅੱਗ ਵਰਗਾ ਰੇਤਾ ਏਸ ਕਰਕੇ ਪਾਇਆ ਗਿਆ ਕਿ ਆਪ ਸੁਰਤ ਨੂੰ ਦਸਵੇਂ ਦੁਆਰ ਵਿਚ ਸਥਿਤ ਨਾ ਕਰ ਲੈਣ ਜਿਥੇ ਦੁਖ-ਸੁਖ, ਭੁਖ, ਪਿਆਸ ਨਹੀਂ ਵਿਆਪਿਆ ਕਰਦੀ ਜਿਵੇਂ ਕਿ ਬਾਣੀ ਅੰਦਰ ਦਸਦੇ ਹਨ –

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*

*ਪੰਨਾ - 1414*

ਪਰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੀਤਲਤਾ ਐਤਨੀ ਵਰਤਾ ਦਿਤੀ ਕਿ ਜਦੋਂ ਮੀਆਂ ਮੀਰ ਜੀ ਇਹ ਹਾਲਤ ਵੇਖ ਕੇ ਉਚੀ ਆਖਦੇ ਹਨ, "ਮਹਾਨ ਜ਼ੁਲਮ! ਮਹਾਨ ਜ਼ੁਲਮ! ਘੋਰ ਜ਼ੁਲਮ! ਇਹ ਹਕੂਮਤ ਇਸ ਜ਼ੁਲਮ ਦੇ ਭਾਰ ਨਾਲ ਟੁੱਟ ਕੇ ਟੁਕੜੇ-ਟੁਕੜੇ ਹੋ ਜਾਵੇਗੀ।" ਉਸ ਵੇਲੇ ਗੁਰੂ ਮਹਾਰਾਜ ਜੀ ਪੀਰ ਮੀਆਂ ਮੀਰ ਨੂੰ ਵੀ ਰੋਕ ਦਿੰਦੇ ਹਨ ਕਿ ਪੀਰ ਜੀ! ਦੇਖਿਓ ਕੋਈ ਬਚਨ ਨਾ ਕਰ ਦਿਓ, ਬਦ-ਦੁਆ ਨਾ ਦੇ ਦੇਣੀ। ਪੀਰ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਐਤਨਾ ਜ਼ੁਲਮ ਕਿਉਂ ਸਹਿਨ ਕਰ ਰਹੇ ਹੋ? ਤੁਹਾਡੀ ਇਕ ਨਿਗ੍ਹਾ ਇਸ ਸਾਰੇ ਬ੍ਰਹਿਮੰਡ ਨੂੰ ਸਮੇਟ ਸਕਦੀ ਹੈ, ਫਿਰ ਤੁਸੀਂ ਕਿਉਂ ਨਹੀਂ ਕਹਿ ਰਹੇ? ਮਹਾਰਾਜ

ਕਹਿਣ ਲੱਗੇ ਕਿ ਮੀਆਂ ਮੀਰ! ਕਿਸ ਨੂੰ ਸਰਾਪ ਦੇਈਏ? ਐਥੇ ਤਾਂ ਵਾਹਿਗੁਰੂ ਜੀ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਕਿਤਨੀ ਸ਼ਾਂਤੀ ਤਨ ਤੇ ਮਨ ਦੇ ਅੰਦਰ ਹੈ। ਗੁਰੂ ਮਹਾਰਾਜ ਜੀ ਨੇ ਪ੍ਰਤੱਖ ਰੂਪ ਵਿਚ ਜਣਾ ਦਿਤਾ ਕਿ ਅਸਾੜ ਦੀ ਤਪਸ਼, ਨਾਮ ਵਿਹੂਣਿਆਂ ਨੂੰ ਹੋਇਆ ਕਰਦੀ ਹੈ, ਜਿਹੜੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ, ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਮੰਨਦੇ ਹਨ। ਜਿਨ੍ਹਾਂ ਦੀ ਸਥਿਤੀ ਆਤਮ ਸਰੂਪ ਵਿਚ ਹੋ ਚੁੱਕੀ ਹੈ, ਉਥੇ ਸਦੀਵ ਖੇੜਾ ਹੀ ਖੇੜਾ, ਅਨੰਦ ਹੀ ਅਨੰਦ ਹੈ; ਐਨੀ ਠੰਢਕ ਹੈ ਕਿ ਸਾਰੀ ਦੁਨੀਆਂ ਦੀ ਤਪਸ਼ ਦੂਰ ਕਰਨ ਦੇ ਸਮਰੱਥ ਹੋਇਆ ਕਰਦੀ ਹੈ। ਨਾਮ ਤੋਂ ਵਿਹੂਣਾ air conditioned ਕਮਰਿਆਂ ਦੇ ਅੰਦਰ ਬੈਠਾ ਵੀ ਮਨ ਦੀ ਤਪਸ਼ ਦੇ ਕਾਰਨ ਉਦਾਸੀਨਤਾ 'ਚ ਹੋਇਆ ਕਰਦਾ ਹੈ, ਉਸ ਨੂੰ ਸੁੰਦਰ ਸੇਜਾਂ, ਅਨੇਕ ਸੁਖ, ਸੁਗੰਧੀਆਂ; ਸੁਖ ਨਹੀਂ ਦੇ ਸਕਦੀਆਂ। ਵਾਹਿਗੁਰੂ ਜੀ ਦੀ ਪਛਾਣ ਤੋਂ ਬਿਨਾਂ, ਜੋ ਇਸੇ ਸਰੀਰ ਵਿਚ ਆਪਣਾ ਆਸਣ ਲਾਈਂ ਸਭ ਕੁਝ ਕਰ ਰਹੇ ਹਨ, ਵਿਸ਼ਟਾ ਦੇ ਕੀੜੇ ਵਾਂਗੂੰ ਕੁਰਬਲ-ਕੁਰਬਲ ਕਰਦਾ, ਪਦਾਰਥਾਂ ਵਿਚ ਅੰਸ ਮਾਤਰ ਵੀ ਸੁਖ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਵਾਹਿਗੁਰੂ ਜੀ ਨੂੰ ਛੱਡ ਕੇ, ਜੋ ਦੁਨੀਆਂ ਦੇ ਕਿਸੇ ਮਨੁੱਖ ਦੀ ਆਸ ਵਿਚ ਰਹਿੰਦੇ ਹਨ, ਉਹ ਸੁਖ ਨਹੀਂ ਮਾਣ ਸਕਿਆ ਕਰਦੇ -

*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਪੰਨਾ - 134*

ਕਿਉਂਕਿ ਜਿਸ ਮਨੁੱਖ ਦੀ ਉਹ ਆਸ ਰੱਖਦੇ ਹਨ, ਉਹ ਮਨੁੱਖ ਤਾਂ ਆਪ ਹੀ ਦੁਖਾਂ ਨਾਲ ਭਰਿਆ ਪਿਆ ਹੈ, ਉਹ ਕਿਸੇ ਨੂੰ ਕੀ ਸੁਖ ਦੇ ਸਕਦਾ ਹੈ। ਗੁਰੂ ਮਹਾਰਾਜ ਜੀ ਦਸਦੇ ਹਨ ਕਿ ਐ ਮਨੁੱਖ! ਜੇ ਤੂੰ ਆਸ ਕਰਨੀ ਹੈ ਤਾਂ ਇਕ ਵਾਹਿਗੁਰੂ ਜੀ ਦੀ ਆਸ ਰੱਖ, ਜਿਸ ਦੇ ਘਰ ਸਭ ਕੁਝ ਹੈ, ਜੋ ਤੇਰੇ ਸਾਰੇ ਦੁਖਾਂ ਦਾ ਇਲਾਜ ਕਰ ਸਕਦਾ ਹੈ। ਉਸ ਨੇ ਤੇਰੀਆਂ ਕਮੀਆਂ ਨੂੰ ਦੇਖ ਕੇ ਤੇਰੇ ਅੰਦਰ ਪਹਿਲਾਂ ਹੀ ਸੁਖਾਂ ਦਾ ਰਤਨ ਰੂਪੀ ਨਾਮ, ਸਰੀਰ ਵਿਚ ਰੱਖ ਦਿਤਾ ਹੈ -

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ - 259*

ਇਹ ਦਵਾਈ ਸਮਰੱਥ ਗੁਰੂ ਦੀ ਦੱਸੀ ਹੋਈ ਜੁਗਤ ਦੇ ਮੁਤਾਬਿਕ ਅੰਦਰੋਂ ਪ੍ਰਾਪਤ ਹੋ ਸਕਦੀ ਹੈ। ਇਸ ਕਰਕੇ ਤੂੰ ਮਾਨਸ ਦੀ ਆਸ ਛੱਡ ਕੇ ਵਾਹਿਗੁਰੂ ਜੀ ਦੀ ਆਸ ਵਿਚ ਰਹਿ, ਜੋ ਤੇਰੇ ਘਟ-ਘਟ ਵਿਚ ਵਿਆਪਕ ਹੈ। ਉਹ ਆਪ ਹੀ ਆਪਣੀ ਮੌਜ ਵਿਚ ਕ੍ਰਿਆ ਕਰ ਰਿਹਾ ਹੈ, ਇਕ ਅਗੰਮੀ ਖੇਲ੍ਹ ਖੇਡ ਰਿਹਾ ਹੈ, ਉਸ ਅਗੋਚਰ ਨੂੰ ਪਛਾਣ ਅਤੇ ਜੋ ਤੇਰੇ ਅੰਦਰ ਮੈਂ ਭਾਵ ਹੈ, ਉਹ ਇਕ ਪ੍ਰਛਾਵਾਂ ਹੈ, ਝੂਠਾ ਹੈ, ਉਹ ਅਣਹੋਣੀ ਚੀਜ਼ ਹੈ, ਜਿਸਨੂੰ ਅਗਿਆਨ ਦਾ ਭਰਮ ਭੁਲਾਵਾ ਆਖਿਆ ਜਾਂਦਾ ਹੈ। ਤੂੰ ਆਪਣੇ ਆਪ ਨੂੰ ਵਾਹਿਗੁਰੂ ਤੋਂ ਵਖਰਾ ਮੰਨ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈਂ ਅਤੇ ਜਮਾਂ ਦੀ ਫਾਹੀ ਖਰਬਾਂ-ਖਰਬਾਂ ਸਾਲ ਦੀ ਤੇਰੇ ਗਲ ਵਿਚ ਪੈ ਚੁੱਕੀ ਹੈ ਪਰ ਤੂੰ ਪੂਰੇ ਸਤਿਗੁਰੂ ਨੂੰ ਮਿਲ ਕੇ ਇਸ ਝੂਠੇ ਅਧਿਆਸ ਦੇ ਜਾਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈਂ, ਫੇਰ ਤੂੰ ਆਪਣੇ ਆਪ ਨੂੰ ਸੂਖਸ਼ਮ ਸਰੀਰ ਮੰਨਣ ਲਗ ਜਾਂਦਾ ਹੈਂ, ਕਾਰਨ ਸਰੀਰ ਮੰਨਦਾ ਹੈਂ ਅਤੇ ਇਸ ਤੋਂ ਵੀ ਉਪਰ ਜੇ ਸੁਰਤ ਉਚੀ ਹੋ ਜਾਵੇ ਤਾਂ ਤੂੰ ਆਪਣੇ ਆਪ ਨੂੰ ਜੀਵ ਮੰਨਦਾ ਰਹਿੰਦਾ ਹੈਂ ਪਰ ਹਨੇਰ੍ਹੇ ਵਿਚ ਭੁੱਲਿਆ ਹੋਇਆ ਤੂੰ ਨਹੀਂ ਜਾਣਦਾ ਕਿ ਤੇਰਾ ਸਰੂਪ 'ਆਤਮਾ' ਹੈ; ਤੇਰੇ ਅਤੇ ਵਾਹਿਗੁਰੂ ਵਿਚ ਕੋਈ ਵੀ ਫਰਕ ਨਹੀਂ ਹੈ। ਇਸ ਪ੍ਰਕਾਸ਼ ਤੋਂ ਹੀਣਾ ਰਹਿ ਕੇ ਤੂੰ ਜਮਾਂ ਦੀ ਫਾਸੀ ਗਲ ਵਿਚ ਪਾਈ ਹੋਈ ਹੈ-

*ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਪੰਨਾ - 134*

ਇਹ ਤੇਰੇ ਹੀ ਕੀਤੇ ਹੋਏ ਕਰਮਾਂ ਦਾ ਫਲ ਹੈ ਜੋ ਤੈਨੂੰ ਭੋਗਣੇ ਪੈ ਰਹੇ ਹਨ -

*ਜੇਹਾ ਬੀਜੈ ਸੁ ਲੁਣੈ ਮਥੈ ਜੋ ਲਿਖਿਆਸੁ॥ ਪੰਨਾ - 134*

ਕੀਤੇ ਹੋਏ ਕਰਮਾਂ ਦਾ ਫਲ ਐਥੇ ਵੀ ਭੁਗਤਣਾ ਪੈਂਦਾ ਹੈ, ਦਰਗਾਹ ਵਿਚ ਜਾ ਕੇ ਵੀ ਭੋਗਦਾ ਹੈ। ਮਾੜੇ ਕਰਮਾਂ ਦੇ ਫਲ ਕਰਕੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*
*ਪੰਨਾ - 1425*

ਕਰਮ ਹਮੇਸ਼ਾਂ ਹਉਮੈ ਨੂੰ ਭੋਗਣੇ ਪੈਂਦੇ ਹਨ। ਹਉਮੈ ਇਕ ਜਜ਼ਬਾ ਹੈ ਜਿਸ ਦੇ ਅਧੀਨ ਹੋਈ ਚੇਤਨ ਸੁਰਤ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵਖਰੀ ਮੰਨਦੀ ਹੈ। ਸਤਿਸੰਗ, ਮਹਾਂਪੁਰਸ਼ਾਂ ਦੀ ਸੰਗਤ ਤੋਂ ਹੀਣਾ ਰਹਿ ਕੇ ਪੁਰਸ਼ ਮਾਇਆ ਦੇ ਰਸਾਂ-ਕਸਾਂ ਵਿਚ ਉਲਝ ਜਾਂਦਾ ਹੈ ਅਤੇ ਮੇਰੀ ਹੀ ਮੇਰੀ ਕਰਕੇ ਜਨਮ ਬਿਰਥਾ ਗੁਆ ਲੈਂਦਾ ਹੈ। ਇਹ ਉਮਰ ਰੂਪੀ ਰੈਣ ਲੰਘ ਜਾਂਦੀ ਹੈ, ਪਛਤਾਵਾ ਪੱਲੇ ਰਹਿ ਜਾਂਦਾ ਹੈ; ਆਇਆ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਵਾਹਿਗੁਰੂ ਜੀ ਇਸ ਦੇ ਅੰਦਰ ਆਸਣ ਲਾਈ ਇਸ ਦਾ ਇੰਤਜ਼ਾਰ

ਕਰ ਰਹੇ ਹਨ। ਸੰਤ, ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਇਸਨੂੰ ਖਬਰਦਾਰ ਕਰਦੇ ਹਨ, ਯਾਦ ਕਰਾਉਂਦੇ ਹਨ ਕਿ ਤੂੰ ਮਾਤਾ ਦੇ ਉਦਰ ਵਿਚ ਸਵਾਸ-ਸਵਾਸ ਨਾਮ ਧੁਨ ਵਿਚ ਮਸਤ ਸੀ, ਉਸ ਨਾਮ ਧੁਨ ਕਰਕੇ ਤੇਰੇ ਅੰਦਰ ਪ੍ਰਕਾਸ਼ ਸੀ। ਇਕ ਸਮਾਧੀ ਦੀ ਅਵਸਥਾ ਵਿਚ ਲੀਨ ਹੋਇਆ ਗਰਭ ਅਗਨ ਤੋਂ ਬਚ ਕੇ ਸੰਸਾਰ ਵਿਚ ਆਇਆ। ਪਰ ਫਿਰ ਮਾਇਆ ਦੇ ਅਸਰ ਵਿਚ ਫਸ ਕੇ ਉਸ ਪ੍ਰਭੂ ਨੂੰ ਭੁੱਲ ਕੇ ਫਿਰ ਉਨ੍ਹਾਂ ਕੰਮਾਂ ਵਿਚ ਲਗ ਗਿਆ ਜਿਨ੍ਹਾਂ ਨਾਲ ਅਨੇਕਾਂ ਵਾਰੀ ਜਨਮ ਮਰਨ ਦੇ ਦੁਖ ਕੱਟ ਚੁਕਿਆ ਹੈ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਪੰਨਾ - 251*

ਇਹ ਗੱਲਾਂ ਤੇਰੇ ਚਿਤ ਚੇਤੇ ਵੀ ਨਾ ਰਹੀਆਂ ਅਤੇ ਨਾ ਹੀ ਸਤਿਪੁਰਸ਼ਾਂ ਦੀ ਸਤਿ ਦੀ ਆਵਾਜ਼ ਤੂੰ ਮੰਨੀਂ, ਸਗਵਾਂ ਇਸ ਦੇ ਵਿਪਰੀਤ, ਸਤਿਪੁਰਸ਼ਾਂ ਦੀ ਨਿੰਦਿਆ ਕਰਦਾ ਰਿਹਾ। ਫਲ ਕੀ ਹੋਇਆ? ਸਮਾਂ ਗੁਜ਼ਰ ਗਿਆ, ਜਮ ਫੇਰ ਫੰਧਾ ਲੈ ਕੇ ਆ ਗਏ, ਗਲ ਵਿਚ ਪਾ ਲਿਆ; ਫੇਰ ਪਛਤਾਇਆ -

*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਪੰਨਾ - 134*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*
*ਪੰਨਾ - 464*

ਜੋ ਕੁਝ ਸੰਸਾਰ ਵਿਚ ਪਾਪਾਂ ਨਾਲ, ਮਾਇਆ ਇਕੱਠੀ ਕੀਤੀ ਸੀ, ਉਹ ਤੁਰਦਿਆਂ ਨਾਲ ਨਾ ਗਈ। ਮਾਇਆ ਦਾ ਮੋਹ ਪਰਲੋਕ ਵਿਚ ਵੀ ਇਸਨੂੰ ਜਲਾਉਂਦਾ ਹੈ। ਪਰ ਇਕਨਾਂ ਨੂੰ ਸੋਝੀ ਆ ਗਈ, ਉਸਨੇ ਸਤਿਪੁਰਸ਼ਾਂ, ਸਾਧੂਆਂ, ਸੰਤਾਂ, ਆਰਫਾਂ, ਪੀਰਾਂ, ਫਕੀਰਾਂ ਦੀ ਹੱਕ ਦੀ ਅਵਾਜ਼ ਸੁਣੀ ਅਤੇ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਕੀਤੀ; ਉਹ ਜਦੋਂ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ-ਧੰਨ ਹੁੰਦੀ ਹੈ, ਜੈ-ਜੈ ਕਾਰ ਹੁੰਦੀ ਹੈ। ਉਨ੍ਹਾਂ ਨੂੰ ਜਮਦੂਤ ਅਰੇ-ਅਰੇ ਨਹੀਂ ਕਹਿੰਦੇ, ਸਗੋਂ ਜਮ ਆਦਰ ਦਿੰਦੇ ਹਨ, ਸੇਵਾ ਕਰਦੇ ਹਨ -

*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਪੰਨਾ - 134*

ਸਾਧੂਆਂ ਦੀ ਸੰਗਤ ਕਰਕੇ ਕੀ ਮਿਲਿਆ ਤੇ ਕੀ ਘਾਲ ਕਮਾਈ ਕੀਤੀ -

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਇਹੁ ਵਾਪਾਰੁ ਵਿਰਲਾ ਵਾਪਾਰੈ॥*
*ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ - 283*

ਪਰ ਹੈਰਾਨੀ ਦੀ ਗੱਲ ਹੈ ਕਿ ਵਿਰਲੇ ਹੀ ਐਸੇ ਪੁਰਸ਼ ਹਨ ਜਿਹੜੇ ਅਵਾਜ਼-ਏ-ਹੱਕ ਨੂੰ ਸੁਣਦੇ ਹਨ ਅਤੇ ਦਰਗਾਹ ਲਈ ਪੂੰਜੀ ਬੰਨ੍ਹਦੇ ਹਨ, ਜਿਥੇ ਦੁਨੀਆਂ ਦੀ ਕੋਈ ਚੀਜ਼ ਨਾਲ ਨਹੀਂ ਜਾਂਦੀ ਅਤੇ ਨਾ ਹੀ ਦੁਨਿਆਵੀ ਰਿਸ਼ਤਿਆਂ ਵਿਚੋਂ ਕਿਸੇ ਦਾ ਹੱਥ ਉਥੇ ਅਪੜਦਾ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੇ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਪੰਨਾ - 264*

ਗੁਰੂ ਮਹਾਰਾਜ ਜੀ ਦੱਸਦੇ ਹਨ ਕਿ ਪਿਆਰਿਓ! ਅਰਦਾਸ ਕਰੋ ਉਸ ਦੁਨੀਆਂ ਦੇ ਮਾਲਕ ਅੱਗੇ ਜਿਸ ਤੋਂ ਤੁਸੀਂ ਹਉਮੈ ਦੇ ਅਧੀਨ ਹੋਏ ਵਖਰੇ ਹੋ ਚੁੱਕੇ ਹੋਂ। ਹਿਰਦੇ ਤੋਂ, ਬਾਰ-ਬਾਰ ਕਹੋ -

*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਪੰਨਾ - 134*

ਜਿਸ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸ ਗਿਆ, ਉਸ ਨੂੰ ਇਹ ਅਸਾੜ ਡਰਾਉਣਾ ਤੇ ਤਪਸ਼ ਭਰਿਆ ਨਹੀਂ ਲਗਦਾ, ਉਸਦੇ ਅੰਦਰ ਠੰਢਕ ਦਾ ਵਾਸ ਹੋ ਜਾਇਆ ਕਰਦਾ ਹੈ। ਮਨ ਦੀ ਸ਼ਾਂਤੀ ਐਨੀ ਵਧ ਜਾਂਦੀ ਹੈ ਕਿ ਉਹ ਸਦਾ ਅਨੰਦ ਵਿਚ ਰਹਿੰਦਾ ਹੈ ਅਤੇ ਅਸਾੜ ਦਾ ਮਹੀਨਾ ਹਰ ਤਰ੍ਹਾਂ ਦੇ ਨਾਲ ਉਸਨੂੰ ਸੁਹਾਵਣਾ ਲੱਗਣ ਲੱਗ ਜਾਂਦਾ ਹੈ, ਜਿਸ ਦੇ ਅੰਦਰ ਨਾਮ ਧੁਨ ਹੁੰਦੀ ਹੈ -

*ਅਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ॥ ਪੰਨਾ - 134*

# ਸੰਪਾਦਕੀ

ਜੂਨ ਦੇ ਮਹੀਨੇ ਗੁਰੂ ਅਰਜਨ ਦੇਵ ਜੀ (1563-1606) ਦੀ ਮਹਾਨ ਕੁਰਬਾਨੀ ਨੂੰ ਸੰਸਾਰ ਭਰ ਦੀਆਂ ਸੰਗਤਾਂ ਯਾਦ ਕਰਦੀਆਂ ਹਨ। ਨਿਰਸੰਦੇਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੱਚ, ਧਰਮ, ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਆਜ਼ਾਦੀ ਲਈ ਕੀਤਾ ਮਹਾਨ ਬਲੀਦਾਨ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਹਰ ਪ੍ਰਕਾਰ ਦੇ ਸੋਸ਼ਨ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਸਰਬ ਮਨੁੱਖਤਾ ਨੂੰ ਰੱਬੀ ਪਿਆਰ, ਪਰਸਪਰ ਸੁਹਿਰਦਤਾ ਤੇ ਭਾਈਚਾਰਕ ਸਾਂਝ ਵਿਚ ਰਹਿਣ ਦੀ ਰਹਿਨੁਮਾਈ ਕੀਤੀ। ਸਮਾਜ ਦੀ ਵਰਣਾਂ, ਆਸ਼ਰਮਾਂ ਵਿਚ ਵੰਡ, ਉਚ ਨੀਚ ਦੇ ਵੈਰ ਵਿਰੋਧ ਤੇ ਵਿਤਕਰੇ, ਹਿੰਦੂ ਮੁਸਲਮਾਨਾਂ ਦੀ ਆਪਸੀ ਨਫਰਤ, ਈਰਖਾ ਅਤੇ ਹੁਕਮਰਾਨ ਸ਼੍ਰੇਣੀ ਦੇ ਗਰੀਬ ਜਨਤਾ ਉਪਰ ਜ਼ੁਲਮ ਨੇ ਆਮ ਲੋਕ ਮਨਾਂ ਵਿਚ ਹੀਨ ਭਾਵਨਾਵਾਂ ਪੈਦਾ ਕਰ ਦਿਤੀਆਂ ਸਨ। ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਤਰਾ ਅਧਿਕਾਰੀ ਗੁਰੂ ਸਾਹਿਬਾਨ ਉਚੀ ਸੁਰਤਿ ਦੇ ਮਾਲਕ ਸਨ ਜੋ ਹਰ ਸਮੇਂ ਬ੍ਰਹਮਲੀਨ ਰਹਿੰਦੇ ਸਨ। ਗੁਰੂ ਸਾਹਿਬਾਨ 'ਭਈ ਗਿਲਾਨਿ ਜਗਤ ਵਿਚ' ਨੂੰ ਅੰਤ੍ਰੀਵ ਤੋਂ ਅਨੁਭਵ ਕਰਦੇ ਸਨ ਅਤੇ ਇਸ ਦੇ ਕਲਿਆਣ ਹਿਤ ਉਨ੍ਹਾਂ ਨੇ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਪੰਜਵੇਂ ਪਾਤਸ਼ਾਹ ਤਕ ਇਨ੍ਹਾਂ ਉਪਰਾਲਿਆਂ ਨੇ ਇਕ ਲਹਿਰ ਦਾ ਰੂਪ ਧਾਰਨ ਕਰ ਲਿਆ ਸੀ, ਸੱਚ ਧਰਮ, ਨਿਆਂ, ਬਰਾਬਰੀ, ਸ੍ਵੈਮਾਨ ਅਤੇ ਧਾਰਮਿਕ ਨਿਸ਼ਚਿਆਂ ਦੀ ਆਜ਼ਾਦੀ ਦੀ ਲਹਿਰ ਜੋ ਹਰ ਮਨੁੱਖ ਨੂੰ ਬਰਾਬਰ ਦਾ ਮਨੁੱਖ ਮੰਨ ਕੇ ਸ੍ਵੈਮਾਨ ਅਤੇ ਅਣਖ ਨਾਲ ਜੀਊਣ ਦਾ ਹੱਕ ਬਖਸ਼ਦੀ ਸੀ। ਅਮਲੀ ਤੌਰ ਤੇ ਇਸ ਸਾਂਝੀਵਾਲਤਾ ਦੇ ਪ੍ਰਤੀਕ ਸਨ - ਇਕ ਪ੍ਰਮਾਤਮਾ ਦੀ ਭਗਤੀ, ਬਿਨਾਂ ਕਿਸੇ ਵਿਤਕਰੇ ਤੋਂ ਸਭਨਾਂ ਲਈ ਸਾਂਝੀ ਸੰਗਤ, ਸਾਂਝੀ ਪੰਗਤ, ਸਾਂਝਾ ਲੰਗਰ, ਸਾਂਝੇ ਖੂਹ ਅਤੇ ਬਉਲੀਆਂ, ਸਾਂਝੇ ਧਰਮ ਅਸਥਾਨ (ਜਿਵੇਂ ਹਰਿਮੰਦਰ ਸਾਹਿਬ ਦਰਬਾਰ ਸਾਹਿਬ) ਜਿਥੇ ਬਿਨਾਂ ਵਿਤਕਰੇ ਸਭ ਨੂੰ ਜੀ ਆਇਆਂ ਕਿਹਾ ਗਿਆ, ਸਾਂਝਾ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਜਿਸ ਵਿਚ ਹਿੰਦੂ ਭਗਤ, ਮੁਸਲਮਾਨ ਫਕੀਰ ਅਤੇ ਸਿੱਖ ਗੁਰੂ ਸਾਹਿਬਾਨ ਨੇ ਮਿਲ ਕੇ ਇਕ ਪ੍ਰਭੂ ਪਿਆਰ ਦੇ ਸੋਹਿਲੇ ਗਾਇਨ ਕੀਤੇ। ਲੋਕ ਮਨਾਂ ਉਤੇ ਇਸ ਪਿਆਰ ਦੀ ਸਾਂਝ ਪਾਉਂਦੀ ਲਹਿਰ ਦਾ ਬਹੁਤ ਪ੍ਰਭਾਵ ਪਿਆ। ਅਕਬਰ ਵਰਗੇ ਨੇਕ ਬਾਦਸ਼ਾਹਾਂ ਨੂੰ ਇਹ ਚੰਗਾ ਲੱਗਿਆ ਪਰ ਤੁਅੱਸਬੀ ਮੁਲਾਂ ਮੁਲਾਣਿਆਂ ਅਤੇ ਜਹਾਂਗੀਰ ਵਰਗੇ ਤੰਗਦਿਲ ਤੁਅਸਬੀ ਹੁਕਮਰਾਨਾ ਨੂੰ ਇਹ ਲਹਿਰ ਖਤਰਾ ਜਾਪੀ। ਕੂੜ ਨੂੰ ਸੱਚ ਤੋਂ ਸਦਾ ਹੀ ਡਰ ਲਗਦਾ ਹੈ ਕਿਉਂਕਿ ਸੱਚ ਦੇ ਪ੍ਰਗਟਾਅ ਨਾਲ ਕੂੜ ਦੀ ਕੰਧ ਟੁੱਟ ਜਾਂਦੀ ਹੈ, ਅਨ੍ਹੇਰਾ ਚਾਨਣ ਤੋਂ ਸਦਾ ਹੀ ਭੈਭੀਤ ਹੁੰਦਾ ਰਹਿੰਦਾ ਹੈ ਕਿਉਂਕਿ ਚਾਨਣ ਦੇ ਪ੍ਰਕਾਸ਼ ਵਿਚ ਅਨ੍ਹੇਰੇ ਦੀ ਹੋਂਦ ਹੀ ਖਤਮ ਹੋ ਜਾਂਦੀ ਹੈ, (ਕੂੜ ਅਮਾਵਸ ਸੱਚ ਚੰਦਰਮਾ ਦੀਸੈ ਨਾਹੀ ਕਹਿ ਚੜ੍ਹਿਆ) ਅਗਿਆਨਤਾ ਗਿਆਨ ਦਾ ਪਾਸਾਰ ਨਹੀਂ ਚਾਹੁੰਦੀ ਕਿਉਂਕਿ ਅਗਿਆਨਤਾ ਗਿਆਨ ਦੇ ਮੂਹਰੇ ਟਿਕ ਨਹੀਂ ਸਕਦੀ। ਐਸੀ ਦਸ਼ਾ ਹੀ ਮੁਗਲਾਂ ਸਾਮ੍ਹਣੇ ਸਿੱਖ ਲਹਿਰ ਦੀ ਸੀ। ਇਹ ਸ਼ਹਾਦਤ ਗੁਰੂ ਅਰਜਨ ਦੇਵ ਜੀ ਦੀ ਇਕ ਵਿਅਕਤੀ ਦੀ ਸ਼ਹਾਦਤ ਨਹੀਂ ਸੀ ਸਗੋਂ ਨਿਆਂ ਅਤੇ ਨੇਕੀ ਦਾ ਪੈਗਾਮ ਦਿੰਦੀ ਸਿੱਖ ਲਹਿਰ ਨੂੰ ਖਤਮ ਕਰਨ ਦਾ ਕੋਝਾ ਉਪਰਾਲਾ ਸੀ। ਗੁਰੂ ਜੀ ਸ਼ਹੀਦ ਹੋ ਗਏ ਪਰ ਲਹਿਰ ਖਤਮ ਨਾ ਹੋਈ ਸਗੋਂ ਹੋਰ ਮਜ਼ਬੂਤ ਹੋਈ, ਸੰਤ ਸਰੂਪ ਗੁਰਸਿੱਖਾਂ ਨੇ ਸੰਤ-ਸਿਪਾਹੀ ਦਾ ਰੂਪ ਧਾਰ ਲਿਆ, ਪੀਰੀ ਦੇ ਸੰਗ ਮੀਰੀ ਵੀ ਆ ਬਿਰਾਜੀ, ਭਗਤੀ ਤੋਂ ਸ਼ਕਤੀ ਪੈਦਾ ਹੋਈ, ਦੇਗ ਦੇ ਨਾਲ ਤੇਗ ਦਾ ਨਿਰਮਾਣ ਹੋਇਆ ਅਤੇ ਮਨੁੱਖਤਾ ਦੇ ਇਤਿਹਾਸ ਨੇ ਇਕ ਨਵੀਂ ਪੁਲਾਂਘ ਪੁੱਟੀ।

ਆਪ ਜੀ ਦੀ ਸਰਬ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ ਜਿਸ ਦਾ ਸਰੂਪ 1601 ਤੋਂ 1604 ਤਕ ਤਿੰਨ ਸਾਲ ਦੀ ਕਰੜੀ ਘਾਲਣਾ, ਦੂਰ ਦ੍ਰਿਸ਼ਟਤਾ ਅਤੇ ਰੂਹਾਨੀ ਅਨੁਭਵ ਰਾਹੀਂ ਤਿਆਰ ਕੀਤਾ ਗਿਆ। ਇਸ ਵਿਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਵੱਖ ਵੱਖ ਜਾਤੀਆਂ ਅਤੇ ਵੱਖ ਵੱਖ ਇਲਾਕਿਆਂ ਦੇ ਪੰਦਰਾਂ ਸੰਤਾਂ ਭਗਤਾਂ, 11 ਭੱਟ ਆਚਾਰੀਆਂ ਦੀ ਰੂਹਾਨੀ ਰਹੱਸਵਾਦੀ ਬਾਣੀ ਇਕੱਤਰ ਕਰਕੇ 31 ਰਾਗਾਂ ਵਿਚ ਅਨੂਠੀ ਤਰਤੀਬ ਨਾਲ ਸ਼ਾਮਲ ਕੀਤਾ ਗਿਆ। ਇਹ ਕਾਰਜ ਭਾਈ ਗੁਰਦਾਸ ਜੀ ਨੇ ਅਤਿ ਸੂਝ, ਲਗਨ ਅਤੇ ਮਿਹਨਤ ਨਾਲ ਆਪਣੇ ਕਰ ਕਮਲਾਂ ਨਾਲ ਸੰਪੰਨ ਕੀਤਾ। ਇਸ ਆਦਿ ਗ੍ਰੰਥ ਬੀੜ ਦਾ ਪਹਿਲਾ ਪ੍ਰਕਾਸ਼ 14 ਅਗਸਤ 1604 ਨੂੰ ਹਰਿਮੰਦਰ ਸਾਹਿਬ ਕੀਤਾ ਗਿਆ ਅਤੇ ਗੁਰੂ ਜੀ ਨੇ ਫੁਰਮਾਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਦਾ ਰਿਦਾ ਹੈ ਜੋ ਹਰ ਥਾਂ, ਹਰ ਵੇਲੇ ਦੇਖਿਆ ਪੇਖਿਆ ਜਾ ਸਕਦਾ ਹੈ -

*ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥*
*ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥*
*ਪੰਨਾ - 1406*

*ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥*
*ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥*
*ਪੰਨਾ - 1408*

ਭੱਟ ਕਲ੍ਯਸਹਾਰਾ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸਖਸ਼ੀਅਤ ਦੈਵੀ ਗੁਣਾਂ ਨਾਲ ਸੰਪੰਨ ਸੀ। ਆਪ ਜੀ ਸ੍ਰੇਸ਼ਠ ਬੁੱਧਿ ਦੇ ਮਾਲਕ (ਬਿਮਲ ਬੁਧਿ), ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼, ਹਰੀ ਦਾ ਰੂਪ (ਆਜੋਨੀ ਸੰਭਵਿਅਉ) ਪਰਾਏ ਦੁਖ ਦੂਰ ਕਰਨ ਵਾਲੇ (ਪਰ ਦੁਖ ਨਿਵਾਰ), ਅਪਾਰ ਗਿਆਨ ਦਾ ਭੰਡਾਰ (ਅਪਾਰੁਅਨੰਭਉ) ਭਰਮ ਅਤੇ ਭਟਕਣਾ ਨੂੰ ਦੂਰ ਕਰਨ

(ਬਾਕੀ ਪੰਨਾ 63 ਤੇ)

# ਸ਼ਹੀਦਾਂ ਦੇ ਸਿਰਤਾਜ

## (ਸ੍ਰੀ ਗੁਰੂ ਅਰਜਨ ਦੇਵ ਜੀ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥*
*ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥*
*ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥*
*ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥ ਅੰਗ - 894*

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ॥*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥*
*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਜੇਠ ਸੁਦੀ ਚੌਥ ਜਦੋਂ ਕਿ ਗਰਮੀ ਆਪਣੇ ਪੂਰੇ ਜ਼ੋਰਾਂ ਤੇ ਹੁੰਦੀ ਹੈ, ਤਕਰੀਬਨ 44 ਡਿਗਰੀ ਗਰਮੀ ਚਲ ਰਹੀ ਹੈ, ਸ਼ਾਮਿਆਨੇ ਲੱਗੇ ਹੋਏ ਨੇ ਤੇ ਇਨ੍ਹਾਂ ਦੇ ਨਾਲ ਹੋਰ ਗਰਮੀ ਵਧ ਜਾਂਦੀ ਹੈ, ਸੋ ਆਪ ਸਾਰੇ ਤਪ ਕਰ ਰਹੇ ਹੋ - ਸਹਿਜ ਤਪ। ਗੁਰੂ ਮਹਾਰਾਜ ਦੀ ਯਾਦ ਦੇ ਅੰਦਰ ਬੈਠੇ, ਦੂਰ-ਦੂਰ ਤੋਂ ਸ਼ਰਧਾ ਧਾਰ ਕੇ ਅਸਥਾਨ ਤੇ ਪਹੁੰਚੇ ਓਂ, ਉਹ ਗੁਰੂ ਜਿਸ ਦੇ ਬਾਰੇ ਫੁਰਮਾਨ ਹੋਇਐ ਕਿ 'ਸਤਿਗੁਰੂ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।' ਜਿਹਦੀ ਕਿਰਿਆ ਦੀ ਕੋਈ ਅਗੰਮਤਾ ਹੀ ਨਾ ਹੋਵੇ, ਆਦਮੀ ਜਾਣ ਨਾ ਸਕੇ, ਅਨੁਮਾਨ ਨਾ ਲਾ ਸਕੇ। ਜਿਹੜੇ ਆਮ ਆਦਮੀ ਨੇ ਉਹਨੂੰ ਆਮ ਆਦਮੀ ਸਮਝ ਕੇ ਗੱਲ ਕਰਨ, ਸ਼ਰਧਾ ਵਾਲੇ ਉਹਨੂੰ ਸ਼ਰਧਾ ਧਾਰ ਕੇ ਗੱਲ ਕਰਨ, ਜਿਹੜੇ ਉਸ ਵਿਚ ਸ਼ਕਤੀਆਂ ਮੰਨਦੇ ਨੇ ਉਹ ਉਸ ਨੂੰ ਸ਼ਕਤੀਆਂ ਵਾਲਾ ਜਾਣ ਕੇ ਗੱਲ ਕਰਨ। ਜਿਹੜੇ ਉਚੇ ਮੰਡਲਾਂ ਦੇ ਦੇਵੀ ਦੇਵਤਾ, ਸਾਧੂ ਮਹਾਤਮਾ ਨੇ ਉਹ ਉਨ੍ਹਾਂ ਨੂੰ ਹੋਰ ਬਹੁਤ ਉਚਾ ਜਾਣ ਕੇ ਹੋਰ ਤਰ੍ਹਾਂ ਦੀ ਗੱਲ ਕਰਨ। ਸੋ ਐਸੀ ਜੋ ਕਿਰਿਆ ਹੋਇਆ ਕਰਦੀ ਹੈ ਉਹ ਸਤਿਗੁਰੂ ਦੀ ਹੋਇਆ ਕਰਦੀ ਹੈ, ਕਿਸੇ ਦੀ ਸਮਝ ਵਿਚ ਨਹੀਂ ਆਇਆ ਕਰਦੀ। ਅਗੰਮ ਹੋਇਆ ਕਰਦੀ ਹੈ, ਗਮਤਾ ਤੋਂ ਬਾਹਰ। ਅੰਦਾਜ਼ੇ ਆਪਣੇ-ਆਪਣੇ ਹੋਇਆ ਕਰਦੇ ਨੇ ਲੇਕਿਨ ਅਸੀਂ ਉਨ੍ਹਾਂ ਦੇ ਜੀਵਨ ਨੂੰ ਆਪਣੇ ਹਿਸਾਬ ਨਾਲ, ਆਪਣੀ ਬੁੱਧੀ ਨਾਲ, ਆਪਣੇ ਨਿਹਚਿਆਂ ਨਾਲ ਮਾਪਣ ਦਾ ਯਤਨ ਕਰਦੇ ਹਾਂ। ਲੇਕਿਨ ਉਹ ਇਸ ਤੋਂ ਕਿਤੇ ਵੱਧ ਹੁੰਦੇ ਨੇ, ਕੁਝ ਨਹੀਂ ਪਤਾ ਲਗਦਾ ਉਨ੍ਹਾਂ ਦੇ ਬਾਰੇ ਕਿ ਕੀ ਹੁੰਦਾ ਹੈ, ਕੀ ਨਹੀਂ ਹੁੰਦਾ। ਜਿਹੋ ਜਿਹੀ ਪ੍ਰਮੇਸ਼ਰ ਨੇ ਕਿਸੇ ਨੂੰ ਬੁੱਧੀ ਦਿਤੀ ਹੈ ਉਹ ਉਸ ਤਰ੍ਹਾਂ ਦੀ ਹੀ ਗੱਲ ਕਰਦੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ, ਆਪ ਜੀ ਜਦ ਤੋਂ ਗੁਰਿਆਈ ਸੰਭਾਲਦੇ ਨੇ, ਉਸ ਤੋਂ ਵੀ ਪਹਿਲਾਂ ਸਾਰਾ ਹੀ ਜੀਵਨ, ਭਾਵੇਂ ਗ੍ਰਹਿਸਤੀ ਜੀਵਨ ਹੈ ਪਰ ਚੈਨ ਦਾ ਜੀਵਨ ਨਹੀਂ ਹੈ, ਬੜੇ ਭਾਰੇ ਸੰਘਰਸ਼ ਵਿਚੋਂ ਲੰਘਿਐ। ਇਕ ਪਾਸੇ ਉਨ੍ਹਾਂ ਦੇ ਨਿਹਚੇ ਸੀ ਕਿ -

*ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥*
*ਅੰਗ - 322*

ਕਿਸੇ ਨੂੰ ਦੁੱਖ ਨਹੀਂ ਦੇਣਾ, ਕਿਸੇ ਨਾਲ ਵੈਰ ਨਹੀਂ ਕਰਨਾ, ਕਿਸੇ ਦਾ ਬੁਰਾ ਨਹੀਂ ਕਰਨਾ। ਜਦ ਕਰਨੈ ਭਲਾ ਹੀ ਕਰਨੈ, ਕਿੰਨਾ ਹੀ ਵੱਡਾ ਦੁਸ਼ਮਣ ਕਿਉਂ ਨਾ ਹੋਵੇ, ਉਨ੍ਹਾਂ ਨੇ ਭਲਾ ਹੀ ਕਰਨੈ। ਕਿਉਂਕਿ ਸੁਭਾਵ ਹੋਇਆ ਕਰਦੈ

ਮਹਾਂਪੁਰਸ਼ਾਂ ਦਾ। ਦੁਸ਼ਟ ਆਤਮਾ ਦਾ ਸੁਭਾਅ ਆਪਣਾ ਹੁੰਦੈ, ਗੁਰਮੁਖ ਆਤਮਾ ਦਾ ਸੁਭਾਅ ਆਪਣਾ ਹੁੰਦੈ, ਇਹ ਜਦੋਂ ਦੋਹਾਂ ਦਾ ਇਕੱਠ ਹੋ ਜਾਏ, ਫੇਰ ਬੜਾ ਮੁਸ਼ਕਲ ਹੁੰਦੈ ਉਸ ਵੇਲੇ। ਉਹ ਆਪਣੇ ਅਸੂਲ ਤੇ ਕਾਇਮ ਹੈ, ਉਹ ਆਪਣੇ ਤੇ ਕਾਇਮ ਹੈ।

ਇਕ ਵਾਰੀ ਸੁਕਦੇਵ ਮੁਨੀ ਜਾ ਰਹੇ ਸੀ। ਇਕ ਛੋਟੀ ਜਿਹੀ ਛੱਪੜੀ ਸੀ। ਆਪ ਦੇ ਮਨ ਵਿਚ ਆਇਆ ਕਿ ਮੈਂ ਮੂੰਹ ਹੱਥ ਧੋ ਲਵਾਂ, ਕੁਰਲਾ ਵਗੈਰਾ ਕਰ ਲਵਾਂ, ਗਰਮੀ ਬਹੁਤ ਸੀ। ਆਪ ਉਥੇ ਜਾਂਦੇ ਨੇ ਤਾਂ ਵੱਟ ਪਏ ਹੋਏ ਨੇ, ਉਸ ਵੇਲੇ ਆਪ ਨੇ ਜਾ ਕੇ ਉਂਜਲ ਭਰਿਆ ਤਾਂ ਕੀ ਦੇਖਦੇ ਨੇ, ਇਕ ਜੀਵ ਉਸ ਦੇ ਵਿਚ ਪਿਆ ਹੋਇਆ ਡੁੱਬ ਰਿਹੈ ਤੇ ਤਰਨ ਦਾ ਕਰ ਰਿਹੈ। ਕੰਢੇ ਤੇ ਆਉਂਦੈ, ਨਿਕਲ ਨਹੀਂ ਸਕਦਾ, ਫੇਰ ਡੁੱਬ ਜਾਂਦੈ। ਪਛਾਣ ਲਿਆ ਕਿ ਇਹ ਬਿੱਛੂ ਹੈ, ਆਪਣੇ ਆਪ ਨੂੰ ਵੀ ਪਛਾਣਿਆ ਕਿ ਪਰਉਪਕਾਰ ਕਰਨਾ ਮੇਰਾ ਪਰਮ ਧਰਮ ਹੈ। ਕਿਸੇ ਦੀ ਜਾਨ ਬਚਾਉਣਾ ਮੇਰਾ ਪਰਮ ਧਰਮ ਹੈ, ਚਾਹੇ ਬਿੱਛੂ ਹੀ ਕਿਉਂ ਨਾ ਹੋਵੇ। ਉਸ ਵੇਲੇ ਆਪ ਨੇ ਉਂਗਲੀ ਕਰ ਦਿਤੀ, ਉਹ ਅਧਮੋਇਆ, ਬੇਹੋਸ਼ ਹੋਇਆ ਬਿੱਛੂ ਉਂਗਲੀ ਮਿਲਣ ਦੇ ਨਾਲ, ਉਹਨੇ ਦੋ ਲੱਤਾਂ ਦੇ ਨਾਲ ਉਂਗਲੀ ਫੜ ਲਈ ਤੇ ਜਿਸ ਵਕਤ ਬਾਹਰ ਕੱਢਦੇ ਹੋਸ਼ ਆਈ ਉਸ ਨੂੰ, ਦੇਖਿਆ ਕਿ ਇਹ ਤਾਂ ਮਨੁੱਖ ਹੈ ਉਸੇ ਵੇਲੇ ਡੰਗ ਮਾਰਿਆ। ਅਜੇ ਛੱਪੜੀ ਤੋਂ ਉਰ੍ਹੇ ਹੱਥ ਨਹੀਂ ਸੀ ਹੋਇਆ, ਹੱਥ ਕੰਬਿਆ ਮੁੜ ਕੇ ਫੇਰ ਗਿਰ ਗਿਆ। ਉਸੇ ਤਰ੍ਹਾਂ ਫੇਰ ਹੋਇਆ, ਫੇਰ ਮਹਾਤਮਾ ਨੂੰ ਤਰਸ ਆਇਆ। ਦੂਸਰੀ ਉਂਗਲੀ ਕਰੀ ਜਦੋਂ ਹੋਸ਼ ਆਈ, ਤਾਂ ਪਤਾ ਲਗਿਆ ਕਿ ਇਹ ਤਾਂ ਮਨੁੱਖ ਦਾ ਹੱਥ ਹੈ, ਉਸੇ ਵੇਲੇ ਫੇਰ ਡੰਗ ਮਾਰਿਆ। ਏਸੇ ਤਰ੍ਹਾਂ ਦਸਾਂ ਹੀ ਉਂਗਲੀਆਂ ਤੇ ਡੰਗ ਮਾਰਿਆ। ਪੀੜ ਹੋ ਰਹੀ ਹੈ ਬਹੁਤ ਜ਼ਿਆਦਾ, ਜ਼ਹਿਰ ਚੜ੍ਹ ਰਹੀ ਹੈ। ਐਨੇ ਨੂੰ ਕੋਈ ਭਲਾ ਪੁਰਸ਼ ਆ ਗਿਆ ਕਹਿਣ ਲੱਗਿਆ, "ਸੰਤ ਜੀ! ਤੁਸੀਂ ਇਹਨੂੰ ਕੱਢਦੇ ਓਂ ਤੇ ਤੁਹਾਡੇ ਇਹ ਡੰਗ ਮਾਰਦੈ, ਹੁਣ ਤਾਂ ਦੱਸਾਂ ਹੀ ਉਂਗਲੀਆਂ ਤੇ ਮਾਰ ਲਏ, ਅਗੂੰਠੇ ਸਮੇਤ, ਹੁਣ ਕਿਹੜਾ ਥਾਉਂ ਬਚਿਐ ਜਿਥੇ ਹੁਣ ਇਹ ਡੰਗ ਮਾਰੇਗਾ, ਇਹਨੇ ਤਾਂ ਡੰਗ ਮਾਰੀ ਜਾਣੈ।" ਕਹਿਣ ਲੱਗੇ, "ਪ੍ਰੇਮੀਆਂ! ਦੇਖ, ਇਹ ਜੀਵ ਹੈ ਇਸ ਨੂੰ ਸੋਝੀ ਨਹੀਂ ਦਿਤੀ ਪ੍ਰਮੇਸ਼ਰ ਨੇ, ਇਹ ਨੂੰ ਨਹੀਂ ਪਤਾ ਕਿ ਇਹ ਮੈਨੂੰ ਬਚਾ ਰਿਹੈ, ਮੇਰੀ ਰਾਖੀ ਕਰ ਰਿਹੈ, ਪਰ ਮੈਨੂੰ ਪ੍ਰਮੇਸ਼ਰ ਨੇ ਸੋਝੀ ਦਿਤੀ ਹੋਈ ਐ ਕਿ ਨੇਕੀ ਕਰਨੀ ਐ। ਸੋ ਜਦ ਇਹ ਪਸ਼ੂ ਬਿਰਤੀ 'ਚ ਹੋ ਕੇ ਆਪਣਾ ਸੁਭਾਅ ਨਹੀਂ ਛੱਡਦਾ – ਡੰਗ ਮਾਰਨ ਦਾ। ਫੇਰ ਮੈਂ ਮਨੁੱਖ ਹੋ ਕੇ ਕਿਵੇਂ ਆਪਣਾ ਸੁਭਾਅ ਛੱਡ ਦੇਵਾਂ। ਗੱਲ ਤੁਰੀ ਆਉਂਦੀ ਐ, ਕਿੰਨਿਆਂ ਦੇ ਮਨਾਂ ਦੇ ਵਿਚ ਕੀ ਕੀ ਖਿਆਲ ਆਉਂਦੇ ਨੇ, ਕਿੰਨਿਆਂ ਦੇ ਮਨਾਂ ਵਿਚ ਪ੍ਰੇਰਨਾ ਦਿੰਦੀ ਹੈ, ਆਪਣੀ ਆਪਣੀ ਬਿਰਤੀ ਤੇ ਆਪਣੀ ਆਪਣੀ ਸਥਿਤੀ ਦੇ ਮੁਤਾਬਿਕ ਗੱਲ ਚਲਦੀ ਹੈ।

ਸੋ ਦ੍ਰਿਸ਼ਟੀ 'ਚ ਫਰਕ ਹੋਇਐ ਕਰਦੈ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ, ਆਪ ਅਜੇ ਛੋਟੀ ਉਮਰ ਦੇ ਨੇ, 17 ਸਾਲ ਦੇ। ਉਸ ਵੇਲੇ ਪ੍ਰਿਥੀ ਚੰਦ ਚਾਲਾਂ ਚਲਦੈ ਕਿ ਗੱਦੀ ਤੇ ਮੈਂ ਬੈਠਾਂ, ਇਹ ਨਾ ਬੈਠਣ। ਲੇਕਿਨ ਗੁਰੂ ਰਾਮਦਾਸ ਮਹਾਰਾਜ ਪਰਖ ਲੈਣ ਤੋਂ ਬਾਅਦ, ਕਸਵੱਟੀ ਤੇ ਲਾ ਕੇ ਗੁਰਿਆਈ ਇਨ੍ਹਾਂ ਨੂੰ ਦੇ ਦਿੰਦੇ ਨੇ। ਜਿਸ ਵਕਤ ਗੁਰਿਆਈ ਦਿਤੀ ਪ੍ਰਿਥੀ ਚੰਦ ਦੀ ਉਮਰ ਗੁਰੂ ਮਹਾਰਾਜ ਤੋਂ ਵੱਡੀ ਐ, ਤੇ ਆਪ ਛੋਟੇ ਨੇ। ਇਹ ਸਾਰੇ ਕਾਰੋਬਾਰ ਨੂੰ ਸੰਭਾਲਦੈ, ਜਿੰਨੀਆਂ ਸੰਗਤਾਂ ਮੁਖੀ ਆਉਂਦੇ ਨੇ, ਅਮੀਰ ਆਉਂਦੇ ਨੇ, ਅਫਸਰ ਆਉਂਦੇ ਨੇ, ਰਾਜਸੀ ਕਰਮਚਾਰੀ ਆਉਂਦੇ ਨੇ, ਸਭ ਨੂੰ ਸੰਭਾਲਦਾ ਹੀ ਨਹੀਂ ਹੈ, ਨਾਲ ਮਿਤਰਤਾ ਵੀ ਗੰਢਦਾ ਜਾਂਦੈ। ਰਾਜਸੀ ਸ਼ਕਤੀ ਹਾਸਲ ਕਰਦਾ ਜਾ ਰਿਹੈ। ਮਸੰਦਾਂ ਨੂੰ ਗੱਠ ਰਿਹੈ, ਪਹਿਲਾਂ ਤੋਂ ਹੀ ਵਿਉਂਤ ਬਣਾਈ ਹੋਈ ਹੈ ਕਿ ਮੈਂ ਐਸ ਤਰ੍ਹਾਂ ਦੇ ਨਾਲ ਗੱਦੀ ਹਾਸਲ ਕਰਕੇ ਐਂ ਕਰਾਂਗਾ। ਅਧਿਕਾਰੀ ਹੈ ਨਹੀਂ। ਅਧਿਕਾਰੀ ਦੇਖ ਕੇ ਗੁਰੂ ਮਹਾਰਾਜ ਨੇ, ਭੋਲੇ ਭਾਲੇ ਜੋ ਦੁਨੀਆਂ ਤੋਂ ਬਿਲਕੁਲ ਨਿਰਲੇਪ ਸੀਗੇ, ਸਭ ਕੁਝ ਜਾਣਦੇ ਹੋਏ ਵੀ ਅੱਡ ਰਹਿੰਦੇ ਸੀ, ਉਨ੍ਹਾਂ ਨੂੰ ਗੁਰਿਆਈ ਦੇ ਦਿਤੀ। ਗੁਰਿਆਈ ਦੇਣ ਵੇਲੇ ਇਸ ਨੇ ਇਕ ਗੱਲ ਕਹੀ ਗੁਰੂ ਰਾਮਦਾਸ ਪਾਤਸ਼ਾਹ ਨੂੰ ਕਹਿੰਦਾ, ਦੇਖੋ ਮੇਰਾ ਹੱਕ ਮਾਰ ਦਿਤਾ ਤੁਸੀਂ। ਪਰ ਮੇਰਾ ਨਾਉਂ ਪ੍ਰਿਥੀ ਚੰਦ ਐ, ਯਾਦ ਰੱਖੋ ਕਿ ਜੇ ਮੈਂ ਇਸ ਨੂੰ ਇਕ ਦਿਨ ਵੀ ਚੈਨ ਨਾਲ ਰਹਿਣ ਦੇ ਦੇਵਾਂ। ਭਰਾ ਬਾਹਵਾਂ ਹੁੰਦੀਐਂ, ਲੇਕਿਨ ਇਹ ਭਰਾ ਬਾਂਹ ਦੀ ਥਾਂ ਤੇ ਦੁਸ਼ਮਣ ਸੀ ਪੂਰਾ। ਘਰ ਦੀ ਦੁਸ਼ਮਣੀ ਉਸ ਵੇਲੇ ਤੋਂ ਸ਼ੁਰੂ ਹੋਈ। ਬੜੀ ਦੇਰ ਤਕ ਉਲਾਦ ਨਹੀਂ ਹੋਈ। ਜਿਸ ਵਕਤ ਬਾਬਾ ਬੁੱਢਾ ਜੀ ਦੇ ਵਰ ਦੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਗਟ ਹੋਣ ਵਾਲੇ ਸੀ, ਉਸ ਵੇਲੇ ਇਸ ਨੇ ਇਕ ਜਾਦੂਗਰ ਨੂੰ ਪੈਸੇ ਦਿਤੇ, ਇਕ ਜੋਗੀ ਨੂੰ ਪੈਸੇ ਦਿਤੇ ਕਿ ਜਿੰਨੇ ਪੈਸੇ ਤੂੰ ਮੰਗੇਂਗਾ, ਓਨੇ ਪੈਸੇ ਲੈ ਲੈ ਪਰ ਇਹ ਗਰਭ ਜਿਹੜਾ ਹੈ ਇਹ ਸਿਰੇ ਨਾ ਚੜ੍ਹੇ। ਜਾਦੂਗਰ ਸੀ, ਨਾਟਕ ਚੇਟਕ ਕਰਦਾ ਸੀ, ਉਸ ਨੇ ਇਕ ਮੁੱਠ ਚਲਾਈ ਲੇਕਿਨ ਗੁਰੂ ਮਹਾਰਾਜ ਦੀ ਕ੍ਰਿਪਾ –

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੂ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*
*ਸ੍ਵਯੇ ਪਾਤਸ਼ਾਹੀ ੧੦*

ਰਾਖੀ ਕਰੀ, ਉਹ ਮੁੱਠ ਮੁੜ ਆਉਂਦੀ ਹੈ, ਤੇ ਉਸੇ ਜੋਗੀ ਤੇ ਗਿਰ ਜਾਂਦੀ ਹੈ ਤੇ ਉਹ ਮਰ ਜਾਂਦੈ। ਉਸ ਤੋਂ ਬਾਅਦ ਉਸ ਨੇ ਦਾਈ ਨੂੰ ਪੈਸੇ ਦਿਤੇ ਕਿ ਤੂੰ ਉਸ ਦਾ ਮੂੰਹ ਆਪਣੇ ਥਣਾਂ ਨਾਲ ਲਵਾ ਦੇ। ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਨੂੰ ਮਾਰਨ ਵਾਸਤੇ ਗਈ ਸੀ। ਇਸੇ ਤਰ੍ਹਾਂ ਦੇ ਨਾਲ ਹੂ-ਬ-ਹੂ ਗੁਰੂ ਮਹਾਰਾਜ ਨੂੰ ਜਾ ਕੇ ਗੋਦੀ ਲੈਂਦੀ ਐ, ਪੱਲਾ ਕਰਕੇ ਮੂੰਹ ਲਵਾਉਣ ਦਾ ਜਤਨ ਕਰਦੀ ਐ। ਆਪ ਲੈਂਦੇ ਨਹੀਂ, ਆਪ ਨੇ ਹੱਥ ਨਾਲ ਐਨੇ ਜ਼ੋਰ ਨਾਲ ਦੁੱਧ ਘੁੱਟ ਦਿਤਾ ਕਿ ਉਹਦੇ ਪ੍ਰਾਣ ਹੀ ਕੱਢ ਦਿਤੇ। ਪਿਛਲੇ ਜਨਮ ਦੀ ਸਰਾਪੀ ਹੋਈ ਗੁਰੂ ਮਹਾਰਾਜ ਦੇ ਕੋਲ ਉਸਤਤ ਕਰਦੀ ਜਾਂਦੀ ਹੈ, ਪਾਤਸ਼ਾਹ! ਮੈਨੂੰ ਬਖਸ਼ ਲਿਆ। ਸੋ ਕੌਤਕ ਆਪ ਨੇ ਜਦ ਤੋਂ ਸ਼ੁਰੂ ਕਰ ਦਿਤੇ। ਉਸ ਤੋਂ ਬਾਅਦ ਇਕ ਸੱਪ ਛੁਡਾ ਦਿਤਾ ਪੈਸੇ ਦੇ ਕੇ, ਬੜਾ ਹੀ ਜ਼ਹਿਰੀਲਾ ਨਾਗ ਗੁਰੂ ਮਹਾਰਾਜ ਵਲ ਨੂੰ ਸਿੱਧਾ ਹੀ ਜਾਂਦੈ, ਜਾ ਕੇ ਡੰਗ ਮਾਰਨ ਦੀ ਕੋਸ਼ਿਸ਼ ਕਰਦੈ, ਆਪ ਨੇ ਉਹਦਾ ਫਣ ਫੜ ਲਿਆ, ਐਨੇ ਜ਼ੋਰ ਦੀ ਘੁਟਿਆ ਤੇ ਫੜ ਕੇ ਧਰਤੀ ਨਾਲ ਮਾਰਿਆ। ਅਜੇ ਰੁੜਦੇ ਨੇ, ਤੁਰਦੇ ਨਹੀਂ ਸੀ, ਰੁੜ੍ਹਨ ਵੇਲੇ ਦੀ ਗੱਲ ਐ। ਸਿਰੀ ਘਸਾ ਘਸਾ ਕੇ ਸੱਪ ਮਾਰ ਦਿਤਾ। ਸਭ ਹੈਰਾਨ ਹੋ ਗਏ, ਸਪੇਰਾ ਫੜ ਲਿਆ ਗਿਆ, ਉਸ ਦੱਸਿਆ ਕਿ ਮੈਨੂੰ ਤਾਂ ਪ੍ਰਿਥੀ ਚੰਦ ਨੇ ਪੈਸੇ ਦਿਤੇ ਸੀ।

ਇਥੇ ਹੀ ਆ ਕੇ ਬੱਸ ਨਹੀਂ ਕਰੀ। ਇਕ ਦੁਨੀਚੰਦ ਪੰਡਤ ਘਲਾਵਾ ਸੀ ਗੁਰੂ ਸਾਹਿਬ ਦਾ। ਉਸ ਨੂੰ ਉਸ ਵੇਲੇ ਦਾ 500 ਰੁਪਿਆ ਦਿਤਾ ਕਿ ਦਹੀਂ ਖਾਂਦੇ ਨੇ ਇਹ, ਦਹੀਂ 'ਚ ਐਹ ਜ਼ਹਿਰ ਪਾ ਦੇ, ਸਾਈਨਾਈਟ ਵਾਂਗ ਜ਼ਰਾ ਕੁ ਛੋਹੀ ਗਈ, ਉਸ ਵੇਲੇ ਹੀ ਚੜ੍ਹਾਈ ਕਰ ਜਾਊ। ਆਹ ਪੰਜ ਸੌ ਰੁਪਿਆ ਹੁਣ ਲੈ ਜਾ, ਬਾਕੀ ਫੇਰ ਜਿੰਨੇ ਮੂੰਹ ਮੰਗੇਂਗਾ ਹੋਰ ਲੈ ਜਾਈਂ। ਦਹੀਂ ਖਲਾਉਣ ਦੇ ਬਹਾਨੇ ਸਾਹਿਬਜ਼ਾਦਾ ਜੀ ਨੂੰ ਗੋਦੀ ਚੁੱਕ ਲਿਆ, ਉਹ ਖਾਂਦੇ ਨਹੀਂ, ਉਹ ਜ਼ੋਰ ਨਾਲ ਚਮਚੇ ਨਾਲ ਮੂੰਹ 'ਚ ਪਾਉਣਾ ਚਾਹੁੰਦੈ। ਰੌਲਾ ਸੁਣ ਕੇ ਮਹਾਰਾਜ ਜੀ ਆ ਜਾਂਦੇ ਨੇ, ਮਾਤਾ ਜੀ ਆ ਜਾਂਦੇ ਨੇ, ਕਹਿਣ ਲੱਗੇ ਕਿਉਂ ਜ਼ਬਰਦਸਤੀ ਕਰਦੈਂ? ਉਹ ਜ਼ਬਰਦਸਤੀ ਕਰਦੈ। ਮਹਾਰਾਜ ਹੱਥ ਮਾਰ ਕੇ ਪਰ੍ਹੇ ਕਰ ਦਿੰਦੇ ਨੇ। ਦਹੀਂ ਡੁੱਲ੍ਹ ਜਾਂਦੈ, ਉਛਲ ਕੇ ਗਿਰ ਜਾਂਦੈ ਤੇ ਇਕ ਕੁੱਤਾ ਆ ਕੇ ਚੱਟਣ ਲਗ ਜਾਂਦੈ, ਦੇਖਦੇ ਸਾਰ ਹੀ ਉਹ ਕੁੱਤਾ ਲੋਟਪੋਟ ਹੋ ਗਿਆ, ਟੱਚ ਕਰਦੇ ਸਾਰ ਜੀਭ ਤੇ। ਪੰਡਤ ਨੂੰ ਪੁਛਿਆ ਗਿਆ ਇਹ ਕੀ ਕੀਤਾ ਤੂੰ? ਦੱਸ ਦਿਤਾ ਉਸ ਨੇ ਕਿ ਮੈਨੂੰ ਪੰਜ ਸੌ ਰੁਪਿਆ ਦਿਤਾ ਹੈ ਉਸ ਨੇ ਤੇ ਹੋਰ ਦੇਣ ਦਾ ਵਾਇਦਾ ਕੀਤਾ ਹੈ। ਕਿਉਂਕਿ ਜਿਹੜਾ ਮਾੜਾ ਬੰਦੈ ਉਸ ਤੋਂ ਜਿੰਨਾ ਜੀਅ ਕਰਦੈ ਪੈਸੇ ਦੇ ਲਾਲਚ 'ਚ ਕੰਮ ਕਰਾ ਲਓ। ਸੋ ਉਸ ਵੇਲੇ ਕੁਦਰਤ ਦਾ ਇਨਸਾਫ ਚਲਦੈ। ਗੁਰੂ ਮਹਾਰਾਜ ਉਸ ਨੂੰ ਕੁਛ ਨਹੀਂ ਕਹਿੰਦੇ, ਕੁੱਟਦੇ ਨਹੀਂ, ਮਾਰਦੇ ਨਹੀਂ। ਕਹਿੰਦੇ ਚੰਗਾ, ਤੂੰ ਮਾੜੀ ਗੱਲ ਕਰੀ। ਥੋੜ੍ਹੀ ਦੇਰ ਬਾਅਦ ਲਿਟਣ ਲਗ ਜਾਂਦੈ ਧਰਤੀ ਤੇ। ਪੇਟ ਵਿਚ ਸੂਲ ਹੁੰਦੈ, ਉਹਦੇ ਨਾਲ ਸਾਰੀ ਸੰਗਤ ਦੇ ਸਾਮ੍ਹਣੇ ਜਾਨ ਦਿੰਦੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਐਸ ਤਰ੍ਹਾਂ ਨਾਲ ਸ਼ਬਦ ਉਚਾਰਨ ਕੀਤਾ -

*ਧਾਰਨਾ - ਪਾਪੀ ਪਚ ਕੇ ਮਰਿਆ ਜੀ,*
*ਹਰਿ ਜਨ ਰਾਖੇ ਆਪ ਹਰੀ ਨੇ।*

*ਲੇਪੁ ਨ ਲਾਗੋ ਤਿਲ ਕਾ ਮੂਲਿ॥*
*ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥*

*ਅੰਗ - 1137*

ਉਹ ਨੂੰ ਵੀ ਮਾਰਿਆ ਨਹੀਂ, ਕੁੱਟਿਆ ਨਹੀਂ, ਛੱਡ ਦਿਤਾ ਆਪਣੇ ਪਾਪ ਦਾ ਕਰਮ ਆਪੇ ਭੁਗਤ ਲਏਗਾ। ਏਥੇ ਇਨ੍ਹਾਂ ਗੱਲਾਂ ਤੋਂ ਗੁਰੂ ਮਹਾਰਾਜ ਦੇ ਸੁਭਾਅ ਦਾ ਪਤਾ ਲਗਦੈ। ਕੋਈ ਵਾਰ ਨਹੀਂ ਕਰਿਆ ਪਰਤਵਾਂ। ਮਾਤਾ ਜੀ ਕਈ ਵਾਰੀ ਸ਼ੰਕਾ ਕਰਦੇ ਨੇ ਕਿ ਸਾਹਿਬਜ਼ਾਦਾ ਜੀ ਦਾ ਨੁਕਸਾਨ ਕਰ ਦਏਗਾ ਪ੍ਰਿਥੀ ਚੰਦ। ਕਹਿੰਦੇ ਨਾ, ਜਿਹਦਾ ਰਾਖਾ ਵਾਹਿਗੁਰੂ ਹੋ ਜਾਏ, ਉਹ ਨੂੰ ਕੋਈ ਨਹੀਂ ਮਾਰ ਸਕਿਆ ਕਰਦਾ। ਉਹਦੀ ਕਦੇ ਹਾਰ ਨਹੀਂ ਹੋਇਆ ਕਰਦੀ, ਉਹਦੀ ਸਦਾ ਜਿੱਤ ਹੋਇਆ ਕਰਦੀ ਐ। ਜਿਹਦਾ ਰਾਖਾ ਪ੍ਰਭੂ ਹੋਵੇ -

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥*

*ਅੰਗ - 749*

ਜਿਹਦੇ ਸਿਰ ਦੇ ਉਤੇ ਉਹਦਾ ਹੱਥ ਹੋ ਜਾਵੇ, ਉਹ ਦੁਖ ਨਹੀਂ ਪਾ ਸਕਿਆ ਕਰਦਾ। ਸੋ ਕਹਿਣ ਲੱਗੇ, "ਇਸ ਤਰ੍ਹਾਂ ਦਾ ਸੁਭਾਅ ਮਹਾਰਾਜ ਦਾ ਪ੍ਰਗਟ ਹੁੰਦੈ ਸਾਖੀਆਂ ਤੋਂ ਅਤੇ ਬਾਣੀ ਤੋਂ। ਆਪ ਨੇ ਫੁਰਮਾਨ ਕਰਿਆ ਕਿ -

*ਲੇਪੁ ਨ ਲਾਗੋ ਤਿਲ ਕਾ ਮੂਲਿ॥*
*ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥*
*ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥*
*ਪਾਪੀ ਮੂਆ ਗੁਰ ਪਰਤਾਪਿ॥*
*ਆਪਣਾ ਖਸਮੁ ਜਨਿ ਆਪਿ ਧਿਆਇਆ॥*
*ਇਆਣਾ ਪਾਪੀ ਓਹੁ ਆਪਿ ਪਚਾਇਆ॥*
*ਪ੍ਰਭ ਮਾਤਾ ਪਿਤਾ ਅਪਣੇ ਦਾਸ ਕਾ ਰਖਵਾਲਾ॥*
*ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥*
*ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥*
*ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥*

*ਅੰਗ - 1137*

ਸੋ ਇਸ ਤੋਂ ਬਾਅਦ ਪ੍ਰਿਥੀ ਚੰਦ ਦਾ ਇਕ ਹੋਰ ਵੱਡਾ ਮਿਤਰ, ਬੀਰਬਲ ਉਸਦਾ ਨਾਮ ਸੀ। ਜਿਸਦੀਆਂ ਬਹੁਤ ਸਾਰੀਆਂ ਕਹਾਣੀਆਂ ਲੋਕ ਸੁਣਾਇਆ ਕਰਦੇ ਨੇ। ਲਤੀਫੇ

ਸੁਣਾਇਆ ਕਰਦੇ ਨੇ, ਕੁਛ ਆਪ ਲੋਕਾਂ ਨੇ ਬਣਾਏ ਹੁੰਦੇ ਨੇ ਉਹਦਾ ਨਾਉਂ ਧਰ ਕੇ, ਕੁਛ ਉਹ ਐਸ ਤਰ੍ਹਾਂ ਦਾ ਸੀ। ਉਸ ਨੇ ਯੂਸਫ ਨੂੰ ਕਾਬਲ ਭੇਜਣਾ ਸੀ, ਉਥੇ ਇਕ ਯੁੱਧ ਚਲ ਰਿਹਾ ਸੀ, ਅਕਬਰ ਬਾਦਸ਼ਾਹ ਇਹਦੇ ਤੇ ਪ੍ਰਸੰਨ ਬਹੁਤ ਸੀ। ਉਸ ਨੇ ਕਿਹਾ, ਤੁਸੀਂ ਜਾਓ ਕਾਬਲ ਤਕ, ਰਾਹ ਦੇ ਵਿਚ ਸਾਰਾ ਹਾਲ ਚਾਲ ਦੇਖਦੇ ਜਾਓ, ਰਿਆਇਆ ਨੂੰ ਸੁਖ ਦਿੰਦੇ ਜਾਓ, ਕਹਿਣ ਲੱਗਿਆ, "ਮਹਾਰਾਜ! ਮੈਂ ਬ੍ਰਾਹਮਣ ਹਾਂ ਤੇ ਜਦ ਮੈਂ ਰਾਜ ਬ੍ਰਾਹਮਣ ਆਂ, ਤੁਸੀਂ ਮੈਨੂੰ ਰਾਜ ਪੰਡਤ ਦੀ ਮਾਨਤਾ ਦਿਤੀ ਐ, ਤੁਹਾਡੇ ਰਾਜ ਵਿਚ ਜਿੰਨੇ ਖਤਰੀ ਵਸਦੇ ਨੇ, ਇਹ ਵੀ ਸਾਰੇ ਮੇਰੇ ਜਜਮਾਨ ਹੋਏ ਨਾ। ਕਹਿੰਦਾ, "ਹਾਂ।"

ਕਹਿੰਦੇ, "ਫੇਰ ਲਿਖ ਦਿਓ ਪਰਵਾਨਾ ਕਿ ਸਾਰੇ ਖਤਰੀ ਮੈਨੂੰ ਬ੍ਰਾਹਮਣ ਨੂੰ ਭੇਟਾ ਦੇਣ ਦੱਛਣਾ ਦੇਣ।"

ਲਿਖਾ ਲਿਆ ਉਸ ਤੋਂ, ਦਿੱਲੀ ਤੋਂ ਚੱਲਿਆ, ਉਗਰਾਹੀ ਕਰਦਾ ਆ ਰਿਹੈ, ਕਰੋੜਾਂ ਰੁਪਿਆ ਇਕੱਠਾ ਕਰ ਲਿਆ ਉਸ ਨੇ। ਜੋ ਵੀ ਖਾਂਦਾ ਪੀਂਦਾ ਦੇਖਦੈ, ਉਹਦੇ ਕੋਲ ਸੁਨੇਹਾ ਭੇਜ ਦਿੰਦੈ ਕਿ ਐਨੀ ਦੱਛਣਾ ਭੇਜ। ਦੱਛਣਾ ਕੀ ਸੀ ਟੈਕਸ ਲੈਂਦਾ ਜਾਂਦੈ। ਚਲਦਾ-ਚਲਦਾ ਅੰਮ੍ਰਿਤਸਰ ਆ ਜਾਂਦੈ। ਬਾਹਰ ਆ ਕੇ ਡੇਰਾ ਕਰ ਲੈਂਦੈ। ਮਨ ਵਿਚ ਬੜੀ ਈਰਖਾ ਹੈ ਕਿ ਇਹ ਜਿਹੜਾ ਗੁਰੂ ਦਾ ਘਰ ਹੈ - ਗੁਰੂ ਨਾਨਕ ਦਾ। ਇਹ ਸਾਡੇ ਬ੍ਰਾਹਮਣਾਂ ਨਾਲ ਵਿਰੋਧ ਕਰਦੈ। ਸਾਡੇ ਜਨੇਊ ਨੂੰ ਕਹਿੰਦੈ ਕਿ ਸੱਚ ਦਾ ਜਨੇਊ ਪਾਓ।

ਗੁਰੂ ਨਾਨਕ ਐਉਂ ਨਹੀਂ ਸੀ ਕਹਿੰਦਾ ਕਿ ਜਨੇਊ ਨਾ ਪਾਓ। ਉਹ ਤਾਂ ਕਹਿੰਦੇ ਪਾਓ ਤਾਂ ਸਹੀ, ਬੇਸ਼ੱਕ ਪਹਿਨੋ, ਪਰ ਇਹਦਾ ਕੋਈ ਅੰਤਰੀਵ ਅਰਥ ਹੋਵੇ, ਧਾਗਾ ਕਰਕੇ ਨਾ ਇਹਨੂੰ ਪਹਿਨੋ, ਇਹਦੇ ਉਤੇ ਨਿਗ੍ਹਾ ਕਰਾਓ, ਇਹਦੀ ਕਪਾਹ ਜਿਹੜੀ ਐ ਉਹ ਦਇਆ ਦੀ ਹੋਵੇ, ਸੰਤੋਖ ਦਾ ਸੂਤ ਵੱਟੋ, ਜਤ ਦੀਆਂ ਗੰਢਾਂ ਦਿਓ, ਸਤ ਦਾ ਵਟ ਚਾੜ੍ਹੋ। ਫੇਰ ਇਹ ਤੁਹਾਡਾ ਜਨੇਊ ਜਿਹੜਾ ਪਾਇਆ ਹੋਇਐ ਨਾ ਇਥੇ ਵੀ ਤੇ ਦਰਗਾਹ ਵਿਚ ਵੀ ਨਾਲ ਜਾਏਗਾ। ਜੇ ਦੂਜਾ ਪਾਉਂਦੇ ਓਂ -

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥*
*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥*

*ਅੰਗ - 471*

ਜੇ ਉਹ ਲਿਆ ਕੇ ਤੁਸੀਂ ਕਰਦੇ ਓਂ, ਬ੍ਰਾਹਮਣ ਨੇ ਵਟਿਆ ਤੇ ਤੁਸੀਂ ਗਲ 'ਚ ਪਾ ਲਿਆ, ਕਹਿੰਦੇ ਇਹ ਤਾਂ-

*ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥*

*ਅੰਗ - 471*

ਉਹ ਇਥੇ ਹੀ ਝੜ ਜਾਣੈ, ਗਲ ਜਾਣੈ ਫੇਰ ਅਗਾਹਾਂ ਕਿਥੇ ਮਿਲੂਗਾ। ਚਿੰਨ੍ਹ ਜੇ ਪਾਉਣੈ ਉਹ ਪਾਓ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ, ਜਿਹੜਾ ਇਥੇ ਰਹਿ ਜਾਏ ਉਹ ਚਿੰਨ੍ਹ ਕਾਹਦਾ ਚਿੰਨ੍ਹ ਐ। ਇਹ ਨਹੀਂ ਸੀ ਕਹਿੰਦੇ ਨਾ ਪਾਓ, ਕਹਿੰਦੇ ਪਾਓ ਪਰ ਇਹਦਾ ਭਾਵ ਜਿਹੜੈ ਅੰਦਰਲੇ ਸਰੀਰ ਤੇ ਵੀ ਵਸਾ ਲਓ। ਉਸ ਤੋਂ ਅੱਗੇ ਜਿਹੜਾ ਕਾਰਨ ਸਰੀਰ ਐ, ਉਹਦੇ ਵਿਚ ਵੀ ਵਸਾ ਲਓ। ਫੇਰ ਤਾਂ ਮੁਬਾਰਕ ਤੁਹਾਨੂੰ ਜਨੇਊ, ਨਹੀਂ ਤਾਂ ਨਹੀਂ।

ਏਸ ਗੱਲ ਨੂੰ ਨਾ ਸਮਝਣ ਕਰਕੇ ਇਹ ਕਰਮਕਾਂਡੀ ਲੋਕ ਗੁਰੂ ਘਰ ਨਾਲ ਦ੍ਵੈਖ ਕਰਦੇ ਸੀ। ਕੱਟੜ ਕਿਸਮ ਦੇ ਜਿਹੜੇ ਬ੍ਰਾਹਮਣ ਲੋਕ ਸੀਗੇ, ਆਮ ਹਿੰਦੂ ਨਹੀਂ ਆਮ ਹਿੰਦੂ ਸਾਰਾ ਗੁਰੂ ਸਾਹਿਬ ਨੂੰ ਮੰਨਦਾ ਸੀ। ਜੇ ਗੁਰੂ ਸਾਹਿਬ ਨੂੰ ਨਾ ਮੰਨਦਾ ਹੁੰਦਾ ਤਾਂ ਜਿਸ ਦਿਨ ਪੰਜ ਪਿਆਰਿਆਂ ਦੀ ਚੋਣ ਹੋਈ, ਤਾਂ ਸਾਰੇ ਦੇਸ਼ 'ਚੋਂ ਕਿਵੇਂ ਉਠ ਕੇ ਆ ਜਾਂਦੇ, ਦੁਆਰਕਾ 'ਚੋਂ ਕਿਵੇਂ ਜਾਂਦੇ, ਬਿਦਰ ਤੋਂ ਕਿਵੇਂ ਆ ਜਾਂਦੇ, ਉੜੀਸਾ ਤੋਂ ਕਿਸ ਤਰ੍ਹਾਂ ਆ ਸਕਦੇ ਸੀ, ਸਾਰੇ ਹਿੰਦੁਸਤਾਨ 'ਚੋਂ, ਭਾਰਤ ਵਰਸ਼ ਵਿਚੋਂ ਇਕ-ਇਕ ਬੰਦਾ ਨੁਮਾਇੰਦਾ ਉਠਿਆ। ਜੇ ਸਿੱਖੀ ਸੀ ਤਾਂ ਹੀ ਉਠਿਆ। ਸੋ ਉਸ ਵੇਲੇ ਜੇ ਕੋਈ ਵਿਰੋਧ ਕਰਦਾ ਸੀ, ਸਿਰਫ ਇਹੀ ਕਰਦੇ ਸੀ ਉਚੀਆਂ ਜਾਤਾਂ ਵਾਲੇ। ਉਸ ਨੇ ਕਿਹਾ ਕਿ ਅੱਜ ਮੈਂ ਗੁਰੂ ਘਰ ਨੂੰ ਅਕਬਰ ਦੇ ਪ੍ਰਵਾਨੇ ਦੇ ਜ਼ੋਰ ਨਾਲ ਨਿਵਾਉਂਗਾ, ਸੁਨੇਹਾ ਭੇਜ ਦਿਤਾ ਗੁਰੂ ਅਰਜਨ ਪਾਤਸ਼ਾਹ ਨੂੰ ਕਿ ਮੈਂ ਤੁਹਾਡਾ ਬ੍ਰਾਹਮਣ ਪਰੋਹਤ ਆ ਗਿਆ ਤੇ ਮੈਨੂੰ ਐਨੇ ਲੱਖ ਰੁਪਿਆ ਭੇਜੋ। ਦੱਛਣਾ ਲੈ ਕੇ ਜਾਉਂ ਤੇ ਨਾਲ ਇਹ ਕਹਿ ਦਿਤਾ ਕਿ ਮੈਨੂੰ ਦੱਛਣਾ ਨਾ ਦਿਤੀ ਤਾਂ ਘਰ ਬਾਰ ਜਬਤ ਕਰਨ ਦਾ ਵੀ ਹੁਕਮ ਮੇਰੇ ਕੋਲ ਹੈ ਤੇ ਮੈਂ ਗ੍ਰਿਫਤਾਰ ਵੀ ਤੁਹਾਨੂੰ ਕਰੂੰ। ਮਹਾਰਾਜ ਜੀ ਨੂੰ ਦੱਸਿਆ ਗਿਆ। ਮਹਾਰਾਜ ਕਹਿੰਦੇ ਕਾਹਦੀ ਐ -

*ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥*

*ਅੰਗ - 1366*

ਕੱਲ੍ਹ ਕਿਸੇ ਨੂੰ ਆਈ ਨਹੀਂ ਹੈ ਅਜੇ ਤਕ, ਜਦ ਕੱਲ੍ਹ ਆਈ ਤਾਂ ਕੱਲ੍ਹ ਦੀ ਗੱਲ ਕਰਾਂਗੇ। ਰਾਤ ਨੂੰ ਹੁਕਮ ਆ ਗਿਆ ਉਸ ਨੂੰ, ਕਿ ਯੂਸਫ ਸਮੇਤ ਜਲਦੀ ਚਲੇ ਜਾਓ, ਪਠਾਣਾਂ ਦਾ ਜ਼ੋਰ ਪੈ ਗਿਆ। ਉਸੇ ਵੇਲੇ ਗੱਲ ਵਿਚ ਹੀ ਛੱਡ ਕੇ ਚਲਿਆ ਗਿਆ। ਨਾਲ ਹਦਾਇਤ ਕਰ ਗਿਆ ਕਿ ਜਦ ਮੈਂ ਵਾਪਸ ਆਵਾਂਗਾ ਵਿਆਜ ਸਮੇਤ ਪੈਸਾ ਲਵਾਂਗਾ। ਦੰਡ ਲਾਊਂਗਾ, ਉਥੇ ਗਿਆ ਤਾਂ ਪਠਾਣਾਂ ਨੇ ਮਾਰ ਦਿਤਾ। ਗੱਲ ਖਤਮ ਹੋ ਗਈ। ਜਿਹੜੇ ਹੰਕਾਰ ਕਰਦੇ ਨੇ ਉਹ ਪ੍ਰਮੇਸ਼ਰ ਨੂੰ ਭਾਇਆ ਨਹੀਂ ਕਰਦੇ, ਉਹ ਗਿਰ ਜਾਂਦੇ ਨੇ -

*ਧਾਰਨਾ - ਧਰਤੀ ਤੇ ਗਿਰਦੇ ਨੇ,*
*ਕਰਦੇ ਅਭਿਮਾਨ ਜਿਹੜੇ।*

*ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ॥*
*ਅੰਗ - 317*

ਕਹਿੰਦੇ ਜਿਹੜਾ ਵੀ ਜ਼ੋਰ ਦਿਖਾਉਂਦੈ, ਦੁਨੀਆਂ 'ਚ ਚਾਹੇ ਪਹਿਲਾਂ ਦਿਖਾਉਂਦੈ, ਚਾਹੇ ਹੁਣ ਦਿਖਾਉਂਦੈ ਇਹਨੇ ਗਿਰਨਾ ਹੀ ਗਿਰਨਾ ਹੈ।

*ਊਚਾ ਚੜੈ ਸੁ ਪਵੈ ਪਇਆਲਾ॥*
*ਧਰਨਿ ਪੜੈ ਤਿਸੁ ਲਗੈ ਨ ਕਾਲਾ॥ ਅੰਗ - 374*

ਜਿਹੜਾ ਧਰਤੀ ਤੇ ਪਹਿਲਾਂ ਹੀ ਗਿਰਿਆ ਪਿਐ ਉਹਨੂੰ ਕੀ ਥੱਲੇ ਗੇਰਨਾ। ਜਿਹੜਾ ਉਚਾ ਚੜਿਐ ਗਿਰਨਾ ਉਹਨੇ ਹੀ ਹੈ ਸਾਧਸੰਗਤ ਜੀ। ਸੋ ਗਿਰ ਗਿਆ, ਖਤਮ ਹੋ ਗਿਆ। ਇਸ ਤਰ੍ਹਾਂ ਦੇ ਨਾਲ ਸਾਜ਼ਸਾਂ ਹੀ ਸਾਜ਼ਸਾਂ ਇਕ ਪਾਸੇ ਤਾਂ ਇਹ ਚਲ ਰਿਹਾ ਸੀ। ਦੂਜਾ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਤਕਰੀਬਨ ਅੱਧੀ ਬਾਣੀ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਨੇ ਉਚਾਰੀ। ਕਲਜੁੱਗੀ ਜੀਵਾਂ ਨੂੰ ਸ਼ਾਂਤੀ ਦੇਣ ਵਾਸਤੇ, ਰਸਤਾ ਦਿਖਾਉਣ ਵਾਸਤੇ, ਵੱਡੇ ਵੱਡੇ ਸਿਧਾਂਤਾਂ ਨੂੰ, ਬਹੁਤ ਹੀ ਸੁਖਾਲੇ ਸ਼ਬਦਾਂ ਦੇ ਅੰਦਰ ਪ੍ਰਗਟ ਕੀਤਾ। ਸੁਖਮਨੀ ਸਾਹਿਬ ਦੇ ਅੰਦਰ ਚਾਰੇ ਵੇਦ, ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਜਿੰਨੇ ਧਰਮ ਗ੍ਰੰਥ, ਜਿੰਨੇ ਮਹਾਂਪੁਰਸ਼ ਸਾਰਿਆਂ ਦਾ ਸਿਧਾਂਤ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਇਹ ਚਾਰੇ ਚੀਜ਼ਾਂ ਸੁਖਮਨੀ ਸਾਹਿਬ ਦੇ ਅੰਦਰ ਮਹਾਰਾਜ ਜੀ ਨੇ 24 ਅਸਟਪਦੀਆਂ ਦੇ ਅੰਦਰ ਅੰਕਿਤ ਕਰਕੇ ਸਾਨੂੰ ਰਾਹ ਦਿਖਾ ਦਿਤਾ। ਇਕੋ ਬਾਣੀ ਸਾਨੂੰ ਭਗਤੀ ਤੋਂ ਲੈ ਕੇ, ਗਿਆਨ ਤਕ, ਪ੍ਰਮੇਸ਼ਰ ਤਕ, ਲੀਨਤਾ ਤਕ ਲੈ ਜਾਂਦੀ ਹੈ। ਸੋ ਐਸੀ ਬਾਣੀ ਆਪ ਉਚਾਰ ਰਹੇ ਨੇ, ਕੋਈ ਦ੍ਵੈਸ਼ ਮਨ ਵਿਚ ਨਹੀਂ ਆ ਰਹੀ। ਸੋ ਚਲਦੇ-ਚਲਦੇ ਜਿਸ ਵਕਤ ਸਾਹਿਬਜ਼ਾਦੇ ਜਵਾਨ ਹੋਏ, ਉਸ ਵੇਲੇ ਅਕਬਰ ਦੇ ਦਰਬਾਰ ਵਿਚ ਇਕ ਦੀਵਾਨ ਹੋਇਆ ਕਰਦਾ ਸੀ। ਅਕਬਰ ਚੜ੍ਹਾਈ ਕਰ ਜਾਂਦੈ ਤੇ ਜਹਾਂਗੀਰ ਤਖਤ ਦੇ ਉਤੇ ਬੈਠ ਜਾਂਦੈ। ਤਖਤ ਤੇ ਬੈਠ ਕੇ ਸਾਰਾ ਰਾਜ ਦੇਖਦਾ ਹੈ ਤਾਂ ਇਹਦੀ ਨੀਤੀ ਬਦਲ ਜਾਂਦੀ ਹੈ ਥੋੜ੍ਹੀ ਜਿਹੀ। ਅਕਬਰ ਦੀ ਨੀਤੀ ਸੁਲ੍ਹਾਕੁਲ ਸੀ। ਉਹ ਚਾਹੁੰਦਾ ਸੀ ਕਿ ਧਰਮ ਦਾ, ਮਜ਼ਹਬ ਦਾ ਤੇ ਰਾਜ ਦਾ ਸਬੰਧ ਨਹੀਂ ਹੋਣਾ ਚਾਹੀਦਾ। ਗੱਲ ਸਮਝਣ ਵਾਲੀ ਹੈ। ਅਕਬਰ ਦੀ ਜੋ ਨੀਤੀ ਸੀ ਉਹ ਸਾਰਿਆਂ ਦੇ ਧਰਮਾਂ ਦੇ ਵਾਸਤੇ ਬਰਾਬਰ ਦੀ ਸੀ। ਜਦੋਂ ਜਹਾਂਗੀਰ ਆਇਆ, ਇਹਦੀ ਰਾਜਨੀਤੀ ਦੇ ਵਿਚ ਫਰਕ ਪਿਆ। ਉਨ੍ਹਾਂ ਸਾਰਿਆਂ ਵਿਚੋਂ ਜਿਸਨੇ ਇਹ ਫਰਕ ਪਾਇਆ ਨੀਤੀ ਦੇ ਅੰਦਰ ਇਕ ਸੀਗਾ। ਸ਼ੇਖ ਅਹਿਮਦ ਸਰਹੰਦੀ, ਜਿਹਦਾ ਮਕਬਰਾ ਬਣਿਆ ਹੈ ਫਤਹਿਗੜ੍ਹ ਸਾਹਿਬ ਦੇ ਨਾਲ। ਉਹ ਸਭਨਾਂ ਨੂੰ ਕੱਟੜ ਬਣਾ ਰਿਹਾ ਸੀ, ਸੁਲ੍ਹਾਕੁਲ ਜਿਹੜੇ ਪੀਰ ਫਕੀਰ ਸੀ, ਸਾਰੇ ਉਸ ਨੇ ਪਿਛੇ ਕਰ ਦਿਤੇ ਅਤੇ ਇਹਨੂੰ ਕੱਟੜ ਬਣਾ ਦਿਤਾ। ਇਸਲਾਮ ਦਾ ਰਾਜ ਬਣਾ ਦਿਤਾ। ਜਿਹੜਾ ਪਹਿਲਾਂ ਅਕਬਰ ਦਾ ਰਾਜ ਸੀ ਉਹ ਇਸਲਾਮ ਦਾ ਰਾਜ ਨਹੀਂ ਸੀ, ਉਹ ਹਿੰਦੋਸਤਾਨ ਦਾ ਜਮਹੂਰੀ ਰਾਜ ਸੀ। ਭਾਵੇਂ ਬਾਦਸ਼ਾਹ ਮੁਸਲਮਾਨ ਸੀ ਪਰ ਉਹ ਸਾਰਿਆਂ ਦੀ ਕਦਰ ਕਰਦਾ ਸੀ। ਸਾਰਿਆਂ ਦੇ ਹਿਤ ਦੇ ਓਹਨੇ ਕਾਨੂੰਨ ਬਣਾਏ ਹੋਏ ਸੀ। ਜਦੋਂ ਮਜ਼੍ਹਬ ਦਾ ਰਾਜ ਬਣ ਜਾਵੇ, ਉਸ ਵੇਲੇ ਉਸ ਮਜ਼੍ਹਬ ਦਾ ਰਾਜ ਹੋਇਆ ਕਰਦੈ, ਬਾਕੀਆਂ ਨੂੰ ਨਹੀਂ ਉਹ ਫਿੱਟ ਬੈਠਿਆ ਕਰਦਾ। ਜੇ ਧਰਮ ਤੇ ਰਾਜਨੀਤੀ ਇਕੱਠੀ ਹੋਵੇ, ਇਹ ਜ਼ਰੂਰੀ ਹੁੰਦੀ ਹੈ ਕਿਉਂਕਿ ਧਰਮ ਜਿਹੜੈ ਉਹ ਉਚਾ ਤੇ ਸੁੱਚਾ ਚਰਿੱਤਰ) ਹੁੰਦੈ। ਉਚਾ ਚਰਿੱਤਰ ਤੇ ਰਾਜਨੀਤੀ ਇਕੱਠੀ ਹੋਵੇ ਤਾਂ ਰਾਜਨੀਤੀ ਦੇ ਵਿਚ ਸ਼ੁਧੀ ਰਹੇਗੀ। ਜੇ ਮਜ਼ਹਬ ਤੇ ਰਾਜਨੀਤੀ ਇਕੱਠੀ ਹੋ ਜਾਵੇ ਫੇਰ ਦ੍ਵੈਤ ਆ ਜਾਏਗੀ। ਇਹਨੇ ਮਜ਼ਹਬ ਤੇ ਪੁਲੀਟੀਕਲ ਸ਼ਕਤੀ ਇਕੱਠੀ ਕਰ ਦਿਤੀ। ਉਸ ਵੇਲੇ ਇਹ ਜਿਹੜੇ ਮੁਸਲਮਾਨਾਂ ਦੇ ਵਿਚੋਂ ਖੁਲ੍ਹਦਿਲੀ ਮੁਸਲਮਾਨ ਸੀ, ਸੂਫੀ ਵਗੈਰਾ ਉਨ੍ਹਾਂ ਵੀ ਤਕਲੀਫਾਂ ਆਉਣੀਆਂ ਸ਼ੁਰੂ ਹੋ ਗਈਆਂ। ਜਿਹੜੇ ਹਿੰਦੂ ਸੀ ਉਨ੍ਹਾਂ ਨੂੰ ਵੀ ਤਕਲੀਫਾਂ ਆਉਣੀਆਂ ਸ਼ੁਰੂ ਹੋ ਗਈਆਂ। ਗੁਰੂ ਘਰ ਨਾਲ ਜਿਹੜੀ ਮਿਤਰਤਾ ਤੇ ਸ਼ਰਧਾ ਚਲ ਰਹੀ ਸੀ। ਅਕਬਰ ਗੁਰੂ ਅਮਰਦਾਸ ਜੀ ਨੂੰ ਮਿਲਿਆ, ਭੁੰਞੇ ਬੈਠ ਕੇ, ਉਹਨੇ ਸੰਗਤਾਂ ਦੇ ਬਰਾਬਰ ਬੈਠ ਕੇ ਲੰਗਰ ਛਕਿਆ। ਦੂਸਰੀ ਵਾਰ ਗੁਰੂ ਚੌਥੇ ਪਾਤਸ਼ਾਹ ਨਾਲ ਭੇਟ ਹੋਈ। ਉਸ ਵੇਲੇ ਬੜਾ ਸ਼ਰਧਾਲੂ ਹੋਇਆ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣ ਕੇ, ਤੀਸਰੀ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਨਾਲ ਜਦੋਂ ਮੁਲਾਕਾਤ ਹੋਈ। ਉਸ ਨੇ ਸ਼ਬਦ ਸੁਣੇ ਬੜਾ ਹੀ ਪ੍ਰਭਾਵਤ ਹੋਇਆ। ਕਹਿਣ ਲੱਗਿਆ, ਜਿਹੜਾ ਮੈਂ ਤੁਹਾਨੂੰ ਪਟਾ ਬਣਾ ਕੇ ਦਿਤਾ, ਉਹਦੀ ਆਮਦਨ ਤੁਸੀਂ ਲੰਗਰ 'ਚ ਪਾਇਆ ਕਰੋ। ਲੰਗਰ ਦਾ ਖਰਚਾ ਤੁਹਾਡਾ ਬਹੁਤ ਹੋ ਰਿਹੈ, ਇਹ ਪਰਗਣਾ ਹੀ ਮੈਂ ਤੁਹਾਨੂੰ ਦੇਣਾ ਚਾਹੁੰਦਾ। ਇਹ ਸਾਰਾ ਲੰਗਰ 'ਚ ਵਰਤੋ। ਮਹਾਰਾਜ ਕਹਿੰਦੇ, ਲੰਗਰ ਤਾਂ ਬਹੁਤ ਵੱਡੈ, ਛੋਟਾ ਨਹੀਂ ਹੈ ਲੰਗਰ ਸਾਡਾ। ਇਹ ਤਾਂ ਜਿੰਨੀ ਦੁਨੀਐ ਇਹ ਸਾਰਾ ਹੀ ਲੰਗਰ ਐ ਤੇ ਇਹ ਲੈ ਕੇ ਵੀ ਗੁਜ਼ਾਰਾ ਨਹੀਂ ਚੱਲਣਾ। ਪਰ ਜੇ ਤੂੰ ਲੰਗਰ ਦੀ ਸੱਚਮੁਚ ਸਹਾਇਤਾ ਕਰਨੀ ਚਾਹੁੰਨੈ ਤਾਂ ਏਸ ਵੇਲੇ ਕਾਲ ਪਿਆ ਹੋਇਐ, ਭੁੱਖਮਰੀ ਪਈ ਹੋਈ ਹੈ, ਆਪਣੇ ਖਜ਼ਾਨਿਆਂ ਦੇ ਵਿਚੋਂ, ਆਪਣੇ ਭੰਡਾਰਾਂ ਦੇ ਵਿਚੋਂ ਦਾਣੇ ਭੇਜ ਦੇ ਪੰਜਾਬ ਨੂੰ। ਦਾਣਿਆਂ ਦਾ ਜਿਹੜਾ ਭੰਡਾਰ ਹੈ ਉਹ ਖੋਲ੍ਹ ਦੇ। ਦੂਸਰਾ ਇਹ ਸਾਰੀ ਗਰੀਬ ਜਨਤਾ ਦਾ ਮਾਲੀਆ ਵਾਪਸ ਕਰ ਦੇ। ਉਸ ਵੇਲੇ ਅਕਬਰ ਨੇ ਨਾਲੇ ਮਾਲੀਆ

ਵਾਪਸ ਕਰਿਆ, ਨਾਲੇ ਬੇਅੰਤ ਦਾਣੇ ਭੇਜੇ ਤੇ ਆਪ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਇਆ। ਕਿਉਂਕਿ ਜਦੋਂ ਲਾਹੌਰ ਵਿਚ ਭੁੱਖਮਰੀ ਪਈ, ਬਿਮਾਰੀ ਫੈਲੀ, ਲਾਸ਼ਾਂ ਗਲੀਆਂ 'ਚ ਪਈਆਂ ਸੀ, ਉਸ ਵੇਲੇ ਕੋਈ ਸਾਂਭਦਾ ਨਹੀਂ ਸੀ। ਉਸ ਵੇਲੇ ਗੁਰੂ ਮਹਾਰਾਜ ਆਪਣੇ ਸਿੱਖਾਂ ਨੂੰ ਲੈ ਕੇ ਹਿੰਦੂਆਂ ਦਾ ਸਸਕਾਰ ਕਰਦੇ ਰਹੇ, ਮੁਸਲਮਾਨਾਂ ਨੂੰ ਕਬਰਾਂ ਪੁੱਟ ਪੁੱਟ ਕੇ ਦਬਦੇ ਰਹੇ। ਬੜਾ ਆਪ ਦਾ ਜਸ ਹਿੰਦੂਆਂ ਵਿਚ ਵੀ ਤੇ ਮੁਸਲਮਾਨਾਂ ਵਿਚ ਹੋਇਆ। ਉਸ ਵੇਲੇ ਕੁਝ ਬੰਦੇ ਸੀ ਜਿਹੜੇ ਮਹਾਰਾਜ ਨਾਲ ਬਹੁਤ ਖਿਝਦੇ ਸੀ। ਇਧਰਲੇ ਪਾਸੇ ਉਸ ਚੰਦੂ ਦੀਵਾਨ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਵਾਸਤੇ ਲਾਗੀਆਂ ਨੂੰ ਭੇਜਿਆ। ਉਨ੍ਹਾਂ ਦਿਨਾਂ ਵਿਚ ਇਹ ਨਹੀਂ ਸੀ ਹੁੰਦਾ ਕਿ ਜੇ ਰੁਪਿਆ ਫੜਾ ਆਏ ਤਾਂ ਬੱਸ ਹੋ ਗਿਆ ਰਿਸ਼ਤਾ। ਮੁੜ ਕੇ ਲੜਕੀ ਹੋਰ ਕਿਤੇ ਵਿਆਹ ਨਹੀਂ ਸੀ ਕਰਾਇਆ ਕਰਦੀ, ਫੇਰ ਉਥੇ ਹੀ ਕਰਨਾ ਪੈਂਦਾ ਸੀ। ਚਲਦੇ ਚਲਦੇ ਸਾਰੇ ਭਾਰਤ ਵਰਸ਼ ਵਿਚ ਦੇਖਦੇ-ਦੇਖਦੇ ਜਦੋਂ ਅੰਮ੍ਰਿਤਸਰ ਆਏ ਤਾਂ ਗੁਰੂ ਮਹਾਰਾਜ ਦਾ ਸੁਭਾਅ ਦੇਖਿਆ ਤਾਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨ ਕਰੇ ਤਾਂ ਮਨ 'ਚ ਆਇਆ ਕਿ ਇਨ੍ਹਾਂ ਤੋਂ ਵਧੀਆ ਸੰਸਾਰ 'ਚ ਹੋਰ ਕੋਈ ਨਹੀਂ ਹੈ। ਬੜੀ ਖੁਸ਼ੀ ਹੋਈ ਤੇ ਰੁਪਈਆ ਦੇ ਦਿਤਾ, ਬਕਾਇਦਾ ਮੰਗਣਾ ਵਗੈਰਾ ਕਰਨ ਵਾਸਤੇ ਉਨ੍ਹਾਂ ਨੇ ਸਮਾਂ ਲੈ ਲਿਆ। ਮਹਾਰਾਜ ਕਹਿੰਦੇ ਅਸੀਂ ਤੁਹਾਨੂੰ ਵਿਚਾਰ ਕੇ ਦੱਸਾਂਗੇ ਭਾਈ। ਠੀਕ ਹੈ ਤੁਹਾਡੀ ਗੱਲ ਹੋ ਗਈ, ਪਰ ਅਸੀਂ ਵਿਚਾਰ ਕਰਾਂਗੇ। ਉਸ ਵੇਲੇ ਜਦੋਂ ਦਿੱਲੀ ਜਾਂਦੇ ਨੇ, ਬੜੀ ਖੁਸ਼ੀਆਂ ਹੋਈਆਂ ਕਿ ਇਹਦੀ ਲੜਕੀ ਦੀ ਸਗਾਈ ਹੋ ਜਾਣੀ ਹੈ, ਰਿਸ਼ਤਾ ਗੁਰੂਆਂ ਨੂੰ ਮਿਲ ਜਾਣੈ। ਉਸ ਵੇਲੇ ਗੁਰੂ ਦੀ ਸੰਗਤ ਦੇ ਬਹੁਤ ਸਾਰੇ ਸਰੀਰ ਚੰਦੂ ਦੇ ਘਰ ਚਲੇ ਜਾਂਦੇ ਨੇ ਕਿ ਜਦ ਇਹ ਫੈਸਲਾ ਹੋ ਗਿਆ ਤਾਂ ਮੁਬਾਰਕ ਬਾਦਾਂ ਦੇਵਾਂਗੇ ਤੇ ਜਿਹੜੀ ਬੀਬੀ ਦਾ ਰਿਸ਼ਤਾ ਹੋਣੈ ਉਹਦੇ ਚਰਨ ਛੂਹਾਂਗੇ, ਉਹ ਬੜੀ ਭਾਗਾਂ ਵਾਲੀ ਹੋਵੇਗੀ ਅਤੇ ਜਗਤ ਮਾਤਾ ਹੋਵੇਗੀ। ਜਦੋਂ ਇਹ ਉਥੇ ਜਾਂਦੇ ਨੇ, ਜਾ ਕੇ ਲਾਗੀਆਂ ਨੇ, ਬ੍ਰਾਹਮਣਾਂ ਨੇ ਗੱਲ ਕਰੀ, ਉਸ ਵੇਲੇ ਬੜਾ ਹੰਕਾਰ 'ਚ ਆਇਆ, ਨੱਕ ਚਾੜ੍ਹ ਲਿਆ, ਮੱਥੇ ਵਿਚ ਤਿਊੜੀਆਂ ਪਾ ਲਈਆਂ, ਕਹਿੰਦਾ ਤੁਹਾਨੂੰ ਅਕਲ ਨਹੀਂ ਸੀ ਤੁਸੀਂ ਐਨਾ ਮਾੜਾ ਕੰਮ ਕਰਕੇ ਆਏਂ ਓ। ਉਹ ਕਹਿੰਦੇ ਮਹਾਰਾਜ ਉਨ੍ਹਾਂ ਦੇ ਨਾਲ ਦਾ ਤਾਂ ਸੰਸਾਰ 'ਚ ਕੋਈ ਨਹੀਂ ਸੀ। ਕਹਿੰਦਾ ਮੈਂ ਸਰਕਾਰੀ ਅਫਸਰ, ਉਹ ਫਕੀਰਾਂ ਦੀ ਗੱਦੀ ਤੇ ਬੈਠੇ ਨੇ। ਤੁਸੀਂ ਕਰਿਆ ਕੀ? ਚੁਬਾਰੇ ਦੀ ਇੱਟ ਨੂੰ ਤੁਸੀਂ ਗੰਦੀ ਨਾਲੀ ਨਾਲ ਜੋੜਿਐ। ਐਡੇ ਹੰਕਾਰ ਦੇ ਅੱਖਰ ਕਹੇ। ਉਸ ਵੇਲੇ ਸੰਗਤ ਦੇ ਮਨ ਵਿਚ ਬਹੁਤ ਅਫਸੋਸ ਹੋਇਆ ਕਿ ਐਸਾ ਹੰਕਾਰੀ ਪਾਪੀ, ਇਹਦਾ ਜੋੜ ਗੁਰੂ ਘਰ ਨਾਲ ਨਹੀਂ ਹੋਣਾ ਚਾਹੀਦਾ। ਉਸ ਵੇਲੇ ਉਨ੍ਹਾਂ ਨੇ ਇਕ ਪਤ੍ਰਿਕਾ ਲਿਖੀ, ਇਨ੍ਹਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਪਤ੍ਰਿਕਾ ਪਹੁੰਚਾਈ ਤੇ ਉਹਦੇ ਵਿਚ ਆਪ ਲਿਖਦੇ ਨੇ –

*ਧਾਰਨਾ - ਮੂਰਖ ਆਪ ਨੂੰ ਚੁਬਾਰਾ ਆਖੇ,*
*ਨਿੰਦਿਆ ਕਰੇ ਪੂਰੇ ਗੁਰਾਂ ਦੀ।*

ਉਸ ਵੇਲੇ ਚਿੱਠੀ ਭੇਜਦੇ ਨੇ –

*ਲਿਖਤੁਮ ਸਭਿ ਦਿੱਲੀ ਕੀ ਸੰਗਤਿ*
*ਸਤਿਗੁਰ ਕੇ ਸਨਮੁਖ ਅਰਦਾਸਿ॥*
*ਸ਼ਾਹਿ ਦਿਵਾਨ ਸੁਤਾ ਕੋ ਨਾਤਾ*
*ਭੇਜਯੋ ਅਹੈ ਤੁਮਾਰੇ ਪਾਸਿ॥*
*ਆਪ ਹੰਕਾਰੀ ਬਨਯੋ ਚੁਬਾਰਾ*
*ਤੁਮਹਿ ਕਹਯੋ ਮੋਰੀ ਸੰਕਾਸ॥*
*ਬਿਨ ਸ਼ਰਧਾ ਤੇ ਮੂਰਖ ਬੋਲਯੋ*
*ਇੱਤਯਾਦਿਕ ਨਿੰਦਾ ਕੀ ਰਾਸ॥*
*ਹਮ ਕੋ ਨਹਿੰ ਸੁਖਾਇ ਤਿਸ ਕਹਿਬੋ*
*ਬਸਿ ਨਹਿੰ ਚਲਯੋ ਸੁ ਲਿਖਯੋ ਬ੍ਰਿਤੰਤ॥*
*ਸੁਤਾ ਨ ਸਾਕਤ ਕੀ ਤੁਮ ਲੀਜਹੁ*
*ਇਹ ਸੰਗਤਿ ਕੋ ਅਹੈ ਮਤੰਤ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240*

ਮਤਾ ਪਾਸ ਕਰ ਦਿਤਾ ਕਿ ਰਿਸ਼ਤਾ ਨਹੀਂ ਲੈਣਾ। ਗੁਰੂ ਮਹਾਰਾਜ ਕੋਲ ਚਿੱਠੀ ਪਹੁੰਚ ਗਈ। ਸਾਰੀਆਂ ਗੱਲਾਂ ਵਿਚਾਰੀਆਂ ਕਿ ਵੈਰ ਪੈ ਜਾਏਗਾ। ਪਹਿਲਾਂ ਹੀ ਜਿਹੜੇ ਦੋਖੀ ਨੇ, ਉਨ੍ਹਾਂ ਦਾ ਅੰਤ ਨਹੀਂ, ਇਕ ਹੋਰ ਵੱਡੇ ਰਸੂਖ ਵਾਲਾ ਓਹ ਵੀ ਏਧਰ ਹੋ ਜਾਏਗਾ। ਇਕ ਪਾਸੇ ਸੰਗਤ ਦੇ ਪਿਆਰ ਦੀ ਅਰਦਾਸ ਹੈ, ਇਕ ਪਾਸੇ ਸਾਰੀਆਂ ਤਕਲੀਫਾਂ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਸੰਗਤ ਦਾ ਪੱਖ ਕੀਤਾ, ਸੰਗਤ ਦੀ ਗੱਲ ਮੰਨ ਲਈ। ਜਵਾਬ ਦੇ ਦਿਤਾ ਕਿ ਭਾਈ! ਅਸੀਂ ਤਾਂ ਗਰੀਬ ਹਾਂ, ਤੁਸੀਂ ਕੋਈ ਵੱਡਾ ਟੋਲੋ ਜਿਹੜਾ ਉਹਦੇ ਮੁਕਾਬਲੇ ਦਾ ਹੋਵੇ। ਕਿਉਂਕਿ ਮਹਿਮਾ ਨਹੀਂ ਜਾਣਦਾ, ਨਾ ਮਹਿਮਾ ਜਾਣਨ ਕਰਕੇ ਪਛਾਣਦਾ ਨਹੀਂ। ਗੁਰੂ ਤਾਂ ਸੱਚਾ ਪਾਤਸ਼ਾਹ ਹੁੰਦੈ, ਇਹ ਦੁਨੀਆਂ ਦੇ ਪਾਤਸ਼ਾਹ ਸਾਰੇ ਝੂਠੇ ਹੁੰਦੇ ਨੇ।

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - 707*

ਜਿਹਦਾ ਮਨ ਨਾਮ ਦੇ ਨਾਲ ਭਿੱਜ ਗਿਆ, ਉਹ ਤਾਂ ਸਾਰੀ ਸ੍ਰਿਸ਼ਟੀ ਦਾ ਪਾਤਸ਼ਾਹ ਹੁੰਦੈ। ਸਤਿਗੁਰੂ ਜਿਹੜਾ ਹੈ ਉਹ ਸੱਚਾ ਪਾਤਸ਼ਾਹ ਹੁੰਦੈ। ਸੋ ਇਸ ਤਰ੍ਹਾਂ ਦੇ ਨਾਲ ਮਹਿਮਾ ਨਹੀਂ ਜਾਣਦਾ ਗੁਰੂ ਦੀ।

ਸੋ ਇਹ ਮੂਰਖ ਚੰਦੂ ਸੱਚੇ ਪਾਤਸ਼ਾਹ ਦੀ ਕਦਰ ਨਹੀਂ ਸੀ ਜਾਣਦਾ। ਕਿੱਡਾ ਦਰਜਾ ਹੁੰਦੈ ਸਤਿਗੁਰੂ ਦਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*

*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਅੰਗ - 442*

ਸੋ ਇਸ ਤਰ੍ਹਾਂ ਦੇ ਵਾਕ ਕਹੇ, ਰਿਸ਼ਤਾ ਮੁੜ ਜਾਂਦੈ, ਬੜੀ ਭਾਰੀ ਜਿੱਦ ਕਰਦੈ, ਮਨ 'ਚ ਰਖਦੈ ਕਿ ਜਦ ਮੌਕਾ ਮਿਲਿਆ ਉਸ ਵੇਲੇ ਮੈਂ ਬਦਲਾ ਲਊਂ ਇਸ ਚੀਜ਼ ਦਾ। ਓਦੋਂ ਪੁੱਛਾਂਗਾ ਮੈਂ ਕਿ ਐਡੀ ਵੱਡੀ ਗੱਲ ਕਰੀ ਕਿਹੜੀ ਤਾਕਤ ਤੇ ਕਰੀ। ਇਧਰਲੇ ਪਾਸੇ ਪ੍ਰਿਥੀ ਚੰਦ ਜੀ ਨੂੰ ਹੋਰ ਸਹਾਇਕ ਮਿਲ ਗਿਆ। ਉਸ ਵੇਲੇ ਸਾਜਿਸ਼ ਕਰੀ, ਸ਼ਿਕਾਇਤ ਕੀਤੀ ਗਈ ਜਿਹੜੀ ਜਹਾਂਗੀਰ ਦੇ ਚੋਰੀ ਹੋਈ ਐ, ਲਾਹੌਰ ਆਏ ਹੋਏ ਦੀ, ਉਹ ਗੁਰੂ ਅਰਜਨ ਸਾਹਿਬ ਨੇ ਕਰਾਈ ਐ। ਉਨ੍ਹਾਂ ਕੋਲ ਸਾਰੇ ਦੇਸ਼ ਦੇ ਧਾੜਵੀ ਰਹਿੰਦੇ ਨੇ। ਵੱਡੇ ਵੱਡੇ ਨਾਮੀ ਚੋਰ, ਵੱਡੇ ਨਾਮੀ ਡਾਕੂ ਰਹਿੰਦੇ ਨੇ ਉਨ੍ਹਾਂ ਨੇ ਚੋਰੀ ਕਰਾਈ ਐ। ਵਜ਼ੀਰ ਖਾਨ ਜਿਸ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਬਚਨ ਨਾਲ ਜਲੋਧਰ ਰੋਗ ਹਟਿਆ ਸੀ, ਸ਼ਰਧਾਲੂ ਐ। ਝਿੜਕ ਕੇ ਮੋੜ ਦਿੰਦੈ ਸਾਰਿਆਂ ਨੂੰ, ਦਾਲ ਨਹੀਂ ਗਲਦੀ। ਅਖੀਰ ਹੇਠਲੀ ਪੱਧਰ ਤੇ ਕੋਸ਼ਿਸ਼ ਕਰਦੇ ਨੇ ਤੇ ਸੁਲਭੀ ਖਾਨ ਨਾਮ ਦਾ, ਜੋ ਸੁਲਹੀ ਖਾਨ ਦਾ ਭਤੀਜਾ ਹੈ, ਉਸ ਨੂੰ ਭੇਜਦੇ ਨੇ ਕਿ ਜਾ ਕੇ ਗੁਰੂ ਨੂੰ ਫੜ ਲੈ। ਤਸੀਹੇ ਦੇ ਤੇ ਪੁੱਛ ਉਹਦੇ ਕੋਲ ਕਿੰਨੇ ਡਾਕੂ ਨੇ, ਕਿੰਨੇ ਕੁ ਚੋਰ ਨੇ। ਜਹਾਂਗੀਰ ਦੀ ਚੋਰੀ ਨਾ ਨਿਕਲੀ ਤਾਂ ਸਾਨੂੰ ਕਹਿ ਦੇਈਂ।

ਸਾਜਿਸ਼ ਕਰਕੇ, ਉਹ ਫੌਜ ਲੈ ਕੇ, ਸੌ ਸਵਾਰ ਲੈ ਕੇ ਚੜ੍ਹਦੈ। ਮਹਾਰਾਜ ਜੀ ਨੂੰ ਖਬਰ ਹੁੰਦੀ ਐ। ਖਬਰ ਮਿਲੀ ਕਿ ਮਹਾਰਾਜ, ਇਕ ਹਾਕਮ, ਫੌਜਦਾਰ ਜਿਸਦਾ ਨਾਮ ਸੁਲਭੀ ਹੈ ਐਸ ਤਰ੍ਹਾਂ ਦੇ ਨਾਲ ਉਹ ਆ ਰਿਹੈ ਤੇ ਉਹ ਸਿੱਖੀ ਨੂੰ ਅੱਧੋ-ਅੱਧ ਵੰਡਣਾ ਚਾਹੁੰਦੈ। ਮਹਾਰਾਜ ਜੀ ਚੁੱਪ ਕਰ ਰਹੇ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਕੋਈ ਹਥਿਆਰ ਲਈਏ, ਕੋਈ ਉਪਾਅ ਕਰੀਏ ਆਪਾਂ, ਸਵਾਰਾਂ ਦਾ ਮੁਕਾਬਲਾ ਕਰੀਏ, ਇਸ ਤਰ੍ਹਾਂ ਠੀਕ ਨਹੀਂ ਹੈ। ਮਹਾਰਾਜ ਕਹਿੰਦੇ ਸਾਡੇ ਕੋਲ ਤਾਂ ਬਹੁਤ ਵੱਡੇ-ਵੱਡੇ ਹਥਿਆਰ ਨੇ। ਸਾਡੇ ਕੋਲ ਉਹ ਗੁਰਜ ਹੈ, ਜਿਹੜੀ ਕਦੇ ਹਾਰ ਨਹੀਂ ਮੰਨਦੀ। ਹਮੇਸ਼ਾ ਜਿੱਤ ਹੁੰਦੀ ਹੈ ਓਹਦੀ। ਭੀਮਸੈਨ ਦੀ ਗੁਰਜ ਸੀ, ਕਦੇ ਹਾਰ ਨਹੀਂ ਸੀ ਹੋਈ ਉਹਦੀ ਜ਼ਿੰਦਗੀ 'ਚ। ਕਹਿੰਦੇ ਉਸ ਤੋਂ ਵੱਡੀ ਗੁਰਜ ਐ ਤੇ ਸਾਡੇ ਹੱਥ 'ਚ ਖੰਡਾ ਹੈ ਜਿਹਦਾ ਵਾਰ ਕਦੇ ਜ਼ਾਇਆ ਨਹੀਂ ਜਾਂਦਾ, ਅਚੁੱਕ ਵਾਰ ਹੈ ਉਸ ਦਾ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਅੱਜ ਤਕ ਤਾਂ ਦੇਖਿਆ ਨਹੀਂ ਹੈ, ਉਸ ਵੇਲੇ ਗੁਰੂ ਮਹਾਰਾਜ ਜੀ ਸੰਗਤ ਨੂੰ ਦੱਸਣ ਵਾਸਤੇ ਆਪਣੇ ਹਥਿਆਰਾਂ ਦੀ ਜਾਣਕਾਰੀ ਕਰਾਉਂਦੇ ਨੇ-

*ਧਾਰਨਾ - ਗਰੀਬੀ ਗਦਾ ਹਮਾਰੀ ਹੈ,*
*ਅੱਗੇ ਕੋਊ ਨ ਟਿਕੇ ਵਿਕਾਰੀ।*

ਮਹਾਰਾਜ ਕਹਿਣ ਲੱਗੇ, "ਗੁਰਸਿੱਖੋ! ਸਾਡੇ ਕੋਲ ਤਾਂ ਜਿਹੜੀ ਗੁਰਜ ਹੈ, ਉਹ ਨਿਮਰਤਾ ਦੀ ਗੁਰਜ ਹੈ ਤੇ ਜਿਹੜਾ ਸਾਡੇ ਕੋਲ ਖੰਡਾ ਹੈ, ਉਹ ਚਰਨਾਂ ਦੀ ਧੂੜ ਹੋ ਜਾਣਾ ਹੈ।

*ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ॥*
*ਗੁਰ ਪੂਰੇ ਏਹ ਗਲ ਸਾਰੀ॥ ਅੰਗ - 628*

ਸਾਡੇ ਪੂਰੇ ਗੁਰੂ ਮਹਾਰਾਜ ਨੇ ਇਹ ਗੱਲ ਦੱਸੀ ਹੈ।

ਸੋ ਸੁਲਭੀ ਖਾਨ ਚੜ੍ਹਾਈ ਕਰਕੇ ਆਉਂਦੈ, ਜਦੋਂ ਰਸਤੇ ਵਿਚ ਬਿਆਸਾ ਪਾਰ ਕਰਿਆ, ਇਕ ਮੰਜ਼ਲ ਪਿਛੇ ਰਹਿ ਗਿਆ, ਉਸ ਵੇਲੇ ਉਸ ਦੀ ਫੌਜ ਵਿਚ ਇਕ ਸਿਪਾਹੀ ਸੀ ਜਿਹਦਾ ਨਾਮ ਸੀ ਸੱਯਦ ਹਸਨ ਅਲੀ। ਉਹ ਕਹਿਣ ਲੱਗਿਆ ਕਿ ਖਾਨ ਸਾਹਿਬ! ਮੇਰੀ ਦੋ ਮਹੀਨੇ ਦੀ ਤਨਖਾਹ ਤੁਸੀਂ ਦਿਤੀ ਨਹੀਂ ਹੈ। ਹੋਰ ਸਾਰਿਆਂ ਨੂੰ ਦੇ ਦਿਤੀ। ਸੁਲਭੀ ਖਾਨ ਨੇ ਦੋ ਚਾਰ ਗਾਲ੍ਹਾਂ ਕੱਢ ਦਿੱਤੀਆਂ, ਇਹਨੂੰ ਤਹਿਸ਼ ਆਇਆ ਇਹਨੇ ਕਿਰਪਾਨ ਕੱਢੀ ਉਹਦਾ ਸਿਰ ਉਥੇ ਹੀ ਵੱਢ ਦਿਤਾ।

ਮਹਾਰਾਜ ਕੋਲ ਖਬਰ ਆ ਗਈ ਕਹਿਣ ਲੱਗੇ, "ਮਹਾਰਾਜ! ਉਹ ਤਾਂ ਰਾਹ 'ਚ ਹੀ ਮਰ ਗਿਆ।" ਪ੍ਰਿਥੀ ਚੰਦ ਨੂੰ ਬੜਾ ਅਫਸੋਸ ਹੋਇਆ, ਪ੍ਰਿਥੀ ਚੰਦ ਨੇ ਜਾ ਕੇ ਸੁਲਹੀ ਖਾਨ ਨੂੰ ਕਿਹਾ ਕਿ ਉਹ ਤੇਰਾ ਭਤੀਜਾ ਸੀ ਨਾ ਉਹ ਸਾਜਿਸ਼ ਕਰਕੇ ਮਰਵਾ ਦਿਤਾ। ਉਨ੍ਹਾਂ ਨੇ ਬੰਦੇ ਭੇਜ ਦਿਤੇ ਤੇ ਉਨ੍ਹਾਂ ਨੇ ਉਸ ਨੂੰ ਮਾਰ ਦਿਤਾ। ਸਹੀ ਗੱਲ ਉਹਨੂੰ ਦੱਸਣ ਨਾ ਦੇਵੇ, ਫੇਰ ਵੀ ਨਿੰਦਕ ਜਿਹੜਾ ਹੁੰਦਾ ਹੈ ਉਹ ਹਟਦਾ ਨਹੀਂ ਹੁੰਦਾ। ਸਮਾਂ ਪਾ ਕੇ ਸੁਲਹੀ ਖਾਨ ਜਿਹੜਾ ਵੱਡਾ ਅਫਸਰ ਸੀ, ਉਹ ਕਾਫੀ ਫੌਜ ਲੈ ਕੇ ਚਲਦੈ। ਜਦੋਂ ਉਹਦੀ ਖਬਰ ਆਉਂਦੀ ਹੈ ਤੇ ਉਸ ਵੇਲੇ ਵਿਚਾਰ ਹੁੰਦੀ ਹੈ, ਮੁਖੀ-ਮੁਖੀ ਬਾਬਾ ਬੁੱਢਾ, ਭਾਈ ਗੁਰਦਾਸ ਜੀ, ਭਾਈ ਕਲਿਆਣਾ ਜੀ, ਭਾਈ ਬਿਧੀ ਚੰਦ ਜੀ ਤੇ ਭਾਈ ਪ੍ਰਾਣਾ, ਭਾਈ ਜੇਠਾ ਜੀ ਇਹ ਸਾਰੇ ਇਕੱਠੇ ਹੁੰਦੇ ਨੇ ਤੇ ਵਿਚਾਰ ਕਰਦੇ ਨੇ ਕਿ ਐਉਂ ਕਰੋ ਕਿ ਆਪਾਂ ਚਿੱਠੀ ਲਿਖੋ ਕਿ ਗੁਰੂ ਸਾਹਿਬ ਦਾ ਕੋਈ ਦੋਸ਼ ਨਹੀਂ ਹੈ, ਪਹਿਲਾਂ ਪੜਤਾਲ ਕਰੋ ਤੁਸੀਂ ਆ ਕੇ। ਪੜਤਾਲੀਆ ਕਮੇਟੀ ਭੇਜੋ, ਇਹ ਐਵੇਂ ਝੂਠੀਆਂ ਸ਼ਿਕਾਇਤਾਂ ਨੇ ਜੋ ਇਨ੍ਹਾਂ ਦੇ ਖਿਲਾਫ ਲਾਈਆਂ ਨੇ। ਦੂਸਰਾ ਉਨ੍ਹਾਂ ਨੇ ਕਿਹਾ ਕਿ ਐਉਂ ਕਰੋ ਕਿ ਕੋਈ ਡੈਪੂਟੇਸ਼ਨ (ਪ੍ਰਤੀਨਿਧ) ਲੈ ਕੇ ਚੱਲੋ। ਤੀਸਰਾ ਇਹਨੇ ਕਿਹਾ ਕਿ ਕੋਈ ਉਪਾਅ ਕਰੋ, ਹੱਥ ਬਾਹਾਂ ਦਿਤੇ ਨੇ ਆਪਾਂ ਨੂੰ ਪ੍ਰਮੇਸ਼ਰ ਨੇ ਮੁਕਾਬਲਾ ਕਰੀਏ ਇਨ੍ਹਾਂ ਦਾ। ਗੁਰੂ ਸਾਹਿਬ ਦੇ

ਕੋਲ ਤਿੰਨੇ ਮਤੇ ਰੱਖ ਦਿਤੇ। ਮਹਾਰਾਜ ਨੂੰ ਕਹਿੰਦੇ ਕਿ ਹੁਕਮ ਦੇਵੋ ਤੇ ਆਪ ਵੀ ਦੱਸੋ ਕਿ ਆਪ ਦਾ ਕੀ ਮਤਾ ਹੈ। ਮਹਾਰਾਜ ਕਹਿੰਦੇ ਸਾਡੇ ਤਾਂ ਮਤਾ ਇਹ ਕਿ ਅੱਖਾਂ ਮੀਟ ਕੇ ਵਾਹਿਗੁਰੂ ਦੇ ਧਿਆਨ 'ਚ ਬੈਠ ਜਾਓ। ਜਿਹਦੇ ਹੈਗੇ ਉਹ ਆਪੇ ਰਾਖੀ ਕਰੂਗਾ। ਆਪ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਕਰਾਂਦੇ ਨੇ -

*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥*
*ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥*
*ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥*
*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥*
*ਅੰਗ - 371*

ਏਧਰਲੇ ਪਾਸੇ ਜਦੋਂ ਸੁਲਹੀ ਖਾਨ ਆਉਂਦੈ, ਪ੍ਰਿਥੀ ਚੰਦ ਨੂੰ ਨਾਲ ਲੈਣ ਵਾਸਤੇ ਉਹਦੇ ਪਿੰਡ ਚਲਿਆ ਜਾਂਦੈ। ਉਥੇ ਜਿਸ ਵਕਤ ਜਾਂਦਾ ਹੈ ਤਾਂ ਪ੍ਰਿਥੀ ਚੰਦ ਨੇ ਬੜੀਆਂ ਬਿਲਡਿੰਗਾਂ ਵਾਸਤੇ ਆਵੇ ਬਣਾਏ ਸੀ, ਉਹ ਦਿਖਾਉਣ ਵਾਸਤੇ ਲਿਜਾਂਦਾ ਹੈ, ਜਦੋਂ ਆਵੇ ਦਿਖਾ ਰਿਹਾ ਸੀ ਤਾਂ ਘੋੜਾ ਐਨਾ ਡਰਿਆ ਅਚਾਨਕ ਉਹਨੇ ਚਾਰੋਂ ਪੈਰ ਚੁੱਕ ਕੇ ਭੱਠੇ 'ਚ ਛਾਲ ਮਾਰੀ। ਪਹਿਲੀ ਕੰਢੇ ਤੇ ਲੱਗੀ ਦੂਜੀ ਵਿਚਾਲੇ ਜਿਥੇ ਜਲ ਰਿਹਾ ਸੀ ਉਥੇ ਮਾਰੀ। ਘੋੜਾ ਵੀ ਜਲ ਗਿਆ ਤੇ ਸੁਲਹੀ ਖਾਨ ਵੀ ਜਲ ਗਿਆ।

ਜਦੋਂ ਮਹਾਰਾਜ ਨੂੰ ਪਤਾ ਲੱਗਾ, "ਆਪ ਨੇ ਫੁਰਮਾਨ ਕੀਤਾ ਕਿ -

*ਸੁਲਹੀ ਤੇ ਨਾਰਾਇਣੁ ਰਾਖੁ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ। ਅੰਗ - 825*

ਵਾਹਿਗੁਰੂ ਨੇ ਕੁਹਾੜਾ ਕੱਢ ਕੇ ਸਿਰ ਵੱਢ ਦਿਤਾ ਇਹਦਾ।

*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ॥ ਅੰਗ - 825*

ਚੜ੍ਹਾਈ ਕਰ ਜਾਂਦੈ ਤੇ ਪ੍ਰਿਥੀ ਚੰਦ ਨੂੰ ਬੜਾ ਅਫਸੋਸ ਹੋਇਆ ਕਿ ਦੋ ਵਾਰ ਕਰੇ ਤੇ ਦੋਵੇਂ ਖਾਲੀ ਚਲੇ ਗਏ। ਜਿਸ ਵੇਲੇ ਵਾਪਸ ਜਾਂਦੇ ਨੇ, ਮਿਹਰਬਾਨ ਕੋਲ ਜਾਂਦੇ ਨੇ ਉਹ ਕਹਿੰਦੈ ਕਿ ਮੈਨੂੰ ਮਤਬੰਨਾ ਬਣਾਇਆ ਸੀ ਗੁਰੂ ਮਹਾਰਾਜ ਨੇ ਜਦੋਂ ਓਲਾਦ ਨਹੀਂ ਸੀ ਹੋਈ, ਜਦੋਂ ਓਲਾਦ ਹੋ ਗਈ ਹੁਣ ਮੈਨੂੰ ਕੱਢ ਦਿਤਾ। ਮੇਰਾ ਵੀ ਗੁਰਿਆਈ ਦੇ ਉਤੇ ਹੱਕ ਹੈ, ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਵਜ਼ੀਰ ਖਾਨ ਨੇ ਇਹ ਗੱਲ ਸੋਚ ਕੇ ਕਿ ਰੋਜ਼ ਦਾ ਝੇੜਾ ਖਤਮ ਕਰੀਏ ਤਾਂ ਉਨ੍ਹਾਂ ਨੇ ਤਿੰਨ ਮਸੰਦਾਂ ਦੀ ਸਿੱਖੀ ਇਹਨੂੰ ਦਿਵਾ ਦਿਤੀ। ਇਕ ਬੰਨੂ ਦੀ ਟਾਕ ਦੀ, ਇਕ ਡੇਰਹਾ ਗਾਜ਼ੀਖਾਨ ਦੀ ਤੇ ਇਕ ਚਨਿਓਟ ਦੀ। ਉਨ੍ਹਾਂ ਗੁਰਸਿੱਖਾਂ ਨੂੰ ਜਦੋਂ ਪਤਾ ਲਗਦੈ ਕਿ ਸਾਡੀ ਸਿੱਖੀ ਓਧਰ ਚਲੀ ਗਈ ਤਾਂ ਉਨ੍ਹਾਂ ਜਵਾਬ ਦੇ ਦਿਤਾ ਕਿ ਅਸੀਂ ਕੋਈ ਮਸੰਦ ਨਹੀਂ ਮੰਨਣਾ। ਮਸੰਦ ਆਉਂਦੇ ਨੇ, ਇਹ ਕਹਿੰਦੇ ਨੇ ਕਿ ਤੂੰ ਤਾਂ ਓਹਦਾ ਮਸੰਦ ਐਂ ਜਿਹਨੇ ਤੈਨੂੰ ਦੇਣੈ। ਸਾਡਾ ਦਸਵੰਧ ਗੁਰੂ ਕੋਲ ਜਾਊ। ਗੁਰੂ ਜੀ ਐਨੇ ਦਿਆਲੂ ਨੇ ਕਿ ਹੁਕਮਨਾਮਾ ਭੇਜ ਦਿਤਾ ਕਿ ਭਾਈ, ਤੁਸੀਂ ਜੋ ਦਸਵੰਧ ਦੀ ਰਕਮ ਸਾਨੂੰ ਭੇਜਦੇ ਓਂ ਤਿੰਨਾਂ ਥਾਵਾਂ ਤੋਂ, ਤੁਸੀਂ ਇਹਨੂੰ ਮਿਹਰਬਾਨ ਨੂੰ ਦੇ ਦਿਆ ਕਰੋ। ਕੋਈ ਗੱਲ ਨਹੀਂ ਐਸੀ ਹੁੰਦੀ ਆਪ ਦੇ ਵਲੋਂ। ਸੋ ਏਸ ਤਰ੍ਹਾਂ ਦੇ ਨਾਲ ਚੁਗਲੀਆਂ ਕਰਦੇ ਨੇ।

ਜਹਾਂਗੀਰ ਦੇ ਲੜਕੇ ਖੁਸਰੋ ਨੇ ਉਸਦੇ ਖਿਲਾਫ਼ ਬਗਾਵਤ ਕਰ ਦਿਤੀ। ਲੇਕਿਨ ਲੜਾਈ 'ਚ ਹਾਰ ਗਿਆ, ਹਾਰਿਆ ਹੋਇਆ ਪਾਣੀਪਤ ਤੋਂ ਹੁੰਦਾ ਹੁੰਦਾ ਇਥੇ ਆਉਂਦੈ ਤਾਂ ਗੁਰੂ ਮਹਾਰਾਜ ਤਰਨਤਾਰਨ ਗਏ ਹੋਏ ਨੇ। ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਜਦੋਂ ਪਾਰ ਲੰਘਦੈ ਉਸ ਵੇਲੇ ਫੌਜ ਸਾਰੀ ਭੁੱਖੀ ਐ, ਪੈਸਾ ਕੋਲ ਕੋਈ ਨਹੀਂ ਹੈ। ਨੇੜੇ ਕੋਈ ਪ੍ਰਸ਼ਾਦੇ ਦਾ ਬੰਦੋਬਸਤ ਨਹੀਂ ਹੈ, ਉਸ ਵੇਲੇ ਪਤਾ ਲੱਗਿਆ ਕਿ ਗੁਰੂ ਨਾਨਕ ਦੀ ਗੱਦੀ ਦੇ ਜਿਹੜੇ ਪੰਜਵੇਂ ਪਾਤਸ਼ਾਹ ਨੇ ਉਹ ਏਥੇ ਨੇੜੇ ਹੀ ਨੇ ਤਰਨਤਾਰਨ। ਉਥੋਂ ਫੌਜ ਦਾ ਰੁੱਖ ਮੋੜਿਆ ਤੇ ਗੁਰੂ ਮਹਾਰਾਜ ਦੇ ਚਰਨਾਂ 'ਚ ਆ ਕੇ ਨਮਸਕਾਰ ਕਰੀ, ਬੜਾ ਦੀਨ ਹੋਇਆ ਤੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਮੈਂ ਜਹਾਂਗੀਰ ਦਾ ਲੜਕਾ ਹਾਂ, ਇਸ ਤਰ੍ਹਾਂ ਮੈਂ ਮਾਰਿਆ-ਮਾਰਿਆ ਫਿਰਦਾ ਹਾਂ, ਮੇਰਾ ਕਿਤੇ ਹੱਥ ਨਹੀਂ ਪੈਂਦਾ। ਕ੍ਰਿਪਾ ਕਰੋ ਤੁਸੀਂ ਮੈਨੂੰ ਦੋ ਲੱਖ ਰੁਪਿਆ ਦੇ ਦਿਓ। ਮੇਰੀ ਸਹਾਇਤਾ ਕਰੋ। ਫੇਰ ਮੈਂ ਜਹਾਂਗੀਰ ਨਾਲ ਯੁੱਧ ਕਰਾਂਗਾ ਤੇ ਜੇ ਮੈਂ ਜਿੱਤ ਗਿਆ ਤਾਂ ਪੰਜਾਬ ਦਾ ਰਾਜ ਪਿਸ਼ਾਵਰ ਤੋਂ ਲੈ ਕੇ ਦਿੱਲੀ ਤੱਕ ਜਿੰਨਾਂ ਰਸਤਾ ਹੈ ਸੱਚੇ ਪਾਤਸ਼ਾਹ, ਇਹ ਮੈਂ ਸਾਰਾ ਤੁਹਾਡੀ ਭੇਟਾ ਕਰ ਦੇਵਾਂਗਾ। ਮਹਾਰਾਜ ਕਹਿਣ ਲੱਗੇ, "ਖੁਸਰੋ! ਤੁਹਾਨੂੰ ਰਾਜ ਦੇਣ ਵਾਲਾ ਤੁਹਾਡੇ ਤੋਂ ਰਾਜ ਲਵੇ, ਇਹ ਰਾਜ ਤਾਂ ਗੁਰੂ ਨਾਨਕ ਦੀ ਬਖਸ਼ਿਸ਼ ਹੋਈ ਹੈ ਤੁਹਾਡੇ ਉਤੇ। ਇਹ ਝੂਠੇ ਰਾਜ ਸਾਨੂੰ ਨਹੀਂ ਚਾਹੀਦੇ -

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਅੰਗ - 811*
*ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥*
*ਅੰਗ - 745*

ਸੱਚਾ ਰਾਜਾ ਉਹ ਹੁੰਦੈ –

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਅੰਗ - 186*

ਜਿਹਦਾ ਹੁਕਮ ਧਰਮਰਾਜ ਮੰਨੇ, ਹਵਾ ਮੰਨੇ, ਪਾਣੀ ਮੰਨੇ, ਅੱਗ ਮੰਨੇ ਉਹ ਤਾਂ ਰਾਜਾ ਹੋ ਸਕਦੈ। ਸਾਡੇ ਤਾਂ ਜਿਹੜਾ ਬੰਦਗੀ ਕਰਕੇ ਪ੍ਰਭੂ ਦੇ ਨਾਲ ਇਕਮਿਕ ਹੋ ਗਿਆ, ਉਹ ਅਸਲੀ ਰਾਜਾ ਹੈ –

*ਧਾਰਨਾ - ਚਿਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - 707*

ਕਹਿਣ ਲੱਗੇ, "ਖੁਸਰੋ! ਇਨ੍ਹਾਂ ਰਾਜਾਂ ਦੀ ਸਾਨੂੰ ਲੋੜ ਨਹੀਂ ਹੈ। ਰਾਜ ਭਾਗ, ਸਿਕਦਾਰੀਆਂ ਤਾਂ ਬੰਦਗੀ ਕਰਨ ਵਾਲੇ ਦੇ ਚਰਨਾਂ 'ਚ ਰੁਲਦੀਆਂ ਫਿਰਦੀਆਂ ਨੇ। ਉਹ ਤਾਂ ਝਾਕਦਾ ਵੀ ਨਹੀਂ –

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥ ਅੰਗ - 534*

ਹਾਂ ਤੇਰੀ ਦੀਨ ਦਸ਼ਾ ਦੇਖ ਕੇ, ਗੁਰੂ ਨਾਨਕ ਦਾ ਘਰ ਜਿਹੜਾ ਹੈ ਉਹ ਦੀਨਾਂ ਦੀ ਰਖਸ਼ਾ ਵਾਸਤੇ ਹੈ। ਪ੍ਰਸ਼ਾਦਾ ਛਕ ਲੈ, ਆਪਣੀ ਫੌਜ ਨੂੰ ਛਕਾ ਲੈ, ਆਹ ਪੰਜ ਹਜ਼ਾਰ ਰੁਪਿਆ ਅਸੀਂ ਤੈਨੂੰ ਦਿੰਨੇ ਆਂ, ਰਾਹ ਦਾ ਖਰਚਾ ਆਪਣਾ ਕਰ ਲੈ ਜਿਥੇ ਜਾਣਾ ਉਥੇ ਜਾਹ। ਉਸ ਤੋਂ ਬਾਅਦ ਖੁਸਰੋ ਚਲਿਆ ਜਾਂਦਾ ਹੈ ਤੇ ਜਹਾਂਗੀਰ ਪਿਛੋਂ ਹੀ ਸਜ਼ਾਵਾਂ ਦਿੰਦਾ ਆਉਂਦੈ ਕਿ ਕਿਹਨੇ ਉਹਨੂੰ ਮਦਦ ਦਿਤੀ, ਕਿਹਨੇ ਰੋਟੀ ਖਲਾਈ। ਬੇਅੰਤ ਬੰਦਿਆਂ ਨੂੰ ਸਜ਼ਾਵਾਂ ਦੇ ਦਿਤੀਆਂ, ਸੱਤ ਸੌ ਬੰਦਾ ਗਧਿਆਂ ਤੇ ਗਊਆਂ ਦੀ ਖੱਲ੍ਹ ਵਿਚ ਮੜ੍ਹ ਕੇ ਸੁਕਣਾ ਪਾ ਦਿਤਾ। ਸਾਹ ਘੁੱਟ ਕੇ ਮਰ ਗਏ ਸੀ। ਬਹੁਤ ਸਾਰਿਆਂ ਨੂੰ ਸੂਲੀ ਤੇ ਚਾੜ੍ਹ ਦਿਤਾ। ਇਸ ਤਰ੍ਹਾਂ ਤਕਰੀਬਨ ਵੀਹ ਦਿਨ ਲੰਘ ਜਾਂਦੇ ਨੇ। ਚੰਦੂ ਤੇ ਪ੍ਰਿਥੀਆ ਆਪਸ ਵਿਚ ਸਲਾਹ ਕਰਦੇ ਨੇ, ਪ੍ਰਿਥੀ ਚੰਦ ਨੂੰ ਬੁਲਾਉਂਦੈ ਕਿ ਤੂੰ ਜਲਦੀ ਆ ਜਾ, ਜਹਾਂਗੀਰ ਆਇਆ ਹੋਇਐ ਤੇਰੇ ਮੂੰਹੋਂ ਕਹੀ ਹੋਈ ਗੱਲ ਉਹ ਛੇਤੀ ਮੰਨ ਲਏਗਾ, ਨਾਲੇ ਮੈਂ ਪੂਰਾ ਜ਼ੋਰ ਲਾਊਂ। ਜਿਹੜੇ ਹੋਰ ਵਿਰੋਧੀ ਨੇ ਉਹ ਵੀ ਲਾਉਣਗੇ।

ਸੋ ਇਸ ਤਰ੍ਹਾਂ ਜਦੋਂ ਪ੍ਰਿਥੀਆ ਚਲਦੈ ਤਾਂ ਬੀਬੀ ਕਰਮੋ ਨੇ ਰੋਕਿਆ ਕਿ ਤੂੰ ਜਾਹ ਨਾ, ਸ਼ਗਨ ਮਾੜੇ ਹੁੰਦੇ ਨੇ। ਕਹਿਣ ਲੱਗਿਆ, "ਲੈ, ਮੈਂ ਗੁਰੂ ਮੈਨੂੰ ਸ਼ਗਨ ਮਾੜੇ ਕੀ ਲਗ ਜਾਣਗੇ।" ਚਲਦਾ ਚਲਦਾ ਜਦੋਂ ਹੇਰੀ ਆਉਂਦਾ ਹੈ, ਇਥੇ ਆ ਕੇ ਪ੍ਰਸ਼ਾਦਾ ਬਹੁਤ ਜ਼ਿਆਦਾ ਸੁਆਦੂ ਬਣਿਆ ਹੋਇਆ ਸੀ, ਜ਼ਿਆਦਾ ਖਾ ਗਿਆ, ਰਾਤ ਨੂੰ ਐਸਾ ਸੂਲ ਉਠਿਆ ਤੜਫ-ਤੜਫ ਕੇ ਮਰ ਗਿਆ। ਲਾਹੌਰ ਜਾ ਹੀ ਨਾ ਸਕਿਆ। ਉਸ ਵੇਲੇ ਚੰਦੂ ਇਕੱਲਾ ਰਹਿ ਜਾਂਦੈ ਤੇ ਜਹਾਂਗੀਰ ਉਸ ਨੂੰ ਸਮਝ ਕੇ ਇਸ ਇਲਾਕੇ ਦਾ ਹੈ, ਹਰ ਗੱਲ ਉਸ ਦੇ ਨਾਲ ਕਰਦੈ ਤੇ ਉਸ ਵੇਲੇ ਉਸ ਨੇ ਉਹਦੇ ਨਾਲ ਗੱਲ ਚਲਾਈ, ਕਹਿਣ ਲੱਗਿਆ ਮਹਾਰਾਜ! ਤੁਸੀਂ ਸਾਰਿਆਂ ਨੂੰ ਸਜ਼ਾ ਦੇ ਦਿਤੀ ਤੇ ਇਕ ਬੰਦਾ ਤਾਂ ਰਹਿ ਹੀ ਗਿਆ ਜਿਹੜਾ ਅਸਲੀ ਏਥੇ ਦਾ ਹੈ। ਜਿਹੜੇ ਤੁਹਾਡੇ ਡਾਇਰੀਆਂ ਦੇਣ ਵਾਲੇ ਨੇ ਸਹੀ ਡਾਇਰੀਆਂ ਨਹੀਂ ਦਿੰਦੇ, ਤੁਹਾਡੀ ਸੀ.ਆਈ.ਡੀ. ਸਹੀ ਖਬਰ ਨਹੀਂ ਦਿੰਦੀ। ਜਹਾਂਗੀਰ ਕਹਿਣ ਲੱਗਿਆ, "ਚੰਦੂ ਲਾਲ, ਕੀ ਗੱਲ? ਕਹਿਣ ਲੱਗਿਆ, "ਮਹਾਰਾਜ! ਏਥੇ ਅਰਜਨ ਨਾਮ ਦਾ, ਪਹਿਲਾਂ ਵੀ ਤੁਸੀਂ ਉਹਨੂੰ ਜਾਣਦੇ ਓਂ ਚੰਗੀ ਤਰ੍ਹਾਂ।" ਕਹਿੰਦਾ, "ਹਾਂ ਮੈਨੂੰ ਪਤਾ ਹੈ, ਮੈਂ ਅੱਛੀ ਤਰ੍ਹਾਂ ਜਾਣਦਾ ਹਾਂ ਕਿ ਉਹ ਮੁਸਲਮਾਨਾਂ ਨੂੰ ਵੀ ਭੁਲਾ ਰਿਹੈ, ਹਿੰਦੂਆਂ ਨੂੰ ਵੀ ਭੁਲਾ ਰਿਹਾ ਹੈ ਤੇ ਇਕ ਠੱਗੀ ਬੱਗੀ ਦੀ ਗੱਦੀ ਚਲ ਰਹੀ ਹੈ ਤੇ ਮੈਂ ਇਸ ਗੱਦੀ ਨੂੰ ਖਤਮ ਕਰ ਦੇਣਾ ਚਾਹੁੰਦਾਂ ਹਾਂ। ਉਹ ਤਾਉਜ਼ਕੇ ਜਹਾਂਗੀਰੀ ਵਿਚ ਇਹ ਗੱਲ ਲਿਖੀ ਹੋਈ ਹੈ। ਉਸ ਵੇਲੇ ਕਹਿਣ ਲੱਗਿਆ, "ਮਹਾਰਾਜ! ਅਸਲੀ ਦੋਖੀ ਤਾਂ ਓਹੀ ਰਹਿ ਗਿਆ, ਉਸ ਨੇ ਤਾਂ ਦੋ ਲੱਖ ਰੁਪਿਆ ਦਿਤਾ ਹੈ, ਨਾਲੇ ਤਿਲਕ ਲਾਇਐ, ਅਰਦਾਸ ਕਰੀ ਹੈ ਉਹਦੇ ਰਾਜ ਦੀ। ਮਹਾਰਾਜ, ਸਾਰੇ ਪੰਜਾਬ ਦੇ ਜਿਹੜੇ ਲੋਕ ਨੇ, ਖਾਸ ਕਰਕੇ ਜੱਟ ਇਹ ਲੱਖਾਂ ਦੀ ਤਦਾਦ 'ਚ ਨੇ, ਜੇ ਇਹ ਹਥਿਆਰ ਚੁੱਕ ਲੈਣ ਫੇਰ ਤਾਂ ਤੁਹਾਡੀਆਂ ਫੌਜਾਂ ਦਾ ਤਾਂ ਪਤਾ ਨਹੀਂ ਕੀ ਬਣੇ। ਇਨ੍ਹਾਂ ਦੇ ਉਤੇ ਜਾਨ ਦਿੰਦੇ ਨੇ, ਜੇ ਤੁਸੀਂ ਇਨ੍ਹਾਂ ਦਾ ਛੇਤੀ ਬੰਦੋਬਸਤ ਨਾ ਸੋਚਿਆ, ਇਹ ਤਾਂ ਰਾਜ ਵਾਸਤੇ ਬੜਾ ਭਾਰੀ ਖਤਰਾ ਹੋ ਜਾਣੈ। ਫੇਰ ਕਹਿਣ ਲੱਗਾ, "ਮਹਾਰਾਜ ਉਹਦੇ ਕੋਲ ਤਾਂ ਵੱਡੇ-ਵੱਡੇ ਨਾਮੀ ਡਾਕੂ ਚੋਰ ਤੇ ਆਪ ਬੜਾ ਜਾਦੂਗਰ ਐ, ਪਹਿਲਾਂ ਸੁਲਹੀ ਖਾਨ ਮਰਵਾ ਦਿਤਾ, ਸੁਲਹੀ ਖਾਨ ਨੂੰ ਜਾਦੂ ਕਰਕੇ ਮਰਵਾ ਦਿਤਾ, ਬੀਰਬਲ ਨੇ ਇਸ ਤਰ੍ਹਾਂ ਗੱਲ ਕਹੀ ਸੀ ਅਕਬਰ ਵੇਲੇ ਉਹਦੇ ਉਤੇ ਵੀ ਜਾਦੂ ਕਰ ਦਿਤਾ, ਉਹ ਵੀ ਉਥੇ ਹੀ ਮਰ ਗਿਆ। ਇਹਦੇ ਨਾਲ ਛੇਤੀ ਸਿਝਣਾ ਚਾਹੀਦੈ, ਜੇ ਨਾ ਛੇਤੀ ਸਿਝਿਆ ਤਾਂ ਇਹਦੀ ਤਾਕਤ ਐਡੀ ਹੋ ਜਾਏਗੀ ਕਿ ਸ਼ਾਹੀ ਫੌਜ ਖਤਰੇ 'ਚ ਪੈ ਜਾਏਗੀ, ਰਾਜ ਖਤਰੇ 'ਚ ਪੈ ਜਾਏਗਾ। ਕੰਨਾਂ ਦਾ ਕੱਚਾ ਰਾਜਾ, ਉਸ ਵੇਲੇ ਹੁਕਮ ਦੇ ਦਿਤਾ, ਕਿ ਗੁਰੂ ਅਰਜਨ ਨੂੰ ਮੇਰੇ ਹਾਜ਼ਰ ਕਰੋ।

ਅਹਿਦੀਏ ਚਲੇ ਜਾਂਦੇ ਨੇ। ਮਹਾਰਾਜ ਕਹਿੰਦੇ ਨੇ ਕੋਈ ਨਾ ਅਸੀਂ ਆਪੇ ਆ ਜਾਂਦੇ ਹਾਂ। ਫਿਕਰ ਨਾ ਕਰੋ। ਮਹਾਰਾਜ ਜੀ ਨੇ ਭਵਿੱਖ ਵਿਚਾਰਿਆ ਤੇ ਪਤਾ ਲਗ ਗਿਆ ਕਿ ਥੋੜ੍ਹੇ ਦਿਨ ਸਾਡੇ ਸਰੀਰ ਛੱਡਣ 'ਚ ਰਹਿ ਗਏ। ਗੁਰੂ

ਸਮਰੱਥ ਹੋਇਆ ਕਰਦੈ। ਜੇ ਚਾਹੁੰਣ ਠੀਕ ਹੈ ਜੇ ਨਾ ਚਾਹੁੰਣ ਤਾਂ ਚਾਹੇ ਪੰਜਾਹ ਸਾਲ ਹੋਰ ਨਾ ਸਰੀਰ ਛੱਡਣ। ਉਸ ਵੇਲੇ ਵੀਚਾਰ ਕੇ ਆਪ ਜੀ ਨੇ ਬਾਬਾ ਬੁੱਢਾ ਜੀ ਨੂੰ ਬੁਲਾਇਆ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਗੁਰੂ ਛੇਵੇਂ ਪਾਤਸ਼ਾਹ ਜੀ ਨੂੰ ਬੁਲਾਇਆ ਤੇ ਆਪ ਨੇ ਆਪਣੀ ਗੁਰਿਆਈ ਪੰਜ ਪ੍ਰਕਰਮਾ ਕਰਕੇ, ਨਾਰੀਅਲ ਤੇ ਟਕਾ ਮੱਥਾ ਟੇਕ ਦਿਤਾ। ਕਹਿਣ ਲੱਗੇ, "ਲਓ ਬਾਬਾ ਜੀ, ਰਾਜਗੱਦੀ ਦਾ ਤਿਲਕ ਹੈ, ਇਹ ਉਸ ਵੇਲੇ ਲਾਇਓ ਜਦੋਂ ਅਸੀਂ ਸਰੀਰ ਛੱਡ ਜਾਵਾਂਗੇ ਤੇ ਇਹ ਪੂਰਨ ਗੁਰੂ ਹੋਣਗੇ, ਸ਼ਸਤਰਧਾਰੀ ਗੁਰੂ ਹੋਣਗੇ। ਦੋਖੀਆਂ, ਦੈਂਤਾਂ, ਮਾੜੇ ਬੰਦਿਆਂ ਨੂੰ ਦੰਡ ਦੇਣਗੇ। ਤੁਹਾਡੇ ਵੀ ਬਚਨ ਨੇ ਜ਼ਬਰਦਸਤ ਇਨ੍ਹਾਂ ਬਾਰੇ। ਸੋ ਇਸ ਤਰ੍ਹਾਂ ਗੱਦੀ ਦੇਣ ਤੋਂ ਬਾਅਦ ਆਪ ਦੂਸਰੇ ਦਿਨ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੇ ਨੇ, ਸਾਰੇ ਅਸਥਾਨਾਂ ਤੇ ਜਾ ਕੇ ਦੇਗ ਰੱਖ ਕੇ ਮੱਥਾ ਟੇਕਦੇ ਨੇ, ਉਸ ਤੋਂ ਬਾਅਦ ਦਰਬਾਰ ਸਾਹਿਬ ਵਿਚ ਆਉਂਦੇ ਨੇ, ਮਸਤਕ ਨਿਵਾਇਆ, ਪੂਰੇ ਗਹੁ ਦੇ ਨਾਲ ਦੇਖਿਆ ਕਿ ਅੱਜ ਤੋਂ ਬਾਅਦ ਅਸੀਂ ਫੇਰ ਏਸ ਥਾਂ ਤੇ ਨਹੀਂ ਆਉਣਾ। ਉਸ ਤੋਂ ਬਾਅਦ ਮਹਿਲਾਂ 'ਚ ਜਾਂਦੇ ਨੇ, ਮਾਤਾ ਗੰਗਾ ਜੀ ਨੂੰ ਸਾਰੀ ਗੱਲ ਦੱਸੀ ਕਿ ਹੁਣ ਅਸੀਂ ਜਾ ਰਹੇ ਹਾਂ ਤੇ ਹੁਣ ਅਸੀਂ ਆਉਣਾ ਨਹੀਂ ਹੈ। ਆਹ ਤੁਹਾਡੇ ਤੇ ਸਾਡਾ ਮੇਲਾ ਅੰਤ ਦਾ ਹੀ ਮੇਲਾ ਹੈ। ਜਦੋਂ ਐਨਾ ਬਚਨ ਅਚਾਨਕ ਮਾਤਾ ਜੀ ਸੁਣਦੇ ਨੇ, ਉਸ ਵੇਲੇ ਬਹੁਤ ਵੈਰਾਗ ਦੇ ਵਿਚ ਆ ਗਏ, ਦੋਵੇਂ ਹੱਥ ਜੋੜ ਕੇ ਆਪ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੇ ਨੇ –

*ਧਾਰਨਾ - ਮੈਥੋਂ ਝੱਲਿਆ ਵਿਛੋੜਾ ਨਹੀਂਓ ਜਾਣਾ,*
*ਜੱਗ ਰਹਿਣਾ ਔਖਾ ਹੋਜੂਗਾ।*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।।*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*
*ਅੰਗ - 83*

ਨੇਤਰਾਂ 'ਚੋਂ ਜਲ ਜਾਂਦਾ ਹੈ, ਮਹਾਰਾਜ! ਐਉਂ ਛਿਪਣ ਹੋ ਜਾਓਂਗੇ। ਕਿਵੇਂ ਅਸੀਂ ਜੀਵਾਂਗੇ ਆਪ ਤੋਂ ਬਗੈਰ? ਮਹਾਰਾਜ ਕਹਿਣ ਲੱਗੇ, "ਦੇਖੋ, ਤੁਸੀਂ ਗਿਆਨਵਾਨ ਓਂ, ਇਹ ਤਾਂ ਇਕ ਤਮਾਸ਼ਾ ਹੋ ਰਿਹੈ –

*ਨਹ ਕਿਛੁ ਜਨਮੈ ਨਹ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥ ਅੰਗ - 281*

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥ ਅੰਗ - 736*

ਇਹ ਤਾਂ ਇਕ ਏਕੰਕਾਰ ਜੀ ਖੇਲ੍ਹ ਕਰ ਰਹੇ ਨੇ ਸਾਰੇ ਰੂਪਾਂ 'ਚ, ਤੁਹਾਡਿਆਂ 'ਚ ਸਾਡਿਆਂ 'ਚ, ਮਰਦਾ ਜੰਮਦਾ ਤਾਂ ਕੋਈ ਹੈ ਨਹੀਂ, ਤੁਸੀਂ ਏਸ ਖਿਆਲ ਵਿਚ ਕਿਉਂ ਪਏ ਓਂ? ਧੀਰਜ ਦਿਤੀ, ਦਿਲਾਸਾ ਦਿਤਾ ਕਿ ਤੁਸੀਂ ਧਿਆਨ ਰੱਖਿਓ, ਗੁਰੂ ਹਰਿਗੋਬਿੰਦ ਸਾਹਿਬ ਅਜੇ ਬੱਚੇ ਨੇ, ਬੜੀ ਲੋੜ ਹੈ ਉਨ੍ਹਾਂ ਨੂੰ ਤੁਹਾਡੀ ਅਗਵਾਈ ਦੀ। ਸੋ ਹੁਣ ਸਾਨੂੰ ਖੁਸ਼ੀਆਂ ਬਖਸ਼ੋ।

ਉਸ ਵੇਲੇ ਗੁਰੂ ਮਹਾਰਾਜ ਦੀ ਉਡਦੀ ਉਡਦੀ ਗੱਲ ਸਾਰੀ ਸੰਗਤ ਵਿਚ ਫੈਲ ਗਈ ਕਿ ਗੁਰੂ ਮਹਾਰਾਜ ਤਾਂ ਭਾਣਾ ਵਰਤਾਉਣ ਜਾ ਰਹੇ ਨੇ। ਉਸ ਵੇਲੇ ਸਾਰੀਆਂ ਸੰਗਤਾਂ ਜਿਥੇ ਤੱਕ ਖਬਰ ਮਿਲਦੀ ਹੈ, ਬੜਾ ਭਾਰਾ ਇਕੱਠਾ ਹੋ ਗਿਆ। ਜਿਸ ਤਰ੍ਹਾਂ ਸ੍ਰੀ ਰਾਮਚੰਦਰ ਜੀ ਨੂੰ ਬਨਵਾਸ ਮਿਲਿਆ ਉਸ ਵੇਲੇ ਸਾਰਾ ਹੀ ਅਯੁੱਧਿਆ ਨਾਲ ਤੁਰ ਪਿਆ, ਇਕ ਬੱਚਾ ਵੀ ਪਿਛੇ ਨਹੀਂ ਰਹਿ ਗਿਆ, ਸਾਰੇ ਹੀ ਪਿਛੇ ਤੁਰ ਪਏ ਗੁਰੂ ਮਹਾਰਾਜ ਦੇ। ਮਹਾਰਾਜ ਨੇ ਬਹੁਤ ਵਾਰੀ ਰੁਕ ਕੇ ਕਿਹਾ ਕਿ ਪ੍ਰੇਮੀਓ! ਤੁਸੀਂ ਹੁਣ ਜਾਓ, ਸਾਡੀ ਖੁਸ਼ੀ ਇਸ ਵਿਚ ਹੈ ਤੁਸੀਂ ਜਾਓ। ਅਖੀਰ ਜਦੋਂ ਪਿਪਲੀ ਸਾਹਿਬ ਪਹੁੰਚ ਜਾਂਦੇ ਨੇ ਉਥੇ ਆ ਕੇ ਮਹਾਰਾਜ ਨੇ ਕਿਹਾ ਕਿ ਏਸ ਤੋਂ ਅੱਗੇ ਨਹੀਂ ਤੁਸੀਂ ਜਾਣਾ। ਪੰਜ ਸਿੰਘ ਨਾਲ ਲੈ ਲਏ, ਭਾਈ ਬਿਧੀ ਚੰਦ, ਭਾਈ ਜੇਠਾ ਜੀ, ਭਾਈ ਲੰਗਾਹਾ, ਭਾਈ ਪ੍ਰਾਣਾ, ਭਾਈ ਪੈੜਾ। ਉਸ ਵੇਲੇ ਸਾਰਿਆਂ ਨੇ ਅਰਦਾਸ ਕਰੀ ਪਾਤਸ਼ਾਹ, ਜਦੋਂ ਸ੍ਰੀ ਰਾਮ ਚੰਦਰ, ਲੱਛਮਣ, ਸੀਤਾ ਜੀ ਗਏ ਨੇ ਬਨਵਾਸ ਨੂੰ ਉਸ ਵੇਲੇ ਸਾਰੀ ਅਯੁੱਧਿਆ ਰੋਂਦੀ ਸੀ, ਉਹ ਵਿਛੋੜਾ ਕਿੰਨਾ ਸੀ ਸਿਰਫ ਚੌਦਾਂ ਸਾਲ ਦਾ। ਇਹ ਤਾਂ ਜ਼ਿੰਦਗੀਆਂ ਦੇ ਵਿਛੋੜੇ ਪੈ ਜਾਣੇ ਨੇ ਪਾਤਸ਼ਾਹ, ਮੁਸ਼ਕਲ ਹੋ ਜਾਣੈ ਸਾਨੂੰ ਇਸ ਤਰ੍ਹਾਂ ਬੇਨਤੀ ਕਰਦੇ ਨੇ।

*ਧਾਰਨਾ - ਕਿਵੇਂ ਝੱਲਾਂਗੇ ਵਿਛੋੜਾ ਤੇਰਾ ਪਾਤਸ਼ਾਹ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ।।*
*ਅੰਗ - 708*

ਨੇਤਰਾਂ 'ਚੋਂ ਜਲ ਜਾ ਰਿਹੈ, ਧੀਰਜ ਨਹੀਂ ਬੰਨ ਰਿਹਾ ਮਨ। ਇਕੋ ਹੀ ਗੱਲ ਕਰਦੇ ਨੇ ਕਿ ਇਹ ਨੂਰਾਨੀ ਦਰਸ਼ਨ ਹੁਣ ਫੇਰ ਥੋੜ੍ਹੀ ਦੇਰ ਤੋਂ ਬਾਅਦ ਮੁੜ ਕੇ ਨਹੀਂ ਕਦੇ ਹੋਣੇ। ਮਹਾਰਾਜ ਧੀਰਜ ਦੇ ਰਹੇ ਨੇ, ਕਹਿਣ ਲੱਗੇ, ਪ੍ਰੇਮੀਓਂ! ਜਾਓ ਸਾਡਾ ਬਚਨ ਮੰਨ ਕੇ ਜਾਓ। ਉਸ ਵੇਲੇ ਪੰਜ ਗੁਰਸਿੱਖਾਂ ਨੂੰ ਨਾਲ ਲੈ ਕੇ ਆਪ ਜਾਂਦੇ ਨੇ, ਥੋੜ੍ਹੀ ਥੋੜ੍ਹੀ ਦੂਰ ਜਾ ਕੇ ਪਿਛੇ ਨੂੰ ਮੁੜ ਕੇ ਦੇਖਦੇ ਨੇ। ਉਸ ਵੇਲੇ ਸੰਗਤਾਂ ਸੀਸ ਨਿਵਾ ਦਿੰਦੀਆਂ ਨੇ। ਜਦ ਤਕ ਦਿਸਦੇ ਨੇ ਸੰਗਤ ਖੜ੍ਹੀ ਦੇਖੀ

ਜਾਂਦੀ ਹੈ। ਜਦ ਤਕ ਧੂੜ ਦਿਸਦੀ ਰਹੀ ਉਸੇ ਤਰ੍ਹਾਂ ਖੜ੍ਹੇ ਰਹੇ। ਉਸ ਤੋਂ ਬਾਅਦ ਗੁਰੂ ਮਹਾਰਾਜ ਇਕ ਗੁਰਸਿੱਖ ਨੂੰ ਭੇਜਦੇ ਨੇ ਕਿ ਜਾਹ, ਗੋਇੰਦਵਾਲ ਸਾਹਿਬ ਜਾ ਕੇ ਅਰਥਮੱਲ ਜੀ ਨੇ ਗੁਰੂ ਅਮਰਦਾਸ ਜੀ ਦੇ ਪੋਤਰੇ ਨੇ ਜਿਹੜੇ ਮੋਹਰੀ ਜੀ ਦੇ ਪੁੱਤਰ ਨੇ ਉਨ੍ਹਾਂ ਨੂੰ ਕਹੋ ਕਿ ਸਾਨੂੰ ਕੱਲ੍ਹ ਨੂੰ ਲਾਹੌਰ ਆ ਕੇ ਮਿਲੋ। ਮੁਖੀ ਸੀਗੇ ਕੁਝ ਬਚਨ ਸਮਝਾਉਣੇ ਸੀ। ਉਸ ਵੇਲੇ ਆਪ ਨੂੰ ਇਕ ਆਵਾਜ਼ ਆ ਰਹੀ ਹੈ, ਧਿਆਨ ਦੇ ਕੇ ਸੁਣ ਰਹੇ ਨੇ। ਇਕ ਗੁਰਸਿੱਖ ਦੀ ਹੂਕ ਉਠ ਰਹੀ ਹੈ। ਬਾਰ-ਬਾਰ ਹਿਰਦੇ 'ਚੋਂ ਇਕ ਅਰਦਾਸ ਆ ਰਹੀ ਹੈ, ਲਾਹੌਰ ਦੇ ਗੁਰਸਿੱਖ 'ਚੋਂ ਜਿਸਦਾ ਨਾਮ ਭਾਈ ਸੰਧੂ ਹੈ-

*ਧਾਰਨਾ - ਜਿਵੇਂ ਕ੍ਰਿਸ਼ਨ ਬਿਦਰ ਘਰ ਆਏ,*
*ਮੇਰੇ ਵਿਹੜੇ ਆ ਜਾ ਮਾਲਕਾ।*

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਅੰਗ - 1095*

ਅਰਦਾਸ ਸੁਣ ਰਹੇ ਨੇ, ਏਧਰੋਂ ਸੰਗਤਾਂ ਤੋਂ ਵਿਦਾ ਹੋ ਰਹੇ। ਓਧਰ ਸਿੱਖ ਦੀ ਭਾਵਨਾ ਪੂਰੀ ਕਰਨ ਵਾਸਤੇ ਆਪ ਨੇ ਅਰਦਾਸ ਸੁਣੀ। ਨਾਲ ਜਾਂਦੇ ਗੁਰਸਿੱਖਾਂ ਨੇ ਦੇਖਿਆ ਕਿ ਗੁਰੂ ਸਾਹਿਬ ਗੰਭੀਰ ਹੋ ਰਹੇ ਨੇ ਤੇ ਕਿਸੇ ਪਿਆਰ ਦੀ ਖਿੱਚ ਵਿਚ ਤੁਰੇ ਜਾ ਰਹੇ ਨੇ। ਇਸੇ ਤਰ੍ਹਾਂ ਚਲਦੇ-ਚਲਦੇ ਉਸ ਦੇ ਦਿਲ ਦੀ ਭਾਵਨਾ ਫੇਰ ਆ ਕੇ ਟਕਰਾਈ -

*ਧਾਰਨਾ - ਹਉਂ ਤੁਮਰੀ ਕਰੋਂ ਨਿਤ ਆਸਾ,*
*ਕਦੋਂ ਗਲ ਲਾਵੋਂਗੇ ਸਾਹਿਬਾ।*

*ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ॥*
*ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ॥*
*ਅੰਗ - 1321*

ਅਰਦਾਸ ਹੋ ਰਹੀ ਹੈ, ਗੁਰੂ ਮਹਾਰਾਜ ਤੇਜ਼ ਕਦਮ ਚਲ ਰਹੇ ਨੇ। ਲਾਹੌਰ ਜਾ ਕੇ ਦਾਖਲ ਹੋਏ। ਭਾਈ ਬਿਧੀ ਚੰਦ, ਭਾਈ ਜੇਠਾ ਜੀ ਪੁਛਦੇ ਨੇ ਕਿ ਪਾਤਸ਼ਾਹ! ਧਰਮਸਾਲਾ 'ਚ ਨੂੰ ਚੱਲੀਏ। ਮਹਾਰਾਜ ਕਹਿਣ ਲੱਗੇ ਇਕ ਗਰੀਬ ਗੁਰਸਿੱਖ ਅਰਦਾਸ ਕਰ ਰਿਹੈ ਭਾਈ, ਉਹਦੀ ਭਾਵਨਾ ਅੱਜ ਪੂਰੀ ਕਰਕੇ ਜਾਣੀ ਹੈ। ਸੋ ਗੁਰੂ ਮਹਾਰਾਜ ਭਾਈ ਸੱਧੂ ਦੇ ਘਰ ਚਲੇ ਜਾਂਦੇ ਨੇ, ਖੁਸ਼ੀਆਂ ਹੋ ਗਈਆਂ ਉਸ ਨੂੰ, ਪੈਰ ਨਹੀਂ ਲਗਦਾ ਧਰਤੀ ਤੇ, ਕਿ ਹੈਂ! ਗੁਰੂ ਮਹਾਰਾਜ ਮੇਰੇ ਘਰ ਸਿੱਧੇ ਹੀ ਆ ਗਏ। ਕਹਿਣ ਲੱਗੇ, "ਉਹਦੀ ਕਾਮਨਾ ਪੂਰਨ ਕਰਨੀ ਹੈ।"

*ਕਰਨਿ ਕਾਮਨਾ ਪੂਰਨ ਤਾਂਹੀ।*
*ਸਭਿ ਤਜਿ, ਗਏ ਸਿੱਖਯ ਘਰ ਮਾਂਹੀ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2353*

ਵੱਡੇ-ਵੱਡੇ ਜਿਹੜੇ ਸੇਵਾਦਾਰ ਸੀ ਸਾਰਿਆਂ ਨੂੰ ਤਜ ਕੇ ਇਕ ਗਰੀਬ ਘਰ ਛੋਟੇ ਜਿਹੇ ਕਮਰੇ ਵਿਚ ਆਪ ਚਲੇ ਜਾਂਦੇ ਨੇ -

*ਊਚ ਨੀਚ ਕੀ ਪਰਖ ਨ ਕੋਈ।*
*ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2353*

ਉਚੇ ਨੀਚੇ ਦੀ ਗੱਲ ਨਹੀਂ ਦੇਖੀ, ਪਿਆਰ ਦੀ ਗੱਲ ਦੇਖੀ।

ਪਾਤਸ਼ਾਹ! ਜਿਵੇਂ ਬਿਦਰ ਦੇ ਘਰ ਕ੍ਰਿਸ਼ਨ ਮਹਾਰਾਜ ਆ ਗਏ ਸੀ, ਸਾਰਿਆਂ ਨੂੰ ਛੱਡ ਕੇ ਵੱਡੇ-ਵੱਡੇ ਅਮੀਰਾਂ ਨੂੰ, ਉਹਦੀ ਝੌਂਪੜੀ 'ਚ ਆ ਕੇ ਬਹਿ ਗਏ ਸੀ, ਉਹ ਤਾਂ ਤੁਸੀਂ ਆਦਿ ਤੋਂ ਜੋ ਸੁਭਾਅ ਹੈ ਆਪ ਦਾ ਉਹਦੇ ਮੁਤਾਬਿਕ ਇਹ ਗੱਲ ਕੀਤੀ ਕਿ ਮੇਰਾ ਘਰ ਪਵਿੱਤਰ ਕਰ ਦਿਤਾ। ਉਸ ਵੇਲੇ ਆਪ ਨੇ ਬੜੀ ਸੇਵਾ ਕੀਤੀ, ਪ੍ਰਸੰਨ ਕਰੇ ਗੁਰਸਿੱਖ ਸਾਰੇ। ਕੋਈ ਪਤਾ ਨਹੀਂ ਉਹਨੂੰ ਕਿ ਭਾਣਾ ਵਰਤਣ ਵਾਲਾ ਹੈ। ਪੈਰ ਨਹੀਂ ਲਗਦਾ ਗੁਰਸਿੱਖ ਦਾ, ਸੰਗਤਾਂ ਬੇਅੰਤ ਆਉਂਦੀਆਂ ਨੇ, ਸੰਗਤਾਂ ਬੇਅੰਤ ਆਉਂਦੀਆਂ ਨੇ ਜਦ ਪਤਾ ਲਗਦੈ। ਦੂਸਰੇ ਦਿਨ ਭਾਈ ਅਰਥਮੱਲ ਜੀ ਆ ਜਾਂਦੇ ਨੇ। ਆਪ ਇਕਾਂਤ ਵਿਚ ਉਸਨੂੰ ਦਸਦੇ ਨੇ ਕਿ ਭਾਈ ਅਰਥਮੱਲ ਜੀ! ਹੁਣ ਸਾਡਾ ਅੰਤ ਸਮਾਂ ਆ ਗਿਆ। ਕੁਝ ਦਿਨ ਰਹਿ ਗਏ, ਉਸ ਤੋਂ ਬਾਅਦ ਅਸੀਂ ਆਪਣੇ ਨਿੱਜ ਘਰ ਦੇ ਵਿਚ ਚੱਲ ਕੇ ਪ੍ਰਵੇਸ਼ ਕਰ ਲੈਣੈ। ਕਹਿਣ ਲੱਗੇ, "ਹੈਂ ਪਾਤਸ਼ਾਹ! ਆਹ ਗੱਲ ਹੈ, ਤੁਸੀਂ ਸਰੀਰ ਦੇਣ ਨੂੰ ਤਿਆਰ ਹੋਏ ਹੋਂ?" ਕਹਿੰਦੇ, "ਹਾਂ।" ਕਹਿੰਦਾ, "ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਓਂ, ਕਿਸੇ ਦੀ ਤਾਕਤ ਨਹੀਂ ਕਿ ਤੁਹਾਡਾ ਸਰੀਰ ਲੈ ਲਵੇ।" ਕਹਿੰਦੇ ਉਹ ਤਾਂ ਠੀਕ ਹੈ ਨਹੀਂ ਲੈ ਸਕਦੇ। ਪਰ ਸਾਡੇ ਉਤੇ ਕੁਝ ਜ਼ਿੰਮੇਵਾਰੀਆਂ ਨੇ। ਇਕ ਤਾਂ ਇਹ ਹੈ ਕਿ ਜਦ ਸਾਡੀ ਮਾਤਾ ਜੀ ਨੇ ਤੁਹਾਡੇ ਦਾਦਾ ਜੀ ਗੁਰੂ ਅਮਰਦਾਸ ਮਹਾਰਾਜ ਜੀ ਤੋਂ ਇਹ ਵਰ ਮੰਗਿਆ ਕਿ ਘਰ ਵਿਚ ਗੱਦੀ ਰਹੇ ਤਾਂ ਉਸ ਵਕਤ ਸਹਿਜ ਸੁਭਾਅ ਉਨ੍ਹਾਂ ਦੇ ਮੁੱਖ ਵਿਚੋਂ ਬਚਨ ਨਿਕਲ ਗਿਆ ਕਿ ਤੁਸੀਂ ਚਲਦੀ ਸਰਸਾ ਚਲਦੀ ਨਦੀਂ ਨੂੰ ਬੰਨ੍ਹ ਲਾਉਣਾ ਚਾਹੁੰਦੇ ਓਂ। ਚੰਗਾ ਬੰਨ੍ਹ ਲਾ ਲਓ, ਪਰ ਤਕਲੀਫਾਂ ਵੀ ਨਾਲ ਹੀ ਆਉਣਗੀਆਂ, ਸਰੀਰ ਦੇਣੇ ਪੈਣਗੇ। ਉਹ ਬਚਨ ਸਾਡੇ ਯਾਦ ਹੈ ਗੁਰੂਦੇਵ ਦਾ। ਦੂਸਰਾ ਸਾਡੇ ਕੋਲ ਜਦੋਂ ਕਾਨ੍ਹਾ ਆਇਆ ਸੀ, ਤਾਂ ਉਹ ਬ੍ਰਹਮਗਿਆਨੀ ਪਰ ਉਹ ਬਾਣੀ ਅਸੀਂ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਸੀ ਚਾੜ੍ਹਨਾ ਚਾਹੁੰਦੇ ਕਿਉਂਕਿ ਸੱਚ ਜਿਹੜਾ ਸੀ ਉਹ ਬਗੈਰ ਕੱਪੜਿਆਂ ਤੋਂ ਸੀ। ਅਸੀਂ ਪੜ੍ਹਦੇ ਵਿਚ ਸੱਚ ਰੱਖਿਐ, ਉਹਨੇ ਬਗੈਰ ਪੜ੍ਹਦੇ ਤੋਂ ਸੱਚ ਉਘਾੜ ਦਿਤਾ ਸੀ। ਕਲਜੁਗੀ ਜੀਵਾਂ ਨੇ ਉਨ੍ਹਾਂ ਨੂੰ ਪੜ੍ਹ ਕੇ ਬ੍ਰਹਮਅਸਵੀ ਬਣ ਜਾਣਾ ਸੀ ਤੇ ਕਿਰਤ ਕਮਾਈ ਤੋਂ ਬਗੈਰ -

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥*
*ਅੰਗ - 930*

ਅਸੀਂ ਉਹਨੂੰ ਕਿਹਾ ਸੀ ਕਿ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਦੀ ਕਿਉਂਕਿ ਇਹ ਭਗਤੀ ਸਹਿਤ ਗਿਆਨ ਦਾ ਭੰਡਾਰਾ ਹੈ। ਉਸ ਵੇਲੇ ਵੀ ਉਹਦੇ ਮੁੱਖ 'ਚੋਂ ਨਿਕਲ ਗਿਆ ਸੀ ਕਿ ਤੁਹਾਡੇ ਸਰੀਰ ਦਾ ਅੰਤ ਤੁਹਾਡੇ ਵੈਰੀਆਂ ਦੇ ਘਰ 'ਚ ਹੋਏਗਾ। ਓਸ ਸਾਧੂ ਦਾ ਅਸੀਂ ਬਚਨ ਪੂਰਾ ਕਰਨਾ ਹੈ। ਦੂਸਰਾ ਅਸੀਂ ਇਹ ਪ੍ਰਥਾ ਵਧਾਉਣੀ ਹੈ ਕਿ ਸੰਤਾਂ ਦਾ ਬਚਨ ਕੀਤਾ ਹੋਇਆ ਟਲੇ ਨਾ। ਚੰਦਰਮਾ ਦਾ ਨਾਸ਼ ਹੋ ਜਾਵੇ, ਸੂਰਜ ਦਾ ਹੋ ਜਾਵੇ ਪਰ ਸਾਧੂ ਦੇ ਬਚਨ ਦਾ ਨਹੀਂ ਹੋਣਾ ਚਾਹੀਦਾ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*

ਕਹਿਣ ਲੱਗੇ, "ਅਰਥਮੱਲ ਜੀ! ਸਾਧੂਆਂ ਦਾ ਬੋਲ ਗੁਰੂ ਪਲਟ ਦਿੰਦੇ ਨੇ। ਪਰ ਇਹ ਆਦਿ ਜੁਗਾਦਿ ਤੋਂ ਮਰਿਆਦਾ ਚਲੀਆਂ ਆਉਂਦੀਆਂ ਨੇ, ਪ੍ਰਭੂ ਨੇ ਸਾਧੂ ਦਾ ਬਚਨ ਨਹੀਂ ਟਾਲਿਆ ਕਦੇ। ਸੋ ਇਸ ਤਰ੍ਹਾਂ ਅਸੀਂ ਉਨ੍ਹਾਂ ਦੇ ਬਚਨ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਨਾਲੇ ਬਾਬਾ ਸ੍ਰੀ ਚੰਦ ਜੀ ਇਕ ਵਾਰੀ ਸਹਿਜ ਸੁਭਾਅ ਇਹ ਬਚਨ ਕਰ ਦਿਤਾ ਸੀ ਕਿ ਇਨ੍ਹਾਂ ਦਾ ਸਰੀਰ ਇਨ੍ਹਾਂ ਦੇ ਦੁਸ਼ਮਣਾਂ ਦੇ ਘਰ ਵਿਚ ਜਾਏਗਾ। ਸੋ ਉਨ੍ਹਾਂ ਦਾ ਵੀ ਬਚਨ ਹੈ, ਗੁਰੂ ਅਮਰਦਾਸ ਜੀ ਦਾ ਵੀ ਬਚਨ ਹੈ, ਤੀਸਰੀ ਸਾਡੀ ਇਛਿਆ ਹੈ। ਉਹ ਇਹ ਹੈ ਕਿ ਅਸੀਂ ਉਸ ਜ਼ੁਲਮ ਰਾਜ ਦਾ ਖਾਤਮਾ ਕਰਨ ਵਾਸਤੇ ਆਪਣਾ ਬਲੀਦਾਨ ਦੇਣਾ ਚਾਹੁੰਦੇ ਹਾਂ ਕਿਉਂਕਿ ਸੱਤ ਪਾਤਸ਼ਾਹੀਆਂ ਗੁਰੂ ਨਾਨਕ ਨੇ ਬਖਸ਼ ਦਿਤੀਆਂ ਅਤੇ ਸੱਤ ਸੀਸ ਦੇ ਕੇ ਇਨ੍ਹਾਂ ਤੋਂ ਵਾਪਸ ਲੈ ਲਈਆਂ। ਉਨ੍ਹਾਂ ਨੇ ਬਚਨ ਕਰ ਦਿਤਾ ਸੀ ਕਿ ਜੇ ਤੁਸੀਂ ਅਨਿਆਏ ਕਰੋਗੇ ਤਾਂ ਅਸੀਂ ਸੱਤ ਸੀਸ ਦੇ ਕੇ ਵਾਪਸ ਲੈ ਲੈਣੈ। ਸੋ ਪਹਿਲਾ ਸੀਸ ਅਸੀਂ ਆਪਣਾ ਦੇਣਾ ਚਾਹੁੰਦੇ ਹਾਂ, ਸੋ ਇਸ ਕਰਕੇ ਇਹ ਸਾਰੀ ਖੇਲ੍ਹ ਰਚੀ ਹੈ। ਸੋ ਉਸ ਵੇਲੇ ਅਰਥਮੱਲ ਜੀ ਤੋਂ ਵੈਰਾਗ ਨਾ ਥੰਮਿਆ ਗਿਆ ਕਹਿਣ ਲੱਗੇ, "ਪਾਤਸ਼ਾਹ! ਜੇ ਜਾਣੈ ਤਾਂ ਮੈਂ ਚਲਿਆ ਜਾਨਾਂ। ਮੈਂ ਆਪ ਦੀ ਥਾਂ ਚਲਿਆ ਜਾਨਾਂ। ਮਹਾਰਾਜ ਕਹਿਣ ਲੱਗੇ, "ਕੋਈ ਗੱਲ ਨਹੀਂ ਹੈ, ਤੁਹਾਨੂੰ ਜ਼ਿਆਦਾ ਵਿਯੋਗ ਨਹੀਂ ਸਾਡਾ ਸਹਿਣਾ ਪੈਣਾ, ਅੱਜ ਤੋਂ 40ਵੇਂ ਦਿਨ ਤੁਸੀਂ ਵੀ ਸਾਡੇ ਕੋਲ ਆ ਜਾਓਂਗੇ। 40 ਦਿਨ ਤੁਸੀਂ ਠਹਿਰੋ।

*ਰਹੀ ਆਰਬਲ ਬਾਸੁਰ ਚਾਲੀ॥*
*ਤਬਿ ਤੁਮ ਕਾਯਾਂ ਤਜੋ ਸੁਖਾਲੀ॥*
*ਮਿਲਹੁ ਆਨਿ ਪਰਲੋਕ ਸੁ ਮੋਹੀ॥*
*ਨਹਿੰ ਬਿਯੋਗ ਬਹੁ ਦਿਨ ਕੋ ਹੋਹੀ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2356*

ਕਹਿੰਦੇ ਬਹੁਤੇ ਦਿਨਾਂ ਦਾ ਵਿਯੋਗ ਨਹੀਂ ਹੋਣਾ ਕਿ ਤੁਸੀਂ ਚਾਲੀ ਦਿਨਾਂ ਦੇ ਵਿਚ ਸੁਖਾਲਾ ਹੀ ਸਰੀਰ ਛੱਡ ਦਿਓਂਗੇ। ਹੁਣ ਤੁਹਾਨੂੰ ਬਹੁਤ ਖੇਚਲ ਕਰਨੀ ਪੈਣੀ ਹੈ, ਦੇਹ ਛੱਡਣ ਵਾਸਤੇ, ਅਸੀਂ ਆਪ ਹੀ ਕਰਾਂਗੇ। ਉਸ ਵੇਲੇ ਉਸ ਨੂੰ ਧੀਰਜ ਦੇ ਕੇ ਗੁਰੂ ਮਹਾਰਾਜ ਪੰਜਾਂ ਸਿੰਘਾਂ ਸਮੇਤ, ਲਾਹੌਰ ਦੀਆਂ ਸੰਗਤਾਂ ਨੂੰ ਵਾਪਸ ਮੋੜ ਦਿੰਦੇ ਨੇ ਤੇ ਆਪ ਜਹਾਂਗੀਰ ਦੇ ਚਲੇ ਜਾਂਦੇ ਨੇ। ਜਹਾਂਗੀਰ ਕੋਲ ਚਾਰਜ ਸ਼ੀਟ ਰੱਖਿਆ ਜਾਂਦੈ, ਜਹਾਂਗੀਰ ਦੇਖਦੈ ਕਿ ਚੋਰ ਡਾਕੂ ਇਨ੍ਹਾਂ ਕੋਲ, ਇਹ ਤਾਂ ਨਿਰਾ ਹੀ ਸਾਧੂ ਸਰੂਪ ਨੇ, ਪ੍ਰਮੇਸ਼ਰ ਦਾ, ਅੱਲਾਹ ਦਾ ਸਰੂਪ ਦੇਖ ਕੇ ਪਿਆਰ ਆਉਂਦੈ, ਇਹ ਚਾਰਜ ਸ਼ੀਟ ਝੂਠੀ ਹੈ ਆਪੇ ਹੱਥ ਨਾਲ ਕੱਟ ਦਿਤਾ। ਕਹਿੰਦਾ ਇਹ ਗੱਲ ਗਲਤ ਹੈ। ਦੂਸਰੀ ਬਾਤ ਕਹਿਣ ਲੱਗਿਆ ਪੀਰ ਜੀ ਹਿੰਦੂ ਕਹਿੰਦੈ ਕਿ ਅਸੀਂ ਸਵਰਗ ਵਿਚ ਜਾਵਾਂਗੇ, ਮੁਸਲਮਾਲ ਕਹਿੰਦੈ ਕਿ ਅਸੀਂ ਬਹਿਸ਼ਤ 'ਚ ਜਾਵਾਂਗੇ, ਦੋਹਾਂ ਦਾ ਝਗੜਾ ਕਿਸ ਤਰ੍ਹਾਂ ਨਿਬੜ ਸਕਦੈ? ਗੁਰੂ ਮਹਾਰਾਜ ਨੇ ਕਿਹਾ, "ਜਹਾਂਗੀਰ! ਨਾ ਹਿੰਦੂ ਹੋਣ ਨਾਲ ਬਹਿਸ਼ਤ ਮਿਲਦੀ ਹੈ, ਨਾ ਮੁਸਲਮਾਨ ਹੋਣ ਨਾਲ। ਇਹ ਤਾਂ ਜਿਹਦੇ ਨੇਕ ਕਰਮ ਨੇ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਬਚਨ ਕੀਤੇ, ਬਾਣੀ ਸੁਣਾਈ -

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ॥ ਅੰਗ - 885*

ਸਾਰੇ ਸ਼ਬਦ ਦਾ ਭਾਵ ਸੁਣਾਇਆ, ਅਸਰ ਹੋਇਆ ਉਹਦੇ ਉਤੇ। ਤੀਸਰੀ ਬਾਤ ਕਹਿਣ ਲੱਗਿਆ ਕਿ ਤੀਸਰਾ ਚਾਰਜ ਤੁਹਾਡੇ ਉਤੇ ਬਹੁਤ ਜ਼ਬਰਦਸਤ ਹੈ। ਉਹ ਇਹ ਹੈ ਕਿ ਤੁਸੀਂ ਮੇਰੇ ਪੁੱਤਰ ਨੂੰ ਕਾਮਨਾ ਕੀਤੀ ਕਿ ਰਾਜ ਦਾ ਮਾਲਕ ਹੋਵੇ ਤੇ ਤਿਲਕ ਲਾਇਆ। ਦੋ ਲੱਖ ਰੁਪਈਆ ਆਪ ਨੇ ਦਿਤਾ। ਮਹਾਰਾਜ ਕਹਿਣ ਲੱਗੇ, "ਬਾਦਸ਼ਾਹ! ਸਾਡੀ ਗੱਦੀ ਐ ਜਿਹੜੀ ਫਕੀਰਾਂ ਦੀ ਗੱਦੀ ਹੈ, ਇਹਦੇ ਕੋਲ ਧਨ ਨਹੀਂ ਹੋਇਆ ਕਰਦਾ। ਇਹ ਤਾਂ ਆਈ ਚਲਾਈ ਚਲਦੀ ਹੈ, ਜਿੰਨਾਂ ਖਰਚ ਹੋਵੇ, ਓਨਾਂ ਹੀ ਆ ਜਾਂਦੈ। ਪੈਸਾ ਅਸੀਂ ਜਮ੍ਹਾਂ ਨਹੀਂ ਕਰਦੇ ਗ੍ਰਿਹਸਤੀਆਂ ਵਾਂਗਣ। ਨਾ ਅਸੀਂ ਕਿਸੇ ਨੂੰ ਦਿੰਦੇ ਹਾਂ, ਨਾ ਸਾਡਾ ਕਿਸੇ ਨਾਲ ਨੇੜ ਹੈ ਨਾ ਕਿਸੇ ਨਾਲ ਦੂਰੀ ਹੈ। ਸਾਰੀ ਪ੍ਰਮੇਸ਼ਰ ਦੀ ਸ੍ਰਿਸ਼ਟੀ ਹੈ, ਰਾਜਭਾਗ ਤੁਸੀਂ ਕਰਦੇ ਓਂ, ਮਾਣ ਨਾਲ ਕਰੋ, ਕੋਈ ਖੁਹਾਇਸ਼ ਨਹੀਂ ਹੈ ਸਾਨੂੰ। ਬਾਕੀ ਹੈ ਗਰੀਬ ਬੰਦਾ ਜੇ ਸਾਡੇ ਕੋਲ ਆਇਆ ਵੀ ਸੀ ਤਾਂ ਗੁਰੂ ਨਾਨਕ ਦੇ ਘਰ ਲੰਗਰ ਚਲਦੈ, ਕੋਈ ਛਕ ਜਾਓ ਜਿਹਦਾ ਜੀਅ ਕਰਦੈ। ਰਾਜਾ ਛਕ ਜਾਓ, ਪਰਜਾ ਛਕ ਜਾਓ, ਡਾਕੂ ਛਕ ਜਾਓ, ਕੋਈ ਛਕ ਜਾਓ ਲੰਗਰ ਦੇ ਤਾਂ ਖੁਲ੍ਹੇ ਨੇ ਦਰਵਾਜ਼ੇ ਬੰਦ ਨਹੀਂ ਕਿਸੇ ਲਈ। ਭੁੱਖੇ ਨੂੰ ਆਵਾਜ਼ਾਂ ਦੇ ਰਿਹੈ ਨਿਸ਼ਾਨ ਸਾਹਿਬ

ਬਕਾਇਦਾ ਹਿੱਲ ਹਿੱਲ ਕੇ, ਦੋ ਮੀਲ ਤੇ ਤਿੰਨ ਮੀਲ ਤੇ ਚਾਰ ਮੀਲ ਤੇ ਜਿਥੋਂ ਨਿਗ੍ਹਾ ਪੈਂਦੀ ਹੈ, ਹਰ ਵਕਤ ਹਿਲਦਾ ਰਹਿੰਦੈ, ਆਵਾਜ਼ ਦਿੰਦੈ ਕਿ ਤੂੰ ਐਧਰ ਨੂੰ ਆ ਜਾ, ਇਥੇ ਤੈਨੂੰ ਸਰੀਰਕ ਖੁਰਾਕ ਵੀ ਮਿਲੇਗੀ ਤੇ ਤੈਨੂੰ ਰੂਹਾਨੀ ਖੁਰਾਕ ਵੀ ਮਿਲੇਗੀ। ਇਥੇ ਤੇਰਾ ਜਨਮ ਵੀ ਸਫਲਾ ਹੋਵੇਗਾ ਤੇ ਤੇਰੀ ਭੁੱਖ ਵੀ ਦੂਰ ਹੋਵੇਗੀ। ਆ ਜਾ, ਤੇਰੇ ਦੁਖਾਂ ਦੇ ਖਾਤਮੇ ਦਾ ਥਾਉਂ ਆਹ ਹੈ। ਉਹ ਤਾਂ ਫਰਾਇਰਾ ਹਰ ਵਕਤ ਹਿਲ ਕੇ ਦੁਨੀਆਂ ਨੂੰ ਹਾਕਾਂ ਮਾਰਦੈ, ਕੋਈ ਆ ਜਾਓ ਗੁਰੂ ਘਰ ਦੇ ਅੰਦਰ, ਇਥੇ ਤੁਹਾਡੇ ਪਿਤਾ ਜੀ ਵੀ ਆਏ ਅੱਬਾ ਜਾਨ ਆਏ, ਉਨ੍ਹਾਂ ਨੇ ਵੀ ਲੰਗਰ ਛਕਿਆ, ਦੋ ਵਾਰੀ, ਤਿੰਨ ਵਾਰੀ ਆਏ ਤੇ ਇਹ ਘਰ ਗੁਰੂ ਨਾਨਕ ਦਾ ਸਭ ਵਾਸਤੇ ਖੁਲ੍ਹਾ ਹੈ। ਤੇਰਾ ਪੁੱਤਰ ਜੇ ਆਇਆ ਉਹਨੂੰ ਕੋਈ ਅਸੀਂ ਪੈਸਾ ਨਹੀਂ ਦਿਤਾ, ਨਾ ਕੋਈ ਦੁਆ ਕਰੀ, ਉਹਨੂੰ ਗਰੀਬ ਜਾਣ ਕੇ ਕੁਛ ਧਨ ਦੇ ਦਿਤਾ ਸੀ ਪੰਜ ਕੁ ਹਜ਼ਾਰ ਰੁਪਿਆ। ਕਹਿਣ ਲੱਗਿਆ, "ਇਹਦਾ ਦੰਡ ਮੈਂ ਤੁਹਾਨੂੰ ਦੋ ਲੱਖ ਰੁਪਈਆ ਲਾਉਂਦਾ ਹਾਂ।" ਮਹਾਰਾਜ ਕਹਿੰਦੇ, "ਸਾਡੇ ਕੋਲ ਤਾਂ ਦੋ ਲੱਖ, ਕੋਈ ਪੈਸਾ ਨਹੀਂ ਹੈ, ਨਾ ਅਸੀਂ ਸੰਗਤਾਂ ਦਾ ਪੈਸਾ ਏਧਰ ਦੇਣਾ ਚਾਹੁੰਦੇ ਹਾਂ ਕਿਸੇ ਹੋਰ ਥਾਂ ਤੇ। ਉਥੇ ਇਕ ਅਹਿਲਕਾਰ ਹੋਰ ਬੈਠਾ ਸੀ ਕਹਿਣ ਲੱਗਿਆ, "ਗੁਰੂ ਜੀ! ਸਾਰੀਓ ਗੱਲ ਦਾ ਨਿਬੇੜਾ ਹੁੰਦੈ, ਤੁਸੀਂ ਮੁਹੰਮਦ ਸਾਹਿਬ ਦੇ ਦੋ ਚਾਰ ਸ਼ਬਦ ਪਾ ਦਿਓ ਇਹਦੇ 'ਚ। ਲਿਖ ਦਓ ਮੁਹੰਮਦ ਸਾਹਿਬ ਵੀ ਵੱਡੇ-ਵੱਡੇ ਪੈਗੰਬਰ ਆਏ ਸੀ। ਮਹਾਰਾਜ ਕਹਿੰਦੇ, "ਖਾਨ ਸਾਹਿਬ! ਬਾਣੀ ਅਸੀਂ ਨਹੀਂ ਰਚਦੇ –

*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥*
*ਅੰਗ - 763*

ਇਹ ਬਾਣੀ ਮੇਰੀ ਰਚੀ ਹੋਈ ਨਹੀਂ ਹੈ –

*ਧਾਰਨਾ - ਇਹ ਧੁਰ ਕੀ ਬਾਣੀ ਆਈ।*

ਬਾਦਸ਼ਾਹ! ਇਹ ਜੋ ਬਾਣੀ ਹੈ ਇਹ ਮੇਰੀ ਰਚੀ ਹੋਈ ਨਹੀਂ–

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - 722*

ਇਹ ਤਾਂ ਧੁਰ ਤੋਂ ਆ ਰਹੀ ਹੈ, ਸਤਿ ਦੀ ਬਾਣੀ ਹੈ, ਇਹਦੇ ਵਿਚ ਇਕ ਵੀ ਅੱਖਰ, ਇਕ ਕੰਨਾ, ਇਕ ਸਿਹਾਰੀ, ਬਿਹਾਰੀ ਘੱਟ ਵੱਧ ਨਹੀਂ ਹੋ ਸਕਦੀ। ਬਾਣੀ ਦੀ ਰਕਸ਼ਾ ਵਾਸਤੇ ਪਹਿਲੀ ਸ਼ਹੀਦੀ ਗੁਰੂ ਅਰਜਨ ਸਾਹਿਬ ਨੇ ਦਿਤੀ। ਤਰੋੜੀ ਮਰੋੜੀ ਨਹੀਂ ਜਾ ਸਕਦੀ ਬਾਣੀ। ਜਿਸ ਨੇ ਵੀ ਬਾਣੀ ਨੂੰ ਤਰੋੜਿਆ ਮਰੋੜਿਆ ਹੈ ਉਹਨੇ ਫਲ ਚੁੱਕਿਐ। ਬਥੇਰਿਆਂ ਨੇ ਯਤਨ ਕੀਤਾ ਸੀ ਕਿ ਬਾਣੀ 'ਚ ਰਲਾਅ ਕਰ ਦੇਈਏ। ਸੋ ਉਸ ਵੇਲੇ ਕਚਹਿਰੀ ਦਾ ਸਮਾਂ ਹੋ ਗਿਆ, ਬਾਦਸ਼ਾਹ ਉਠ ਜਾਂਦੈ ਤੇ ਚੰਦੂ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਹਵਾਲੇ ਕਰ ਦਓ ਤੇ ਮੈਂ ਦੋ ਲੱਖ ਲੈ ਕੇ ਜਮ੍ਹਾਂ ਕਰ ਦੇਵਾਂਗਾ। ਤੇ ਹੋਰ ਵੀ ਇਨ੍ਹਾਂ ਨੂੰ ਮਨਾਵਾਂਗਾ ਕਿ ਮੁਹੰਮਦ ਸਾਹਿਬ ਦੀ ਤਾਰੀਫ ਲਿਖ ਦੇਣ। ਬਾਣੀ ਨੂੰ ਤਰੋੜ ਮਰੋੜ ਦੇਣ। ਘਰ ਲੈ ਜਾਂਦੈ ਤੇ ਲਾਲ ਹਵੇਲੀ ਦੇ ਵਿਚ, ਡਿਊਢੀ ਦੇ ਵਿਚ ਬੰਦ ਕਰ ਦਿਤਾ। ਗੁਰੂ ਸਾਹਿਬ ਵਲ ਸ਼ੀਖਾਂ ਦੇ ਝਰੋਖੇ ਨੇ, ਨਿਕਲਣ ਦੇ ਰਸਤਾ ਹੈ ਨਹੀਂ। ਦਰਵਾਜ਼ਾ ਸ਼ੀਖਾਂ ਨਾਲ ਬੰਦ ਕਰਿਆ ਹੋਇਐ ਤੇ ਗੁਰੂ ਮਹਾਰਾਜ ਨੂੰ ਉਸ ਤੋਂ ਅੱਗੇ ਲਿਜਾ ਕੇ ਕਹਿੰਦਾ ਹੁਣ ਦੱਸ, ਹੈ ਕੋਈ ਤੇਰਾ ਸਹਾਇਤਾ ਕਰਨ ਵਾਲਾ? ਐਥੇ ਮੇਰੇ ਕੋਲੋਂ ਬਚਾਉਣ ਵਾਲਾ ਤੈਨੂੰ ਹੈ, ਜੇ ਹੈਗਾ ਤਾਂ ਬੁਲਾ ਲੈ ਉਹਨੂੰ। ਮਹਾਰਾਜ ਮੁਸਕਰਾ ਪਏ ਕਹਿੰਦੇ ਚੰਦੂ, ਰਾਖਾ ਤਾਂ ਹਰ ਥਾਂ ਦੇ ਉਤੇ ਨਾਲ ਰਹਿੰਦੈ, ਕਿਤੇ ਦੂਰ ਨਹੀਂ ਹੁੰਦਾ, ਬੁਲਾਉਣ ਦੀ ਉਹਨੂੰ ਲੋੜ ਨਹੀਂ ਹੁੰਦੀ, ਤੂੰ ਆਪਣਾ ਕੰਮ ਕਰ ਜਿਹੜਾ ਕਰਨੈ। ਕਹਿੰਦਾ ਜਾਂ ਮੇਰਾ ਰਿਸ਼ਤਾ ਮੰਨ ਲੈ ਨਹੀਂ ਤਾਂ ਮੈਂ ਸਾਰੀ ਰਾਤ ਤੈਨੂੰ ਬੈਠਣ ਨਹੀਂ ਦੇਣਾ, ਭੁੱਖਾ ਤਿਹਾਇਆ ਰੱਖਾਂਗਾ। ਮਹਾਰਾਜ ਕਹਿੰਦੇ ਜੋ ਕਰਨੈ ਕਰ ਲੈ, ਅਸੀਂ ਤਾਂ ਗੁਰਸਿੱਖਾਂ ਦੀ ਅਰਦਾਸ ਸੁਣ ਕੇ ਪ੍ਰਣ ਕਰ ਲਿਆ, ਉਹ ਨਹੀਂ ਟੁੱਟ ਸਕਦਾ। ਉਹ ਚਾਹੇ ਕੁਛ ਹੋ ਜਾਵੇ, ਉਹ ਨਹੀਂ ਬਦਲ ਸਕਦਾ। ਕਹਿੰਦਾ ਮੈਂ ਬਦਲਾਅ ਕੇ ਦਿਖਾਊਂ। ਇਹ ਗੱਲਾਂ ਕਹਿਣੀਆਂ ਸੁਖਾਲੀਆਂ ਨੇ, ਜਦੋਂ ਤਸੀਹੇ ਦਿਤੇ ਗਏ ਫੇਰ ਪਤਾ ਲੱਗਣੈ ਫੇਰ ਵੱਡੇ-ਵੱਡੇ ਰਾਠ ਵੀ ਮੰਨ ਜਾਂਦੇ ਨੇ। ਜਿਹੜੇ ਕਹਿੰਦੇ ਅਸੀਂ ਨਹੀਂ ਮੰਨਣਾ, ਚਾਹੇ ਪੁਰਜ਼ਾ ਪੁਰਜ਼ਾ ਕੱਟ ਜਾਵੇ, ਉਹ ਵੀ ਬੋਲ ਪੈਂਦੇ ਨੇ ਕਿ ਅਸੀਂ ਐਂ ਕਰਿਆ, ਐਂ ਕਰਿਆ। ਫਲਾਣੇ ਥਾਉਂ ਰਹੇ, ਫਲਾਣੇ ਥਾਉਂ ਗੱਲਾਂ ਕਰੀਆਂ। ਮਹਾਰਾਜ ਕਹਿੰਦੇ ਤੇਰੀ ਮਰਜ਼ੀ ਹੈ, ਤੇਰੀ ਮਰਜ਼ੀ ਤੇਰੇ ਨਾਲ ਹੈ, ਸਾਡੀ ਸਾਡੇ ਨਾਲ ਹੈ। ਉਸ ਵੇਲੇ ਮਹਾਰਾਜ ਜੀ ਨੂੰ ਓਸ ਬੰਦ ਕਮਰੇ 'ਚ, ਪਹਿਰੇ ਲਾ ਦਿਤੇ ਕਿ ਇਨ੍ਹਾਂ ਨੂੰ ਬੈਠਣ ਨਹੀਂ ਦੇਣਾ ਸਾਰੀ ਰਾਤ। ਪਾਣੀ ਨਹੀਂ ਦੇਣਾ, ਪ੍ਰਸ਼ਾਦਾ ਨਹੀਂ ਦੇਣਾ। ਜੇ ਪ੍ਰਸ਼ਾਦਾ ਮੰਗਣ ਤਾਂ ਕਹਿਣਾ ਇਕ ਲੱਖ ਰੁਪਿਆ ਲਿਆ ਤਾਂ ਇਕ ਰੋਟੀ ਦੇਵਾਂਗੇ। ਪਾਣੀ ਮੰਗਣ ਕਹਿ ਦੇਣਾ ਇਕ ਲੱਖ ਰੁਪਿਆ ਲਿਆ ਤਾਂ ਪਾਣੀ ਦਾ ਗਿਲਾਸ ਦੇਵਾਂਗੇ। ਇਨ੍ਹਾਂ ਨੂੰ ਡਿਊਢੀ 'ਚੋਂ ਨਿਕਲਣ ਨਹੀਂ ਦੇਣਾ ਇਥੇ ਹੀ ਰਖਣਾ ਹੈ ਬੰਦ ਕਰਕੇ। ਪਹਿਰੇ ਲਾ ਦਿਤੇ। ਫੇਰ ਕਹਿਣ ਲੱਗਿਆ, "ਦੇਖ! ਇਕ ਗੱਲ ਤੈਨੂੰ ਹੋਰ ਕਹਿੰਦਾ ਹਾਂ, ਤੂੰ ਮੈਨੂੰ ਕੁੱਤਾ ਕਿਹਾ ਹੈ। ਮਹਾਰਾਜ ਕਹਿੰਦੇ ਅਸੀਂ ਐਹੋ ਜਿਹੇ ਫਿੱਕੇ ਬਚਨ ਨਹੀਂ ਮੂੰਹ ਤੋਂ ਬੋਲਿਆ ਕਰਦੇ ਪਰ ਜੇ ਕਿਸੇ ਗੁਰਸਿੱਖ ਨੇ ਕਹਿ ਵੀ ਦਿਤਾ ਤਾਂ ਗੁਰਸਿੱਖ ਸਾਡਾ ਹੀ ਰੂਪ ਹੁੰਦੇ ਨੇ। ਚੱਲ, ਠੀਕ ਹੈ ਤੇਰੀ ਮਰਜ਼ੀ ਹੈ ਜਿਵੇਂ ਤੂੰ ਸਮਝਦੈਂ, ਪਰ ਅਸੀਂ ਇਹੋ ਜਿਹੀ ਫਿੱਕੀ ਗੱਲ ਨਹੀਂ ਬੋਲਿਆ ਕਰਦੇ। ਸੋ ਚਲਿਆ ਜਾਂਦੈ,

ਦੂਸਰੇ ਦਿਨ ਫੇਰ ਆ ਕੇ ਇਹੀ ਤਕਰਾਰ ਕਰਦੈ। ਮਹਾਰਾਜ ਕਹਿੰਦੇ ਅਸੀਂ ਪ੍ਰਣ ਨਹੀਂ ਤੋੜ ਸਕਦੇ। ਕਹਿਣ ਲੱਗਿਆ ਜੇ ਪ੍ਰਣ ਨਹੀਂ ਤੋੜ ਸਕਦੇ, ਮੈਂ ਤੋੜ ਕੇ ਦਿਖਾਊਂਗਾ। ਉਸ ਵੇਲੇ ਇਕ ਵੱਡਾ ਦੇਗਾ ਮੰਗਾ ਲਿਆ ਚੁੱਲ੍ਹੇ ਦੇ ਉਤੇ ਰੱਖ ਦਿਤਾ, ਬੇਅੰਤ ਲੱਕੜੀਆਂ ਮੰਗਾ ਲਈਆਂ, ਜਦੋਂ ਪਾਣੀ ਚੰਗੀ ਤਰ੍ਹਾਂ ਉਬਲਣ ਲੱਗ ਗਿਆ, ਵੱਡੇ ਮੂੰਹ ਵਾਲਾ ਦੇਗਾ ਸੀ, ਕਹਿੰਦਾ ਇਹਦੇ ਵਿਚ ਚੁੱਕ ਕੇ ਸੁੱਟ ਦਿੰਦੇ ਹਾਂ ਤੁਹਾਨੂੰ। ਮਹਾਰਾਜ ਕਹਿੰਦੇ, "ਚੁੱਕ ਕੇ ਸੁੱਟਣ ਦੀ ਕੀ ਲੋੜ ਹੈ, ਅਸੀਂ ਆਪ ਹੀ ਚਲੇ ਜਾਂਦੇ ਹਾਂ।" ਉਸ ਵੇਲੇ ਮਹਾਰਾਜ ਜੀ ਉਠਦੇ ਨੇ ਦੇਗੇ ਵਲ ਨੂੰ ਵਧਦੇ ਨੇ ਤੇ ਐਉਂ ਚਰਨ ਪਾਉਂਦੇ ਨੇ ਜਿਵੇਂ ਠੰਢੇ ਪਾਣੀ ਵਿਚ ਪਾਉਣੇ ਹੁੰਦੇ ਨੇ, ਐਸ ਤਰ੍ਹਾਂ ਦਾ ਫੁਰਮਾਨ ਹੈ –

*ਧਾਰਨਾ - ਦੇਗ ਉਬਲੇ, ਉਬਾਲੇ ਖਾਵੇ*
*ਸਤਿਗੁਰੂ ਆ ਕੇ ਵਿਚ ਬੈਠ ਗਏ।*

ਉਸ ਵੇਲੇ ਲਿਖਦੇ ਨੇ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ –

*ਕਹਿ ਚਾਕਰ ਸੋ ਦੇਗ ਉਬਾਰੀ।*
*ਪਕਰੋ ਦੇਹੁ ਤਿਸੀ ਮਹਿੰ ਡਾਰੀ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਇਹਨੂੰ ਪਕੜ ਕੇ ਇਹਦੇ ਵਿਚ ਪਾ ਦਿਓ। ਦੇਗ ਉਬਾਲੇ ਖਾਂਦੀ ਹੈ।

*ਤਬਿ ਸਤਿਗੁਰੁ ਉਠਿ ਆਪੇ ਗਏ।*
*ਤਪਤਿ ਨੀਰ ਮਹਿੰ ਬੈਠਤਿ ਭਏ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਆਪ ਜਾ ਕੇ ਜਿਵੇਂ ਇਸ਼ਨਾਨ ਕਰਨ ਵਾਲਾ ਬੈਠ ਜਾਂਦੈ। ਐਸ ਤਰ੍ਹਾਂ ਤਪਦੇ ਨੀਰ ਵਿਚ ਬੈਠ ਗਏ। ਜਦ ਸਾਮ੍ਹਣੇ ਗੁਰਸਿੱਖਾਂ ਨੇ ਦੇਖੀ ਇਹ ਗੱਲ, ਓਸ ਵੇਲੇ ਸਹਿ ਨਾ ਸਕੇ।

*ਹਾਹਾਕਾਰਿ ਹੇਰਿ ਸਿਖ ਕਰੈਂ।*
*ਉਠਯੋ ਪਿਰਾਣਾ ਸ਼ਕਤਿ ਨ ਜਰੈ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਭਾਈ ਪ੍ਰਾਣਾ ਉਠ ਕੇ ਖੜ੍ਹਾ ਹੋ ਗਿਆ, ਅੰਦਰਲੀ ਸ਼ਕਤੀ ਜਰ ਨਹੀਂ ਹੁੰਦੀ, ਉਬਾਲੇ ਖਾਂਦੀ ਹੈ ਬਾਹਰ ਨਿਕਲਣ ਵਾਸਤੇ। ਉਸ ਵੇਲੇ ਬਾਹਾਂ ਚੁੱਕ ਲੀਆਂ ਉਪਰ ਨੂੰ, ਮਹਾਰਾਜ ਕਹਿੰਦੇ ਭਾਈ ਪ੍ਰਾਣਾ! ਠਹਿਰ, ਠਹਿਰ। ਇਹ ਕੀ ਕਰਨ ਲੱਗੈਂ?

*ਪ੍ਰਭੁ ਜੀ! ਰਹਯੋ ਜਾਇ ਨਹਿੰ ਮੋਤੇ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਹੇ ਪ੍ਰਭੂ! ਹੁਣ ਨਹੀਂ ਮੇਰੇ ਤੋਂ ਰਹਿ ਹੁੰਦਾ। ਮੈਂ ਬੇਵਸ ਹੋ ਗਿਆ।

*ਰਾਵਰ ਕੋ ਏਤਿਕ ਦੁਖ ਹੋਤੇ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਐਨੇ ਦੁਖ ਹੁੰਦੇ ਹੋਏ ਮੈਂ ਕਿਵੇਂ ਸਹਾਂ।

*ਦਿੱਲੀ ਲਵਪੁਰਿ ਨਗਰ ਬਿਸਾਲੇ।*
*ਅਹਿ ਲੇਵੌਂ ਨਿਜ ਹਾਥ ਉਠਾਲੇ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਏਧਰ ਦਿੱਲੀ ਲੈ ਲਈ ਤੇ ਏਧਰ ਲਾਹੌਰ ਲੈ ਲਿਆ। ਦੋਵੇਂ ਐਂ ਚੁੱਕ ਲਏ –

*ਦੁਹਨਿ ਭਿਰਾਵੋਂ ਜਿਉਂ ਕਰਤਾਰੀ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਜਿਵੇਂ ਛੈਣਿਆਂ ਨੂੰ ਭੇੜੀਦੈ ਹੁਣੇ ਮੈਂ ਭੇੜ ਦਿੰਨੈਂ ਮਹਾਰਾਜ।

*ਦੇਉਂ ਨਾਸ ਕਰਿ, ਲਗਹਿ ਨ ਬਾਰੀ।।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਮੈਂ ਹੁਣੇ ਹੀ ਨਾਸ ਕਰ ਦੇਣਾਂ। ਮੈਂ ਨਹੀਂ ਸਹਿ ਸਕਦਾ। ਮਹਾਰਾਜ ਕਹਿੰਦੇ, ਭਾਈ ਪ੍ਰਾਣਾਂ! ਐਨੀ ਸ਼ਕਤੀ ਤੇਰੇ ਵਿਚ ਆਈ ਕਿਥੋਂ, ਕਹਿੰਦਾ ਤੇਰੀ ਸੇਵਾ ਤੋਂ। ਫੇਰ ਕਹਿੰਦੇ ਜਿਹਦੀ ਸੇਵਾ ਤੋਂ ਐਨੀ ਸ਼ਕਤੀ ਆ ਸਕਦੀ ਹੈ, ਉਹਦੇ ਵਿਚ ਨਹੀਂ ਹੈ। ਨਾ ਪਿਆਰਿਆ! ਅਸੀਂ ਇਹ ਇਕ ਸਬਕ ਸਿਖਾ ਰਹੇ ਹਾਂ, ਇਹਦੇ ਵਿਚ ਸਾਡੀ ਸਹਾਇਤਾ ਕਰੋ –

*ਧਾਰਨਾ - ਇਹ ਭਾਣਾ ਮਾਲਕ ਦਾ,*
*ਮਿੱਠਾ ਕਰਕੇ ਮੰਨ ਲੈ ਪਿਆਰੇ।*

ਭਾਈ ਪ੍ਰਾਣਾ! ਇਹ ਭਾਣਾ ਅਕਾਲ ਪੁਰਖ ਦਾ ਹੈ, ਇਹਨੂੰ ਤੂੰ ਮਿੱਠਾ ਕਰਕੇ ਮੰਨ ਲੈ, ਸ਼ਕਤੀ ਨਾ ਦਿਖਾ। ਸ਼ਕਤੀ ਨਹੀਂ ਦਿਖਾਉਣੀ, ਨਹੀਂ ਫੇਰ ਅਸੀਂ ਸ਼ਕਤੀ ਖਿੱਚ ਲੈਣੀ ਹੈ, ਫੇਰ ਤੈਨੂੰ ਔਖਾ ਹੋ ਜਾਊ।

*ਭਾਣੈ ਉਝੜ ਭਾਣੈ ਰਾਹਾ॥*
*ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥ ਅੰਗ - 98*

*ਜੋ ਤੁਧੁ ਕਰਣਾ ਸੋ ਕਰਿ ਪਾਇਆ॥*
*ਭਾਣੇ ਵਿਚਿ ਕੋ ਵਿਰਲਾ ਆਇਆ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥*
*ਅੰਗ - 1063*

ਸਾਰਿਆਂ ਨੂੰ ਟਿਕਾਓ ਦੇ ਦਿਤਾ। ਸਾਰਾ ਦਿਨ ਉਬਾਲੇ ਖਾਂਦੀ ਦੇਗ ਜਿਵੇਂ ਆਲੂਆਂ ਨੂੰ ਉਬਾਲੀਦੈ, ਐਂ ਉਬਾਲ ਦਿਤਾ। ਆਥਣੇ ਆਇਆ ਕਿ ਦੇਖਾਂ ਜਾ ਕੇ ਹੁਣ ਤਾਂ ਚੰਗੀ ਤਰ੍ਹਾਂ ਉਬਲ ਗਏ ਹੋਣੇ, ਖਤਮ ਹੋ ਗਏ ਹੋਣੇ। ਕਹਿੰਦਾ ਕੱਢੋ ਇਹਨੂੰ। ਗੁਰੂ ਮਹਾਰਾਜ ਨੂੰ ਬਾਹਰ ਕੱਢ ਲਿਆ, ਸਰੀਰ ਦੇ ਉਤੇ ਛਾਲੇ ਪਏ ਹੋਏ। ਕਹਿਣ ਲੱਗਿਆ ਅਜੇ ਵੀ ਦਸ ਦੇ, ਇਹਦਾ ਇਲਾਜ ਤਾਂ ਮੈਂ ਕਰਾ ਦਊਂ। ਅਜੇ ਵੀ ਮੰਨ ਲੈ ਰਿਸ਼ਤਾ ਲੈ ਲੈ, ਬਾਕੀ ਮੇਰੀਆਂ ਗੱਲਾਂ

ਮੰਨ ਲੈ। ਤੂੰ ਮੈਨੂੰ ਕੁੱਤਾ ਕਿਹੈ ਹੁਣ ਦੇਖ ਕੁੱਤਾ ਕੀ ਕਰਦੈ। ਮਹਾਰਾਜ ਕਹਿੰਦੇ, ਤੈਨੂੰ ਕਿਹਾ ਤਾਂ ਨਹੀਂ ਅਜੇ, ਤੂੰ ਕਹੀ ਜਾਨੈਂ ਚੱਲ ਐਵੇਂ ਹੀ ਸਹੀ। ਕਿਉਂਕਿ ਸਾਨੂੰ ਤੇਰਾ ਕੋਈ ਡਰ ਹੈ ਜਾਂ ਭੈ ਹੈ –

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*ਅੰਗ - 1427*

ਉਸ ਵੇਲੇ ਗੁਰਸਿੱਖਾਂ ਨੂੰ ਕਿਹਾ ਕਿ ਗੁਰਸਿੱਖੋ! ਤੁਸੀਂ ਤਕੜੇ ਰਿਹੋ –

*ਹਮਨੇ ਇਮ ਹੀ ਕਾਰਨ ਕਰਨਾ।*
*ਤੂੰ ਨਹਿਂ ਲਖੈਂ ਏਵ ਆਚਰਨਾ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਅਸੀਂ ਆਪਣਾ ਕਾਰਨ ਆਪ ਬਣਾ ਰਹੇ ਹਾਂ। ਚੰਦੂ ਤੈਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ। ਚਲਿਆ ਜਾਂਦੈ। ਕਹਿੰਦਾ ਸਵੇਰ ਨੂੰ ਦੇਖੂੰਗਾ। ਉਸ ਵੇਲੇ ਗੁਰੂ ਮਹਾਰਾਜ ਦੀ ਖਬਰ ਇਹਦੇ ਘਰ ਪਹੁੰਚਦੀ ਹੈ, ਇਹ ਬੀਬੀ ਗੁਰਸਿੱਖ ਦੀ ਲੜਕੀ, ਜਦੋਂ ਸੁਣਦੀ ਹੈ ਉਸ ਵੇਲੇ ਅੰਨ੍ਹ ਪਾਣੀ ਤਿਆਗ ਦਿਤਾ। ਰੋ ਰਹੀ ਹੈ ਉਚੀ-ਉਚੀ। ਰਾਤ ਪੈ ਗਈ, ਕੋਈ ਪਹਿਰੇਦਾਰ, ਕੋਈ ਬੰਦਾ ਅੰਦਰ ਨਹੀਂ ਸੀ ਜਾ ਸਕਦਾ। ਪਹਿਰੇਦਾਰ ਨੂੰ ਆ ਕੇ ਇਕ ਸੋਨੇ ਦਾ ਜੇਵਰ ਦੇ ਕੇ ਕਹਿਣ ਲੱਗੀ, ਵੀਰਾ! ਮੇਰੇ ਸਤਿਗੁਰੂ ਜੀ ਨੇ, ਮੈਂ ਦਰਸ਼ਨ ਕਰਨੇ। ਨੇ ਕਹਿੰਦਾ ਦੇਖ ਬੀਬੀ ਰੌਲਾ ਨਾ ਪਾ ਦੇਈਂ ਕਿਤੇ, ਅਸੀਂ ਮਾਰੇ ਜਾਵਾਂਗੇ। ਬੜਾ ਸਖਤ ਹੁਕਮ ਹੈ, ਕੋਈ ਬੰਦਾ ਅੰਦਰ ਨਹੀਂ ਜਾ ਸਕਦਾ। ਉਸ ਵੇਲੇ ਮਿੱਠਾ ਪਾਣੀ ਇਕ ਗੜਵੇ 'ਚ ਪਾਇਆ ਹੋਇਐ, ਨਾਲ ਚੂਰੀ ਕੁੱਟ ਕੇ ਇਕ ਸਵੱਛ ਕੱਪੜੇ ਵਿਚ ਬੰਨ੍ਹੀ ਹੋਈ ਹੈ ਤੇ ਗੁਰੂ ਮਹਾਰਾਜ ਦੇ ਕੋਲ ਜਦੋਂ ਜਾਂਦੀ ਹੈ, ਦੜੰਮ ਕਰਕੇ ਚਰਨਾਂ ਤੇ ਢਹਿ ਪੈਂਦੀ ਹੈ। ਮਹਾਰਾਜ ਨੇ ਸੀਸ ਤੇ ਹੱਥ ਰੱਖਿਆ, ਪਿਆਰ ਦਿਤਾ ਕਹਿਣ ਲੱਗੇ, ਬੇਟੀ! ਸਾਵਧਾਨ। ਪਾਤਸ਼ਾਹ! ਆਹ ਹਾਲ ਤੁਹਾਡਾ ਮੇਰੇ ਸਹੁਰੇ ਨੇ ਕਰ ਦਿਤਾ। ਮੈਂ ਗੁਰਸਿੱਖ ਦੀ ਧੀ ਹਾਂ, ਮੈਂ ਨਹੀਂ ਜਿਉਂਦੀ ਰਹਿ ਸਕਦੀ। ਕ੍ਰਿਪਾ ਕਰੋ ਇਹ ਮੈਂ ਪ੍ਰਸ਼ਾਦਾ ਲੈ ਕੇ ਆਈ ਹਾਂ, ਕਿੰਨੇ ਦਿਨ ਹੋ ਗਏ ਤੁਹਾਨੂੰ ਭੁੱਖਿਆਂ ਨੂੰ, ਪਾਣੀ ਵੀ ਨਹੀਂ ਪੀਤਾ, ਮਿੱਠਾ ਪਾਣੀ ਲੈ ਕੇ ਆਈ ਹਾਂ। ਬੀਬੀ ਦਾ ਜਿਹੜਾ ਮਿੱਠਾ ਪਾਣੀ ਸੀ ਉਹ ਗੁਰੂ ਸਾਹਿਬ ਨੇ ਨਹੀਂ ਪੀਤਾ। ਉਹ ਸਾਧਸੰਗਤ ਜੀ! ਜਦੋਂ ਤੋਂ ਗੁਰੂ ਸਾਹਿਬ ਗਏ ਨੇ ਉਸ ਵੇਲੇ ਤੋਂ ਹੀ ਹੁਣ ਸਾਰੇ ਅਸੀਂ ਮਿੱਠਾ ਪਾਣੀ ਹੀ ਪਿਲਾ ਰਹੇ ਹਾਂ। ਇਹ ਇਕ ਤਰ੍ਹਾਂ ਨਾਲ ਗੁਰੂ ਸਾਹਿਬ ਨੂੰ ਹੀ ਪਿਲਾ ਰਹੇ ਹਾਂ। ਮਹਾਰਾਜ ਕਹਿੰਦੇ, ਨਾ ਬੀਬੀ! ਏਸ ਘਰ ਦਾ ਅੰਨ ਜਲ ਅਸੀਂ ਨਹੀਂ ਲੈਣਾ।

*ਖਾਨ ਪਾਨ ਇਸ ਕੇ ਘਰ ਕੇਰਾ।*
*ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2364*

ਇਸ ਮਾੜੇ ਬੰਦੇ ਦਾ ਭਾਉਂਦਾ ਨਹੀਂ ਹੈ।

*ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ*
*ਤਿਸ ਦੇ ਹਥਹੁ ਖਾਧੀਐ ਵਿਸਰੇ ਹਰਿ ਕੀ ਪ੍ਰੀਤ।*

ਉਸ ਵੇਲੇ ਮਹਾਰਾਜ ਨੇ ਕਿਹਾ ਵਾਪਸ ਲੈ ਜਾ ਇਹ। ਬੜੀ ਦੁਖੀ ਹੋਈ, ਵਾਪਸ ਮੁੜਦੀ ਹੈ। ਦੂਜੇ ਦਿਨ ਚੰਦੂ ਆਉਂਦਾ ਹੈ, ਉਸ ਨੇ ਇਕ ਭੱਠ ਗਰਮ ਕਰਾ ਲਿਆ, ਉਹਦੇ ਵਿਚ ਰੇਤਾ ਪਾ ਲਿਆ ਤੇ ਜਦੋਂ ਹੱਥ ਨਹੀਂ ਲਗਦਾ ਰੇਤੇ ਨੂੰ।

ਮਹਾਰਾਜ ਨੂੰ ਕਹਿੰਦਾ ਜੇ ਨਹੀਂ ਮੰਨਣਾ ਤਾਂ ਤਿਆਰ ਹੋ ਜਾ ਇਹਦੇ ਉਤੇ ਬੈਠਣ ਨੂੰ। ਮਹਾਰਾਜ ਕਹਿੰਦੇ, ਜਿਥੇ ਵਾਹਿਗੁਰੂ ਬਿਠਾਲਦੈ –

*ਜਹ ਬਿਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ॥*
*ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਰਿ ਥਾਵਾ॥*

*ਅੰਗ - 993*

ਇਥੇ ਬੈਠਾਊਗਾ ਤਾਂ ਐਥੇ ਬਹਿ ਜਾਂਦੇ ਹਾਂ। ਉਸ ਵੇਲੇ ਮਹਾਰਾਜ ਜੀ ਨੇ ਐਉਂ ਸਮਾਧੀ ਲਾ ਲਈ ਜਿਵੇਂ ਕਿਤੇ ਠੰਡੇ ਰੇਤੇ ਤੇ ਬੈਠੇ ਹੁੰਦੇ ਨੇ। ਦੇਖਿਆ ਕੋਈ ਹਿੱਲ ਨਹੀਂ, ਜੁੱਲ ਨਹੀਂ, ਜਿਵੇਂ ਬੈਠ ਗਏ, ਬੈਠ ਗਏ। ਕਹਿੰਦਾ ਐਂ ਨਾ ਕਰੋ, ਰੇਤਾ ਭਰ-ਭਰ ਕੇ ਸਿਰ 'ਚ ਵੀ ਪਾਓ। ਕੜਛਾ ਭਰ ਲਿਆ ਸੀਸ ਦੇ ਵਿਚ ਪਾਉਣਾ ਸ਼ੁਰੂ ਕਰ ਦਿਤਾ। ਅੱਗ ਵਰਗਾ ਤਪਦਾ ਰੇਤਾ।

ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ, ਸਾਧਸੰਗਤ ਜੀ! ਐਡਾ ਜਿਗਰਾ, ਐਨਾ ਸਬਰ ਤੇ ਸਿਦਕ ਦਾ ਅੱਜ ਪ੍ਰੈਕਟੀਕਲੀ ਅਰਥ ਦੱਸ ਰਹੇ ਨੇ। ਬੜਾ ਜਿਗਰਾ ਹੈ –

*ਧਾਰਨਾ - ਰੁਖਾਂ ਵਰਗਾ ਜੇਰਾ ਪਿਆਰੇ*
*ਲੋੜੀਦੈ ਦਰਵੇਸਾਂ ਨੂੰ।*

ਸੋ ਏਸ ਤਰ੍ਹਾਂ ਦੇ ਨਾਲ ਬੜਾ ਭਾਰਾ ਜਿਗਰੈ ਸਾਧਸੰਗਤ ਜੀ! ਜਿਹੋ ਜਿਹਾ ਰੁੱਖ ਦਾ ਜਿਗਰਾ ਹੁੰਦੈ, ਕੋਈ ਕੱਟੀ ਜਾਓ, ਕੋਈ ਇੱਟਾਂ ਮਾਰੀ ਜਾਓ, ਰੁੱਖ ਫਲ ਸਿੱਟੀ ਜਾਂਦਾ ਹੈ, ਏਸੇ ਤਰ੍ਹਾਂ ਦੇ ਨਾਲ ਜਿਗਰਾ ਹੁੰਦਾ ਹੈ ਸਾਧੂਆਂ ਦਾ। ਕਸ਼ਟ ਸਹਿ ਕੇ ਫੇਰ ਵੀ ਆਪਣੀ ਸ਼ਕਤੀ ਨਹੀਂ ਵਰਤਦੇ। ਸੋ ਏਸ ਤਰ੍ਹਾਂ ਦੇ ਨਾਲ –

*ਭਰਿ ਕਰਛੇ ਤਬਿ ਊਪਰ ਪਾਏ।*
*ਨਹਿਂ ਕੁਛ ਕਹਯੋ ਨ ਅੰਗ ਡੁਲਾਏ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2369*

ਨਾ ਡੁਲਾਂਦੇ ਨੇ, ਚੁੱਪ ਹੋਏ ਬੈਠੇ ਨੇ ਜਿਸ ਤਰ੍ਹਾਂ ਸ਼ੀਤ ਜਲ ਦਾ ਸੋਮਾ, ਕੋਈ ਧਾਰ ਸੀਸ ਤੇ ਪੈਂਦੀ ਹੈ ਐਉਂ ਬੈਠੇ ਨੇ। ਗੁਰਸਿੱਖ ਦੇਖ ਰਹੇ ਨੇ, ਰੌਲਾ ਪਾ ਰਹੇ ਨੇ, ਚੰਦੂ ਨੂੰ

(ਬਾਕੀ ਪੰਨਾ 26 ਤੇ)

# ਮਹਾਂਪੁਰਸ਼ਾਂ ਦੇ ਜਨਮਦਿਨ ਦੇ ਅਵਸਰ ਤੇ ਪ੍ਰਾਪਤ ਹੋਏ ਪ੍ਰਵਚਨ

**ਨੋਟ** - ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਸੰਤ ਮਹਾਰਾਜ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਰਤਵਾੜਾ ਸਾਹਿਬ ਵਾਲਿਆਂ ਦੇ ਸਰੀਰ ਦਾ ਜਨਮ ਮਾਤਾ ਇੰਦ ਕੌਰ ਜੀ ਦੀ ਕੁੱਖ ਤੋਂ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਹਿ ਨਗਰ ਧਮੋਟ ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ ਪੰਜਾਬ ਵਿਖੇ 17 ਜੂਨ 1918 ਵਾਲੇ ਦਿਨ ਹੋਇਆ। ਮਹਾਂਪੁਰਸ਼ਾਂ ਨੇ ਆਪਣੇ ਜੀਵਨ ਪ੍ਰਥਾਇ ਆਪਣੀ ਕਥਾ, ਆਪਣੇ 83ਵੇਂ ਜਨਮ ਦਿਨ ਤੇ ਆਪਣੇ ਪ੍ਰਵਚਨਾਂ ਵਿਚ ਵਖਿਆਨ ਕੀਤੀ ਹੈ ਉਸ ਜੀਵਨ ਕਥਾ ਨੂੰ ਟੇਪ ਰਿਕਾਰਡ ਤੋਂ ਹੂ-ਬ-ਹੂ ਉਤਾਰਾ ਕਰਕੇ ਸੰਗਤਾਂ ਦੇ ਗਿਆਤ ਵਾਸਤੇ ਆਤਮ ਮਾਰਗ ਵਿਚ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ***ਐਡੀਟਰ 'ਆਤਮ ਮਾਰਗ'***

ਮੈਨੂੰ ਬੋਲਣ ਲਈ ਕਿਹਾ ਗਿਆ ਹੈ, ਮੈਨੂੰ ਤਾਂ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਕੀ ਕਹਾਂ। ਤੁਸੀਂ ਸਾਰੇ ਇਕੱਠੇ ਹੋ ਕੇ ਸਾਰੇ ਅਥਾਹ ਪਿਆਰ ਦੇ ਰਹੇ ਓਂ। ਉਮਰ ਆਪਣੇ ਹਿਸਾਬ ਨਾਲ ਚਲਦੀ ਜਾਂਦੀ ਹੈ, ਸਮਾਂ ਰੋਕਿਆ ਹੋਇਆ ਰੁਕਦਾ ਨਹੀਂ ਹੈ -

***ਇਹ ਠਹਿਰਨ ਜਾਚ ਨਾ ਜਾਣਦਾ***
***ਲੰਘ ਗਿਆ ਨ ਮੁੜ ਕੇ ਆਂਵਦਾ।***
***ਡਾ. ਭਾਈ ਵੀਰ ਸਿੰਘ ਜੀ***

ਪਰ ਇਹਦੇ ਵਿਚ ਕੁਛ ਤਜਰਬੇ ਹੁੰਦੇ ਨੇ, ਕੁਛ ਗੱਲਾਂ ਹੁੰਦੀਆਂ ਨੇ, ਜਿਹੜੀਆਂ ਸੰਸਾਰ ਨੂੰ ਰਸਤਾ ਦਿਖਾਉਂਦੀਆਂ ਨੇ, ਆਪਣੇ ਵਾਸਤੇ ਵੀ ਬਹੁਤ ਕੁਛ ਹੁੰਦਾ ਹੈ। ਸਰੀਰ ਤਾਂ ਹਮੇਸ਼ਾ ਹੀ ਨਾਸ਼ਵੰਤ ਹੁੰਦੇ ਨੇ। ਇਹ ਰਿਹਾ ਨਹੀਂ ਕਰਦੇ।

***ਬੁੱਢਾ ਹੋਆ ਸੇਖ ਫਰੀਦ***
***ਕੰਬਣ ਲੱਗੀ ਦੇਹ।***
***ਜੇ ਸੌ ਵਰ੍ਹਿਆਂ ਜੀਵਣਾ***
***ਭੀ ਤਨ ਹੋਸੀ ਖੇਹ।***

ਅਸਲੀ ਨਿਸ਼ਾਨਾ ਤਾਂ ਇਹੀ ਹੈ ਕਿ ਸੰਸਾਰ ਤੋਂ ਇਕ ਦਿਨ ਜਾਣਾ ਹੀ ਜਾਣਾ ਹੈ ਪਰ ਇਹ ਬੜਾ ਪਿਆਰਾ ਲਗਦੈ। ਆਪ ਕਿੰਨੇ ਪਿਆਰ ਵਿਚ ਆਏ ਓਂ, ਬਾਹਰੋਂ ਟੈਲੀਫੋਨ ਆਏ ਕਿ ਜੀ, ਅਖੰਡਪਾਠ ਹੋਇਐ, ਅੱਜ ਕੀਰਤਨ ਕਰਵਾ ਰਹੇ ਹਾਂ ਅਸੀਂ, ਅੱਜ 17 ਜੂਨ ਹੈ, ਮੈਂ ਕਿਹਾ ਤੁਹਾਨੂੰ ਵੀ ਪਤਾ ਲਗ ਗਿਆ 17 ਜੂਨ ਦਾ। ਕਹਿੰਦੇ, ਹਾਂ ਜੀ। ਮੈਨੂੰ ਨਹੀਂ ਸੀ ਪਤਾ 17 ਜੂਨ ਦਾ, ਮੈਂ ਤਾਂ 20 ਕਹਿੰਦਾ ਹੁੰਦਾ ਸੀ, ਮੇਰੇ ਪਾਸਪੋਰਟ ਤੇ ਵੀ 20 ਤਰੀਕ ਹੀ ਲਿਖੀ ਹੋਈ ਹੈ। ਪਰ ਇਹ ਬੀਬੀ ਦੇਵਿੰਦਰ ਨੇ ਕਿਸੇ ਪੁਰਾਣੇ ਕਾਗਜ਼ ਤੋਂ ਟੋਲ੍ਹ ਲਿਆ। ਤੁਸੀਂ ਸਾਰਿਆਂ ਨੇ ਮੈਨੂੰ ਬਹੁਤ ਪਿਆਰ ਕਰਿਆ, ਐਨਾ ਜ਼ਿਆਦਾ ਕਰਿਐ ਕਿ ਮੈਂ ਤੁਲਨਾ ਕਰਦਾਂ, ਇਥੇ ਜੋ ਮੇਰੇ ਨਾਲ ਪਿਆਰ ਹੈ ਤੁਹਾਡਾ ਉਸ ਵਿਚ ਕੋਈ ਗਰਜ਼ ਨਹੀਂ ਕੋਈ, ਮੈਂ ਕੋਈ ਜਾਇਦਾਦ ਨਹੀਂ ਦੇਣੀ ਤੁਹਾਨੂੰ, ਇਹ ਪ੍ਰਮੇਸ਼ਰ ਵਲੋਂ ਕੁਦਰਤੀ ਪਿਆਰ ਹੈ। ਬੱਚੇ ਵੀ ਕਰਦੇ ਨੇ ਛੋਟੇ-ਛੋਟੇ, ਬੀਬੀਆਂ ਕਰਦੀਆਂ ਨੇ, ਭਾਈ ਕਰਦੇ ਨੇ। ਇਸ ਤਰ੍ਹਾਂ ਜਦ ਮੈਂ ਦੇਖਦਾਂ ਕਿ ਬਹੁਤ ਪਿਆਰ ਹੈ ਇਨ੍ਹਾਂ ਦੇ ਮਨਾਂ ਵਿਚ, ਜਿਥੇ ਮੈਂ ਜਾਣੈ ਕੀ ਉਥੇ ਵੀ ਐਨਾ ਹੀ ਪਿਆਰ ਹੋਏਗਾ? ਉਥੇ ਤਾਂ ਮੈਂ ਜਾਣਦਾ ਨਹੀਂ ਹਾਂ ਕਿਸੇ ਨੂੰ। ਉਥੇ ਤਾਂ ਇਕ ਤੋਂ ਇਕ ਚੜ੍ਹਦੈ -

***ਇਕ ਦੂ ਇਕਿ ਚੜਦੀਆ***
***ਕਉਣੁ ਜਾਣੈ ਮੇਰਾ ਨਾਉ ਜੀਉ॥***
***ਅੰਗ - 762***

ਪਰ ਫੇਰ ਵੀ ਮੇਰੇ ਮਨ ਵਿਚ ਬੜੀ ਜ਼ਬਰਦਸਤ ਆਸ ਹੈ ਕਿ ਦੁਨੀਆਂ ਵਿਚ ਇਕ ਪਿਆਰ ਮੈਂ ਦੇਖਿਐ, ਜਿਸਨੂੰ ਪਿਆਰ ਆਖਿਆ ਜਾਂਦੈ, ਪਿਆਰ ਮੇਰਾ ਓਨਾ ਨਹੀਂ ਨਿਭਿਆ, ਜਿੰਨਾਂ ਮੈਨੂੰ ਨਿਭਾਣਾ ਚਾਹੀਦੈ। ਕਿਉਂਕਿ ਮੈਂ ਲੈਣਾ ਨਹੀਂ ਸੀ। ਸੰਤ ਮਹਾਰਾਜ ਜੀ ਨੂੰ ਮੈਂ ਇਸ ਤਰ੍ਹਾਂ ਨਹੀਂ ਸੀ ਮਿਲਿਆ -

***ਏਕੁ ਜੁ ਸਾਧੂ ਮੋਹਿ ਮਿਲਿਓ***
***ਤਿਨਿ ਲੀਆ ਅੰਚਲਿ ਲਾਇ॥***
***ਅੰਗ - 1368***

ਮੈਂ ਖਿੱਚ ਖਾ ਗਿਆ ਓਨ੍ਹਾਂ ਨੂੰ ਦੇਖ, ਵੈਸੇ ਓਥੇ ਮੈਂ ਜਾਂਦਾ ਨਹੀਂ ਸੀ, ਕਿਉਂਕਿ ਮੈਂ ਬਹੁਤ ਸਾਰੇ ਸੰਤਾਂ ਕੋਲ ਬਚਪਨ ਤੋਂ ਹੀ ਘੁੰਮਦਾ ਸੀ। ਮੈਨੂੰ ਤਿੰਨ ਚਾਰ ਸਾਲ ਦੇ ਨੂੰ ਪਤਾ ਸੀ ਕਿ ਸੰਤ ਕੀ ਹੁੰਦੇ ਨੇ, ਉਨ੍ਹਾਂ ਦੇ ਪ੍ਰਭਾਵ ਮੇਰੇ ਮਨ ਦੇ ਵਿਚ ਹੁੰਦੇ। ਕੁਦਰਤੀ ਪ੍ਰਮੇਸ਼ਰ ਨੇ ਜਿਹੜੀ ਮੇਰੀ ਯਾਦਾਸ਼ਤ ਸੀ ਉਹ ਮੇਟੀ ਨਾ ਪਿਛਲੇ ਜਨਮ ਦੀ। ਉਹ ਉਵੇਂ ਜਿਵੇਂ ਖੜ੍ਹੀ ਰਹੀ,

ਸੰਤ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਪਹਿਲਾਂ ਤਾਂ ਉਹ ਸਾਫ ਨਾ ਹੋਈ, ਪਹਿਲਾਂ ਤਾਂ ਉਹਦੀ ਭ੍ਰਾਂਤੀ ਰਹਿੰਦੀ ਸੀ, ਉਹ ਐਸ ਤਰ੍ਹਾਂ ਕਿ ਮੈਨੂੰ ਸਾਧੂ ਦਿਸੀ ਜਾਣੇ ਭਗਵੇਂ ਕਪੜਿਆਂ ਵਾਲੇ ਛੋਟੇ ਹੁੰਦੇ ਨੂੰ। ਮੈਂ ਆਪਣੀ ਮਾਤਾ ਨੂੰ ਕਹਿਣਾ ਕਿ ਮੈਨੂੰ ਸਾਧੂ ਦਿਸਦੇ ਨੇ, ਕਹਿੰਦੀ ਜਿਹੜਾ ਤੇਰਾ ਵੱਡਾ ਭਰਾ ਚੜ੍ਹਾਈ ਕਰਿਐ ਉਹਨੂੰ ਵੀ ਦਿਸਦੇ ਹੁੰਦੇ ਸੀ, ਕਹਿੰਦੀ ਤੁਹਾਨੂੰ ਸਾਧੂ ਹੀ ਦਿਸਦੇ ਨੇ। ਮੈਂ ਕਿਹਾ ਮੈਨੂੰ ਕਹਿੰਦੇ ਕੁਛ ਨਹੀਂ, ਆਉਂਦੇ ਨੇ ਮੇਰੇ ਕੋਲ ਆ ਕੇ ਚਲੇ ਜਾਂਦੇ ਨੇ। ਸੰਯੋਗ ਹੁੰਦੇ ਨੇ ਆਪਣੇ ਪਿਛਲੇ ਜਨਮਾਂ ਦੇ, ਏਸ ਜਨਮ ਦੇ ਅੰਦਰ ਜੇ ਮੈਂ ਇਹ ਗੱਲ ਕਹਿ ਦੇਵਾਂ, ਗਲਤ ਨਹੀਂ ਬਿਲਕੁਲ ਸਚਾਈ ਦੇ ਨਾਲ ਮੈਂ ਕਹਿਨਾਂ ਕਿ ਮੈਨੂੰ ਅਕਲ ਨਹੀਂ ਹੈਗੀ, ਸੰਸਾਰ ਦੀ ਅਕਲ ਨਹੀਂ ਮੈਨੂੰ ਬਿਲਕੁਲ ਹੀ, ਉਹ ਹੋਰ ਅਕਲ ਹੈਗੀ, ਇਹ ਅਕਲ ਨਹੀਂ ਕਿ ਸੰਸਾਰ ਵਿਚ ਕਿਵੇਂ ਵਰਤਣੈ, ਪਰਿਵਾਰ ਵਿਚ ਕਿਵੇਂ ਵਰਤਣੈ, ਰਿਸ਼ਤੇਦਾਰਾਂ ’ਚ ਕਿਵੇਂ ਵਰਤਣੈ, ਇਹ ਅਕਲ ਮੈਨੂੰ ਆਈਓ ਨਹੀਂ ਬਚਪਨ ਤੋਂ ਲੈ ਕੇ। ਇਹ ਮੈਂ ਹੁਣ ਸੋਚਦਾਂ, ਪਹਿਲਾਂ ਤਾਂ ਮੈਂ ਸੋਚਦਾ ਨਹੀਂ ਸੀ ਕਿ ਕਿਸੇ ਦੇ ਮਨ ਵਿਚ ਨਹੀਂ ਹੈ ਕਿ ਸੰਸਾਰ ਦਾ ਉਧਾਰ ਹੋ ਜਾਵੇ। ਸੰਸਾਰ ਦਾ। ਉਧਾਰ ਹੋ ਜਾਵੇ, ਗੁਰੂ ਵਲ ਲੱਗ ਜਾਣ, ਮੈਨੂੰ ਕਿਉਂ ਫਿਕਰ ਪਿਐ ਹੋਇਐ ਸਾਰੇ ਸੰਸਾਰ ਦਾ ਫੇਰ ਮੈਨੂੰ ਆਪੇ ਹੀ ਜਵਾਬ ਆ ਜਾਂਦੈ ਕਿ ਤੂੰ ਸਮਝਦਾਰ ਨਹੀਂ ਹੈਂ, ਤੈਨੂੰ ਜੀਉਣਾ ਨਹੀਂ ਆਇਆ ਜ਼ਿੰਦਗੀ ਦੇ ਅੰਦਰ। ਕਿਉਂਕਿ ਮੇਰੀ ਸਾਰੀ ਜ਼ਿੰਦਗੀ ਏਵੇਂ ਜਿਵੇਂ ਲੰਘੀ ਐ, ਮੈਨੂੰ ਜਿਹੜਾ ਕਾਰਜ ਮਿਲਿਐ ਇਹ ਬੜੀ ਔਖੀ ਅਦਾਇਗੀ ਸੀਗੀ, ਸੁਖਾਲਾ ਨਹੀਂ ਸੀ। ਪਿਛਲੇ ਜਨਮ ਦਾ ਮੈਨੂੰ ਪਤਾ ਸੀ, ਬੜਾ ਸੋਹਣਾ ਜਨਮ ਲੰਘਿਆ, ਇਕਾਂਤ ਵਿਚ, ਆਹ ਤੁਹਾਡੇ ਕੋਲ ਹੀ ਹੈ ਬਰੋਟੀਆਲਾ। ਇਥੇ ਮੈਂ ਇਕੱਲਾ ਨਹੀਂ ਸੀ ਤੁਹਾਡੇ ਬੀਜੀ ਵੀ ਉਥੇ ਹੀ ਸੀਗੇ।

ਉਥੇ ਵੱਡੇ ਬਜ਼ੁਰਗ ਦਸਦੇ ਨੇ ਕਿ ਇਥੇ ਇਕ ਸੰਤ ਰਹਿੰਦਾ ਸੀ, ਜਦੋਂ ਉਨ੍ਹਾਂ ਨੂੰ ਮੈਂ ਨਿਸ਼ਾਨੀਆਂ ਦੱਸੀਆਂ ਕਿ ਬੋਹੜ ਹੈ, ਕੋਲ ਖੂਹ ਹੁੰਦਾ, ਰਸਤਾ ਪਹਾੜੀ ਤੇ ਨੂੰ ਚੜ੍ਹਦਾ ਸੀ, ਕਹਿੰਦੇ ਹਾਂ ਜੀ ਉਥੇ ਇਕ ਮਹਾਤਮਾ ਦਾ ਧੂਣਾ ਹੁੰਦਾ, ਉਥੇ ਸੰਤ ਬਹੁਤ ਆਉਂਦੇ ਸੀ ਤੇ ਜਲ ਪਾਣੀ ਦੀ ਸੇਵਾ ਇਕ ਬੀਬੀ ਕਰਦੀ ਹੁੰਦੀ ਸੀ। ਉਹਨੇ ਵਿਆਹ ਨਹੀਂ ਸੀ ਕਰਾਇਆ ਸਾਰੀ ਜ਼ਿੰਦਗੀ। ਸਾਡੇ ਪਿੰਡ ਵਿਚ ਹੁਣ ਵੀ ਉਹਦੀ ਮਾਨਤਾ ਹੈ, ਮੰਨਦੇ ਹਾਂ ਅਸੀਂ ਉਸ ਬੀਬੀ ਨੂੰ। ਸੋ ਉਹ ਜਨਮ ਸੀ ਜਿਹੜਾ ਉਹ ਏਸੇ ਤਰ੍ਹਾਂ ਲੰਘਿਆ, ਨਾ ਕਿਸੇ ਨੂੰ ਦੇਣਾ, ਨਾ ਲੈਣਾ, ਨਾ ਕੋਈ ਡੇਰਾ ਬਣਾਉਣਾ, ਨਾ ਕੋਈ ਲੰਗਰ ਚਲਾਉਣਾ, ਆ ਗਏ ਪ੍ਰਸ਼ਾਦੇ ਛਕ ਲੈਣੇ, ਨਹੀਂ ਉਹ ਬੋਹੜ ਸੀਗਾ ਹੁਣ ਵੀ ਸ਼ਾਇਦ ਖੜ੍ਹੈ ਕਹਿੰਦੇ, ਉਹਦੇ ਥੱਲੇ ਬੈਠੇ ਰਹੀਦਾ ਸੀ। ਇਕ ਕਪੀਨ ਪਾਈ ਹੁੰਦੀ, ਸਿਰ ਦੇ ਉਤੇ ਜਟਾਵਾਂ ਹੁੰਦੀਆਂ, ਧੂਣਾਂ ਬਲਦਾ ਰਹਿੰਦਾ ਸੀ ਸਾਮ੍ਹਣੇ। ਉਹ ਮੈਨੂੰ ਦਿਸਦਾ ਰਹਿੰਦਾ ਸੀ, ਮਹਾਰਾਜ ਜੀ ਨੇ ਦੇਖ ਲਿਆ। ਜਿਸ ਵਕਤ ਮੈਂ ਮਹਾਰਾਜ ਜੀ ਨੂੰ ਪਹਿਲੀ ਵਾਰ ਮਿਲਿਆ, ਪਹਿਲਾਂ ਤਾਂ ਮਿਲਦਾ ਹੀ ਨਹੀਂ ਸੀਗਾ। ਉਸ ਤਰ੍ਹਾਂ ਮੇਰਾ ਪਿਆਰ ਸੀ ਬਚਪਨ ਤੋਂ ਹੀ ਉਨ੍ਹਾਂ ਨਾਲ। ਸਾਡੇ ਬਹੁਤ ਸਾਰੇ ਸੰਤ ਆਉਂਦੇ ਸੀ, ਉਨ੍ਹਾਂ ਦੇ ਸੰਸਕਾਰ ਸਾਡੇ ਉਤੇ ਪੈਂਦੇ ਸੀ ਕਿਉਂਕਿ ਖਿਆਲ ਚਲਦੇ ਨੇ ਦੁਨੀਆਂ ’ਚ। ਅਜੇ ਮਹਾਰਾਜ ਜੀ ਦੀ ਸਰੀਰਕ ਤੌਰ ਤੇ ਛੋਟੀ ਉਮਰ ਸੀ, ਅਜੇ ਜਿਹੜਾ ਸੀਨੀਅਰ ਸੰਤ ਸਨ ਉਹ ਮੰਨਣ ਵਾਸਤੇ ਤਿਆਰ ਨਹੀਂ ਸੀ ਕਿ ਇਹ ਕੋਈ ਬਹੁਤ ਵੱਡੀ ਰੂਹ ਹੈ। ਟਾਂਵੇਂ ਟਾਂਵਿਆਂ ਨੇ ਮੰਨਿਆ, ਪਰ ਉਹ ਵੀ ਤਪ ਵਾਲੇ ਸੀਗੇ, ਬੜੀ ਭਾਰੀ ਤਪੱਸਿਆ ਕੀਤੀ ਆਪ ਨੇ। ਜਿਸ ਵਕਤ ਮੈਂ ਉਨ੍ਹਾਂ ਨੂੰ ਮਿਲਿਆ, ਉਸ ਵੇਲੇ ਮੈਂ ਫੇਰ ਜੇ-ਜਿੱਕ ਕਰ ਦਿਤੀ ਕਿ ਮੈਂ ਦੂਰੋਂ ਦਰਸ਼ਨ ਕਰ ਲਏ, ਨੇੜੇ ਹੋ ਕੇ ਕੀ ਕਰਨੇ ਨੇ। ਛੋਟੀ ਉਮਰ ਸੀ, ਸਕੂਲ ਤੋਂ ਪੜ੍ਹ ਕੇ ਹਟਿਆ ਸੀ, ਮਾਤਾ ਜੀ ਨੂੰ ਸਾਡੀ ਨੂੰ ਖਿਆਲ ਸੀ ਕਿ ਇਹ ਭਟਕਦਾ ਫਿਰਦੈ, ਬੇਅੰਤ ਸੰਤਾਂ ਦੇ ਪਿਛੇ, ਸੁਣਦੈ ਤੁਰ ਜਾਂਦੈ ਘਰੋਂ ਚੁੱਪ ਕਰਕੇ। ਘਰਵਾਲੇ ਮੈਨੂੰ ਰੋਕਦੇ ਨਹੀਂ ਸੀਗੇ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਨਾ ਕੋਈ ਮਾੜਾ ਕੰਮ ਕਰਦੈ, ਕਿਸੇ ਸੰਤਾਂ ਦੇ ਪਿਛੇ ਤੁਰਿਆ ਫਿਰਦਾ ਕੀਰਤਨ ਸੁਣਦਾ ਹੋਣੈ, ਕਿਤੇ ਬੈਠਾ ਹੋਣਾ

ਸੰਤ ਮਹਾਰਾਜ ਜੀ ਦੀ ਪਿਛਲੇ ਜਨਮ ਦੀ ਤਪੋ ਭੂਮੀ ਜਿਸ ਥਾਂ ਤੇ ਬਰੋਟਾ ਅਤੇ ਖੂਹ ਉਸੇ ਤਰ੍ਹਾਂ ਕਾਇਮ ਹਨ।

ਅੱਖਾਂ ਮੀਟੀ, ਸੋ ਏਸ ਕਰਕੇ ਉਹ ਬੇਫਿਕਰ ਸੀਗੇ। ਮੇਰੇ ਪਿਤਾ ਜੀ ਇਕ ਗੱਲ ਕਹਿੰਦੇ ਹੁੰਦੇ ਕਿ ਜੇ ਤੂੰ ਮੇਰਾ ਪੁੱਤਰ ਨਾ ਹੁੰਦਾ, ਮੈਂ ਰੋਜ਼ ਤੜਕੇ ਉਠ ਕੇ ਤੈਨੂੰ ਮੱਥਾ ਟੇਕਿਆ ਕਰਦਾ, ਮੈਂ ਨਹੀਂ ਸੀ ਗੌਲਦਾ, ਮੈਂ ਕਿਹਾ ਐਵੇਂ ਈ ਇਹ ਤਾਂ ਗੱਲਬਾਤ ਐ। ਸੋ ਮਾਤਾ ਜੀ ਸਾਡੇ ਏਸ ਗੱਲ ਦੇ ਵਿਚ ਸੀ ਕਿ ਇਹਨੂੰ ਕੋਈ ਪੂਰਾ ਸੰਤ ਮਿਲ ਜਾਵੇ ਤਾਂ ਚੰਗਾ ਹੈ। ਅਜੇ ਤੱਕ ਇਹ ਤੁਰਿਆ ਰਹਿੰਦੈ ਸੰਤਾਂ ਦੇ, ਉਹਦੇ ਕੋਲ ਚਲਾ ਗਿਆ, ਉਹ ਸੰਤਾਂ ਦੇ ਬਚਨ ਸੁਣ ਲਏ, ਉਨ੍ਹਾਂ ਦਾ ਕੀਰਤਨ ਸੁਣ ਲਿਆ, ਸਾਰੀ-ਸਾਰੀ ਰਾਤ ਸੁਣੀ ਜਾਂਦੈ। ਉਹ ਮੈਨੂੰ ਰਾੜਾ ਸਾਹਿਬ ਲੈ ਗਏ ਮਾਘ ਦੇ ਮਹੀਨੇ ’ਚ, ਜਦ ਢੱਕੀ ਤੋਂ ਆ ਗਏ ਸੀ ਸੰਤ ਮਹਾਰਾਜ। ਪਹਿਲਾਂ ਵੀ ਅਸੀਂ ਜਾਂਦੇ ਸੀ ਕੀਰਤਨ ਸੁਣਦੇ ਸੀ ਉਨ੍ਹਾਂ ਦਾ ਢੱਕੀ ਵਿਚ। ਲੇਕਿਨ ਨੇੜੇ ਹੋਣ ਦਾ ਨਹੀਂ ਸੀ ਸੁਭਾਗ ਪ੍ਰਾਪਤ ਹੋਇਆ, ਦੂਰੋਂ ਹੀ ਕੀਰਤਨ ਸੁਣਨਾ, ਕੁਛ ਮਹਾਰਾਜ ਵੀ ਘੱਟ ਮਿਲਦੇ ਸੀ, ਜ਼ਿਆਦਾ ਨਹੀਂ ਸੀ ਮਿਲਦੇ ਥੋੜ੍ਹਾ ਹੀ ਮਿਲਦੇ ਸੀ।

ਸੋ ਜਿਸ ਵਕਤ ਮਾਤਾ ਜੀ ਅੰਦਰ ਚਲੇ ਗਏ, ਮੈਂ ਬਾਹਰ ਹੀ ਖੜ੍ਹ ਗਿਆ, ਉਹ ਫੇਰ ਆਈ, ਕਹਿਣ ਲੱਗੀ ਸੰਤਾਂ ਦੇ ਦਰਸ਼ਨ ਕਰ ਲੈ, ਅੰਦਰ ਆ ਜਾ। ਮੈਂ ਕਿਹਾ ਮੈਂ ਤਾਂ ਇਥੋਂ ਜਦ ਬਾਹਰੋਂ ਜਾ ਰਹੇ ਸੀ ਮੈਂ ਦਰਸ਼ਨ ਤਾਂ ਕਰ ਲਏ। ਉਹ ਫੇਰ ਉਠ ਕੇ ਆ ਗਈ, ਕਹਿਣ ਲੱਗੀ, ਤੂੰ ਸਾਮ੍ਹਣੇ ਚੱਲ ਉਨ੍ਹਾਂ ਦੇ। ਮੈਂ ਫੇਰ ਨਾ ਗਿਆ। ਤੀਸਰੀ ਵਾਰੀ ਉਹਨੇ ਮੇਰੀ ਬਾਂਹ ਫੜ ਲਈ, ਤੱਕੜੀ ਸੀ ਬਹੁਤ ਜ਼ਿਆਦਾ, ਮੁਰੱਬਿਆਂ ਵਾਲਿਆਂ ਦੀ ਧੀ ਸੀ, ਛੇ ਬੋਰੀਆਂ ਤੱਕ ਉਹ ਬੋਰੀ ਚੁੱਕ ਕੇ ਉਹ ਲਾ ਦਿੰਦੀ ਸੀ। ਸਾਰੇ ਹੈਰਾਨ ਸੀ ਕਿ ਕੁਇੰਟਲ ਦੀ ਬੋਰੀ, ਛੇਵੀਂ ਬੋਰੀ ਤੇ ਵੀ ਲਾ ਦਿੰਦੀ ਹੈ। ਮੇਰੀ ਤਾਕਤ ਨਹੀਂ ਸੀ ਉਹਦੇ ਸਾਮ੍ਹਣੇ। ਉਹਨੇ ਝਟਕਾ ਮਾਰਿਆ, ਮੈਂ ਉਥੇ ਇਕ ਖੱਡਾ ਸੀ ਕੰਧ ਦੇ ਵਿਚ, ਮੇਰਾ ਹੱਥ ਪੈ ਗਿਆ ਉਹਦੇ ਵਿਚ, ਉਹਨੇ ਝਟਕਾ ਮਾਰਿਆ ਉਸ ਤੋਂ ਖਿੱਚ ਨਾ ਹੋਇਆ ਦੂਜੀ ਵਾਰੀ ਝਟਕਾ ਮਾਰਿਆ ਨਾਲੇ ਕਹਿੰਦੀ ਇਹਦੇ ’ਚ ਕਿੰਨਾ ਜ਼ੋਰ ਐ, ਮੇਰਾ ਹੱਥ ਛੁਡਾ ਦਿਤਾ। ਕਹਿੰਦੀ ਸਿੱਧਾ ਹੋ ਕੇ ਚੱਲ, ਸੰਤਾਂ ਦੇ ਕੋਲ ਦਰਸ਼ਨ ਕਰ। ਐਨਾ ਹੀ ਕਹਿਣ ’ਚ ਮੇਰੀ ਭਾਵਨਾ ਬਣ ਗਈ, ਬਾਹਰੋਂ ਅੰਦਰ ਜਾਣ ਤੱਕ। ਗੱਲ ਮੇਰੇ ਮਨ ’ਚ ਕੋਈ ਨਹੀਂ ਸੀ ਪਰ ਮੈਂ ਵੈਸੇ ਹੀ ਨਹੀਂ ਸੀ ਮਿਲਦਾ। ਮੈਨੂੰ ਸਾਧੂ ਬਹੁਤ ਮਿਲ ਚੁੱਕੇ ਸੀ, ਵੱਡੇ-ਵੱਡੇ ਮਿਲ ਚੁੱਕੇ ਸੀ, ਭਾਈ ਰਣਧੀਰ ਸਿੰਘ ਜੀ ਵਰਗੇ। ਉਨ੍ਹਾਂ ਤੋਂ ਕਈ ਪਿਆਰ ਵੀ ਲੈ ਚੁੱਕਿਆ ਸੀ। ਉਨ੍ਹਾਂ ਦੇ ਨਾਲ ਦੋ ਢਾਈ ਘੰਟੇ ਕੀਰਤਨ ਵੀ ਕਰਿਆ ਜਦ ਮੈਂ ਦਸਵੀਂ ’ਚ ਪੜ੍ਹਦਾ ਸੀ। ਇਸ ਤਰ੍ਹਾਂ ਦੇ ਮਹਾਤਮਾ ਆਉਂਦੇ ਰਹਿੰਦੇ ਸੀ। ਗੁਰਸਿੱਖ ਵੀ ਜਿਹੜੇ ਉਸ ਵੇਲੇ ਦੀ ਸੀ ਉਹ ਵੀ ਪੂਰੇ ਮਹਾਤਮਾ ਸੀਗੇ। ਉਨ੍ਹਾਂ ਦਾ ਭੇਖ ਨਹੀਂ ਸੀ ਲੇਕਿਨ ਸੀਗੇ ਸਾਧੂ। ਮੇਰਾ ਕਈ ਵਾਰੀ ਜੀਅ ਕਰਦਾ ਸੀ ਕਿ ਮੈਂ ਉਹ ਗੱਲਾਂ ਲਿਖਾਂ, ਉਹ ਸਮੇਂ ਲੰਘ ਗਏ ਜਿਸ ਵੇਲੇ ਆਮ ਸਿੱਖ ਵੀ ਜਿਹੜਾ ਹੁੰਦਾ ਉਹ ਸਾਧੂ ਹੀ ਹੁੰਦਾ ਸੀ। ਸੋ ਮਹਾਰਾਜ ਜੀ ਕੋਲ ਮੈਨੂੰ ਕੋਈ ਲੋੜ ਨਹੀਂ, ਕੋਈ ਪੁੱਛਣ ਵਾਲੀ ਗੱਲ ਮੇਰੇ ਕੋਲ ਨਹੀਂ ਸੀ।

ਸੰਤ ਮਹਾਰਾਜ ਜੀ ਅਤੇ ਪਰਮ ਸਤਿਕਾਰਯੋਗ ਬੀਜੀ ਸੰਗਤਾਂ ਨੂੰ ਦਰਸ਼ਨ ਦੇ ਰਹੇ ਹਨ।

ਜਦੋਂ ਮਹਾਰਾਜ ਜੀ ਦੇ ਕੋਲ ਗਿਆ ਉਨ੍ਹਾਂ ਨੇ ਇਕ ਸਕਿੰਟ ਵਿਚ ਦੇਖ ਲਈ ਗੱਲਬਾਤ ਸਾਰੀ। ਕਹਿਣ ਲੱਗੇ, “ਤੂੰ ਕੌਣ ਹੈਂ?” ਆਹ ਗੱਲ ਸੁਣ ਕੇ ਮੈਂ ਚੁੱਪ ਕਰ ਗਿਆ, ਇਕ ਮਿੰਟ ਖੜ੍ਹਾ ਰਿਹਾ, ਸੰਗਤ ਬੋਲੀ ਜਾਵੇ। ਕਹਿਣ ਕਿ ਕਾਕਾ ਤੈਨੂੰ ਪੁਛਿਐ ਕਿ ਤੂੰ ਕੌਣ ਹੈਂ? ਮਹਾਰਾਜ ਕਹਿੰਦੇ, “ਤੂੰ ਦੱਸਿਆ ਨਹੀਂ?” ਮੈਂ ਕਿਹਾ, “ਦੱਸਦਾਂ ਜੀ।” ਇਕ ਮਿੰਟ ਫੇਰ ਲੰਘ ਗਿਆ। ਕਾਫੀ ਸਮਾਂ ਹੁੰਦੈ ਜੇ ਇਕ ਮਿੰਟ ਕੋਈ ਖੜ੍ਹਾ ਰਹੇ। ਉਸ ਤੋਂ ਬਾਅਦ ਤੀਸਰਾ ਮਿੰਟ ਆ ਗਿਆ। ਜਦ ਮਹਾਰਾਜ ਜੀ ਕਿਹਾ ਕਿ ਦੱਸਿਆ ਨਹੀਂ, ਸੰਗਤ ਹੱਸ ਪਈ

ਕਿ ਲੈ ਮੁੰਡੇ ਨੂੰ ਦੱਸਣਾ ਨਹੀਂ ਆਉਂਦਾ। ਮਹਾਰਾਜ ਜੀ ਕਹਿੰਦੇ, "ਖਾਮੋਸ਼।" ਤੁਹਾਨੂੰ ਨਹੀਂ ਪਤਾ ਕਿ ਕੀ ਗੱਲ ਹੋ ਰਹੀ ਹੈ। ਦੱਸਵੀਂ ਪਾਸ ਕਰਕੇ ਮੈਨੂੰ ਥੋੜ੍ਹੀ ਦੇਰ ਹੋਈ ਸੀ ਅਵਾਰਾ ਘੁੰਮਦੇ ਨੂੰ। ਅਵਾਰਾ ਇਸ ਤਰ੍ਹਾਂ ਸੀ ਮੈਂ ਚਲਿਆ ਜਾਂਦਾ ਸੀ ਜਿਥੇ ਜੀਅ ਕਰਦਾ ਸੀ, ਜਿਥੇ ਜੀਅ ਕਰਿਆ ਰਹਿ ਪੈਂਦਾ ਸੀ ਕੋਈ ਮੈਨੂੰ ਰੋਕਦਾ ਨਹੀਂ ਸੀ। ਰਹਿੰਦਾ ਮੈਂ ਗੁਰਦੁਆਰਿਆਂ 'ਚ ਹੀ ਹੁੰਦਾ ਜਾਂ ਕਿਸੇ ਸਾਧੂ ਕੋਲ ਰਹਿੰਦਾ ਹੁੰਦਾ, ਕੀਰਤਨ ਸੁਣਦਾ ਹੁੰਦਾ ਜਾਂ ਭਜਨ ਕਰੀ ਜਾਂਦਾ ਸੀ ਕਿਤੇ ਬੈਠਾ। ਮੈਨੂੰ ਕੋਈ ਐਸਾ ਸਾਧੂ ਨਹੀਂ ਸੀ ਮਿਲਿਆ ਜਿਸਨੂੰ ਮੈਂ ਪੂਰੇ ਦਿਲ ਨਾਲ ਆਪਣਾ ਆਪ ਸੌਂਪ ਦੇਵਾਂ। ਕਿਉਂਕਿ ਮੇਰੇ ਅੰਦਰ ਤਰਕ ਸੀ, ਪਰਖ ਸੀ, ਕਿ ਸਾਧੂ ਕਿਹੋ ਜਿਹਾ ਹੁੰਦਾ ਹੈ। ਮੇਰਾ ਨਾਮਧਾਰੀ ਸੰਤਾਂ ਦੇ ਨਾਲ ਬਹੁਤ ਵਾਹ ਰਿਹਾ, ਨਾਮਧਾਰੀਆਂ ਦੇ ਸੰਤ ਤਾਂ ਬਹੁਤ ਨਾਮ ਜਪਦੇ ਸੀ, ਸੱਚਮੁਚੀਂ ਜਪਦੇ ਸੀ। ਉਨ੍ਹਾਂ ਦਾ ਵੀ ਅਸਰ ਮੇਰੇ ਤੇ ਸੀਗਾ। ਮਹਾਰਾਜ ਕੋਲੋਂ ਪੁੱਛਣ ਵਾਲੀ ਗੱਲ ਨਹੀਂ ਸੀ ਮੇਰੇ ਕੋਲ ਕਿ ਕੀ ਪੁੱਛਿਆ ਜਾਵੇ। ਮਹਾਰਾਜ ਜੀ ਨੇ ਸਵਾਲ ਕਰ ਦਿਤਾ। ਤਿੰਨ ਮਿੰਟ ਲੰਘ ਗਏ ਮਹਾਰਾਜ ਜੀ ਕਹਿੰਦੇ ਦਸਦਾ ਨਹੀਂ। ਮੈਂ ਕਿਹਾ ਜੀ ਮੈਨੂੰ ਦੱਸਣਾ ਨਹੀਂ ਆਉਂਦਾ। ਉਨ੍ਹਾਂ ਨੂੰ ਪਤਾ ਲਗ ਗਿਆ, ਕਹਿੰਦੇ ਅੱਛਾ ਦੱਸ ਕਿਵੇਂ ਨਹੀਂ ਦੱਸਣਾ ਆਉਂਦਾ? ਤੁਸੀਂ ਹੈਰਾਨ ਹੋਓਂਗੇ ਇਹ ਕੋਈ ਸਿਆਣੇ ਬੰਦੇ ਦੀਆਂ ਗੱਲਾਂ ਨਹੀਂ ਹੈਂ? ਇਹ ਕਮਲੇ ਬੰਦਿਆਂ ਦੀ ਬਾਤਾਂ ਨੇ, ਮੈਂ ਤਾਂ ਹੀ ਕਹਿੰਦਾ ਕਿ ਮੈਨੂੰ ਅਕਲ ਨਹੀਂ ਹੈ, ਸੰਸਾਰ ਦੀ। ਪਤਾ ਹੀ ਨਹੀਂ ਹੈ ਕਿ ਇਥੇ ਮੇਰਾ ਨੁਕਸਾਨ ਹੋ ਜਾਊਗਾ, ਇਥੇ ਮੈਨੂੰ ਫੜਾ ਲਊਗਾ ਕੋਈ, ਇਥੇ ਮੈਨੂੰ ਕੋਈ ਧੋਖਾ ਦੇ ਦਊ। ਥਹੁ ਹੀ ਨਹੀਂ ਇਨ੍ਹਾਂ ਗੱਲਾਂ ਦਾ।

ਸੋ ਮਹਾਰਾਜ ਕਹਿਣ ਲੱਗੇ, "ਕਿਵੇਂ ਨਹੀਂ ਦੱਸਣਾ ਆਉਂਦਾ?" ਮੈਂ ਕਿਹਾ, "ਜੀ ਐਵੇਂ ਨਹੀਂ ਆਉਂਦਾ ਕਿ ਪਹਿਲਾਂ ਤਾਂ ਮੈਂ ਨਾਉਂ ਦੱਸਣ ਲੱਗਿਆ ਸੀ, ਐਨੇ 'ਚ ਮੇਰੇ ਅਨੁਭਵ ਵਿਚ ਦੋ ਤਿੰਨ ਗੱਲਾਂ ਤੁਰ ਪਈਆਂ, ਮੈਂ ਕਿਹਾ ਜੇ ਤਾਂ ਕੁੰਡਾ ਲੱਗਿਆ ਫੇਰ ਤਾਂ ਮੈਂ ਆਪਣਾ ਨਾਉਂ ਦੱਸਦਾ। ਹਨ੍ਹੇਰਾ ਹੁੰਦਾ ਮੈਂ ਦੱਸਦਾ ਕਿ ਜੀ ਮੈਂ ਮੁੰਡਾ ਹਾਂ ਜੀ। ਜੇ ਪੰਗਤ 'ਚ ਬੈਠਾ ਹੁੰਦਾ, ਫੇਰ ਮੈਂ ਆਪਣੀ ਜਾਤ ਦਸਦਾ, ਕਿਉਂਕਿ ਉਨ੍ਹਾਂ ਦਿਨਾਂ ਵਿਚ ਜਾਤ-ਪਾਤ ਦਾ ਬਹੁਤ ਰੌਲਾ ਸੀ। ਮੈਂ ਕਿਹਾ ਤਿੰਨੋ ਗੱਲਾਂ ਤਾਂ ਹੈ ਨਹੀਂ। ਕਹਿੰਦੇ, "ਫੇਰ?" ਫੇਰ ਮੈਂ ਕਿਹਾ ਮਹਾਰਾਜ ਮੈਂ ਨਾਉਂ ਦੱਸਣ ਲੱਗਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਮੇਰਾ ਪਿਛਲੇ ਜਨਮ ਵਿਚ ਹਰਨਾਮ ਸਿੰਘ ਸੀਗਾ ਨਾਉਂ। ਮਹਾਂਪੁਰਸ਼ਾਂ ਨੇ ਬਹੁਤ ਧਿਆਨ ਦਿਤਾ ਇਸ ਗੱਲ ਵੱਲ। ਅਜੇ ਮੈਨੂੰ ਉਹ ਨਹੀਂ ਦਿਸਿਆ ਬਰੋਟੀਵਾਲੇ ਜਨਮ ਦਾ। ਇਹ ਤਾਂ ਮੈਨੂੰ ਬੜਾ ਲੇਟ ਉਮਰ 'ਚ ਆ ਕੇ ਪਤਾ ਲੱਗਿਐ। ਮੈਂ ਕਿਹਾ ਮਹਾਰਾਜ ਉਸ ਤੋਂ ਅਗਾਹਾਂ ਫੇਰ ਚਲ ਪਓ, ਮੇਰਾ ਉਸ ਤੋਂ ਵੀ ਕੋਈ ਹੋਰ ਜਨਮ ਸੀ, ਫੇਰ ਉਸ ਤੋਂ ਪਹਿਲਾਂ ਸੀ, ਮੈਂ ਕਿਹਾ ਭੌਣੀ ਹੈ ਖੂਹ ਦੇ ਉਤੇ ਲੱਜ ਬੰਨ੍ਹੀ ਹੋਈ ਹੈ, ਡੋਲ ਛੱਡ ਦਿਓ, ਅਖੀਰ ਦੇ ਉਤੇ ਗੱਠ ਆ ਜਾਂਦੀ ਹੈ, ਮੈਂ ਕਿਹਾ ਜਿਥੇ ਗੱਠ ਆ ਜਾਂਦੀ ਹੈ ਨਾ ਉਥੇ ਮੈਨੂੰ ਐਉਂ ਪਤਾ ਲੱਗਿਆ ਕਿ ਕਿਸੇ ਦਿਨ ਮੇਰੀ ਹੋਂਦ ਕਾਇਮ ਹੋਈ ਹੈ। ਮੈਂ ਕੁਛ ਬਣਿਆਂ, ਮਹਾਰਾਜ ਕਹਿੰਦੇ ਬਹਿ ਜਾ। ਐਨੀਓਂ ਗੱਲ ਸੁਣੀ ਸੀ ਉਨ੍ਹਾਂ ਨੇ, 45 ਮਿੰਟ ਨਾ ਉਨ੍ਹਾਂ ਨੇ ਨੇਤਰ ਖੋਲ੍ਹੇ, ਨਾ ਮੈਂ ਖੋਲ੍ਹੇ। 45 ਮਿੰਟਾਂ ਬਾਅਦ ਕਹਿਣ ਲੱਗੇ ਨੇਤਰ ਖੋਲ੍ਹ। ਕਹਿੰਦੇ ਇਹਨੂੰ ਕੋਈ ਵੀ ਨਹੀਂ ਦੱਸ ਸਕਦਾ। ਪਰ ਸਿਆਣੇ ਬੰਦਿਆਂ ਨੇ ਇਹਨੂੰ ਜੀਵ ਆਤਮਾ ਕਹਿ ਦਿਤਾ, ਜਿਥੇ ਤੂੰ ਗੱਲ ਕਰੀ ਹੈ ਨਾ, ਜਿਥੇ ਤੂੰ ਬਣਿਐਂ ਇਹ ਬਹੁਤ ਵੱਡੀ ਗਿਆਨ ਦੀ ਗੱਲ ਹੈ, ਸਾਧੂ ਦਸਦੇ ਨਹੀਂ ਹੁੰਦੇ, ਕਿਉਂਕਿ ਅਧਿਕਾਰੀ ਕੋਈ ਨਹੀਂ ਹੁੰਦਾ। ਕਹਿੰਦੇ, "ਜਿਥੇ ਤੂੰ ਕਹਿੰਦਾ ਹੈਂ ਨਾ ਕਿ ਮੈਂ ਪਹਿਲੇ ਦਿਨ ਬਣਿਆਂ ਉਸ ਤੋਂ ਪਹਿਲਾਂ

(ਬਾਕੀ ਪੰਨਾ 41 ਤੇ)

ਸੰਤ ਮਹਾਰਾਜ ਦੇ ਜਨਮ ਦਿਨ ਤੇ ਰਤਵਾੜਾ ਸਾਹਿਬ ਵਿਖੇ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਰਹੀ ਹੈ।

# ਮਹਾਂਪੁਰਸ਼ਾਂ ਦੀ ਮਿੱਠੀ ਯਾਦ

ਮਾਤਲੋਕ ਵਿਚ ਸਮੁੱਚੇ ਜੀਵ ਪ੍ਰਾਣੀ ਮਾਤਰ ਜੀਵ ਆਪਣੇ ਕਰਮਾਂ ਦੇ ਬੰਧਨਾਂ ਕਾਰਨ ਆਉਂਦੇ ਹਨ ਪਰ ਪ੍ਰਵਾਨ ਰੂਹਾਂ ਸਾਧੂ ਸੰਤ-ਜਨ ਇਨ੍ਹਾਂ ਭੁੱਲੇ ਭਟਕੇ ਪ੍ਰਾਣੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਆਉਂਦੀਆਂ ਹਨ। ਇਨ੍ਹਾਂ ਵਿਚੋਂ ਹੀ ਇਕ ਪ੍ਰਵਾਨ ਰੂਹ ਸੀ।

ਧੰਨ ਧੰਨ ਬਾਬਾ ਜੀ ਮਹਾਰਾਜ, ਰਤਵਾੜਾ ਸਾਹਿਬ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਤੇ ਮੁਖੀ, ਨਿਰੋਲ ਅਧਿਆਤਮਕ ਪਤ੍ਰਿਕਾ 'ਆਤਮ ਮਾਰਗ' ਦੇ ਸੰਚਾਲਕ ਤੇ ਮੁਖੀ ਸਾਡੇ ਸਕੂਲ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ' ਰਤਵਾੜਾ ਸਾਹਿਬ ਦੇ ਬਾਨੀ। ਇਥੇ ਹੀ ਬੱਸ ਨਹੀਂ, ਉਹ ਹੋਰ ਵੀ ਅਨੇਕਾਂ ਸੰਸਥਾਵਾਂ, ਮਹਾਨ ਕਾਰਜਾਂ ਦੇ ਸੰਸਥਾਪਕ ਸਨ।

ਅੱਜ ਉਨ੍ਹਾਂ ਦੀ ਯਾਦ ਵਿਚ ਮਨਾਏ ਜਾ ਰਹੇ ਪਵਿੱਤਰ ਜਨਮ ਦਿਨ ਦੇ ਦਿਹਾੜੇ ਦੇ ਮੌਕੇ ਤੇ ਅਸੀਂ ਆਪਣੀ ਤੁੱਛ ਬੁੱਧੀ ਰਾਹੀਂ ਬਾਬਾ ਜੀ ਦੇ ਮਹਾਨ ਜੀਵਨ ਤੇ ਚੰਦ ਲਾਈਨਾਂ ਰਾਹੀਂ ਝਾਤ ਪਾ ਰਹੇ ਹਾਂ। ਗੁਰਬਾਣੀ ਦਾ ਫੁਰਮਾਨ ਹੈ -

*ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥*
*ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥*

*ਭਾਈ ਗੁਰਦਾਸ ਜੀ*

ਮਾਤਾ ਇੰਦ ਕੌਰ ਜੀ, ਜਿਨ੍ਹਾਂ ਗੁਰਬਾਣੀ ਦਾ ਬਿਰਧ ਪਾਲਿਆ। ਉਹ ਮਹਾਨ ਮਾਤਾ ਸੀ, ਜਿਨ੍ਹਾਂ ਦੀ ਕੁੱਖੋਂ 17 ਜੂਨ, 1918 ਈ. ਨੂੰ ਪਿੰਡ ਧਮੋਟ ਜ਼ਿਲਾ ਲੁਧਿਆਣਾ ਵਿਖੇ (ਸੰਤ ਬਾਬਾ ਵਰਿਆਮ ਸਿੰਘ ਜੀ) ਪ੍ਰਗਟ ਹੋਏ। ਧੰਨ ਸਨ ਇਹ ਮਾਤਾ ਜੀ ਅਤੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਜਿਨ੍ਹਾਂ ਦੀ ਪੂਰਬਲੇ ਕਰਮਾਂ ਦੀ ਭਗਤੀ ਸਦਕਾ ਇਕ ਤਪੱਸਵੀ ਭਗਤ ਨੇ ਆਪ ਜੀ ਦੇ ਘਰ ਜਨਮ ਲਿਆ। ਬਾਬਾ ਜੀ ਮਹਾਰਾਜ ਜਨਮ ਜਾਤ ਤੋਂ ਸਾਧੂ ਸਨ। ਛੋਟੀ ਆਯੂ ਵਿਚ ਹੀ ਅੰਮ੍ਰਿਤਪਾਨ ਕਰਕੇ ਨਾਮ-ਖੁਮਾਰੀ ਵਿਚ ਰੰਗੇ ਰਹਿੰਦੇ। ਪੂਰਨ ਮਹਾਂਪੁਰਸ਼ਾਂ ਵਾਲੇ ਚਿਹਨ ਚੱਕਰ ਬਚਪਨ ਤੋਂ ਹੀ ਪ੍ਰਗਟ ਹੋਣ ਲੱਗੇ।

*'ਹੋਣਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ।'*

ਪਾਇਲ ਸਕੂਲ ਤੋਂ ਮੈਟ੍ਰਿਕ ਕਰਨ ਤੋਂ ਬਾਅਦ ਪੁਰੀਸਨ ਕਾਲਜ ਲੁਧਿਆਣਾ ਵਿਚ ਦਾਖਲ ਹੁੰਦੇ ਹਨ। ਪਰ ਆਪ ਜੀ ਦੀ ਮੁੱਖ ਰੁਚੀ ਸਾਧੂ ਸੰਤਾਂ ਦੇ ਬਚਨ ਸੁਣਨ ਤੇ ਕਮਾਉਣ ਵਿਚ ਰਹਿੰਦੀ। ਪੜ੍ਹਾਈ ਦੇ ਨਾਲ-ਨਾਲ ਆਪ ਅਧਿਆਤਮਕ ਜੀਵਨ ਵਲ ਰੁਚਿਤ ਰਹਿੰਦੇ। ਜਾਂ ਇਉਂ ਕਹੋ ਕਿ ਜੀਵਨ ਹੀ ਨਿਰੋਲ ਅਧਿਆਤਮਕ ਸੀ ਪਰ ਦੁਨੀਆਂਦਾਰੀ ਵੀ ਨਾਲ ਨਿਭਾ ਰਹੇ ਸਨ। ਸੰਤ ਮਹਾਰਾਜ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਅਤੇ ਸੰਤ ਬਾਬਾ ਸ਼ਮਸ਼ੇਰ ਸਿੰਘ ਜੀ ਦੀ ਸੰਗਤ ਕਰਦੇ। 24 ਘੰਟੇ ਵਿਚੋਂ ਵਧੇਰੇ ਸਮਾਂ ਭਜਨ-ਬੰਦਗੀ ਵਿਚ ਗੁਜ਼ਾਰਦੇ। ਸਿਰਫ ਦੋ ਚਾਰ ਘੰਟੇ ਆਰਾਮ ਕਰਦੇ, ਅੱਠ-ਪਹਿਰਾ ਪ੍ਰਸ਼ਾਦਾ ਛਕਦੇ। ਇਕ ਫੁਲਕਾ ਤੇ ਇਕ ਕੌਲੀ ਦਾਲ। ਬਾਣੀ ਨੂੰ ਪੂਰੀ ਤਰ੍ਹਾਂ ਕਮਾਉਣਾ ਕੀਤਾ ਹੋਇਆ ਸੀ ਉਨ੍ਹਾਂ -

*ਅਲਪ ਅਹਾਰ ਸੁਲਪ ਸੀ ਨਿੰਦਰਾ*
*ਦਯਾ ਛਿਮਾ ਤਨ ਪ੍ਰੀਤ*
*ਸੀਲ ਸੰਤੋਖ ਸਦਾ ਨਿਰਬਾਹਿਬੌ ਹ੍ਵੈਬੋ ਤ੍ਰਿਗੁਣ ਅਤੀਤ।*

ਐਨੇ ਕੁ ਦੇ ਬਾਵਜੂਦ ਆਪ ਜੀ ਦੇ ਅੰਦਰ ਇਕ ਖਿੱਚ ਜਿਹੀ ਰਹਿੰਦੀ ਕਿ ਕੋਈ ਮਿਲ ਜਾਏ, ਜਿਸ ਨਾਲ 'ਦਿਲ ਦਾ ਸੌਦਾ' ਹੋ ਜਾਵੇ। ਅੰਤ 15-16 ਸਾਲ ਦੀ ਆਯੂ ਵਿਚ ਮਹਾਰਾਜ ਜੀ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨਾਲ ਮੇਲ ਹੋ ਜਾਂਦਾ ਹੈ। 'ਸੋਨੇ ਤੇ ਸੁਹਾਗੇ' ਵਾਲੀ ਹੋ ਗਈ। ਹੁਣ ਤਨ, ਮਨ ਅਤੇ ਧਨ ਸਾਰਾ ਕੁਝ ਅਰਪਣ ਕਰਕੇ ਉਨ੍ਹਾਂ ਦੇ ਬਣ ਕੇ ਰਹਿ ਗਏ। ਹੁਕਮ ਵਿਚ ਹੀ ਗ੍ਰਹਿਸਥ ਜੀਵਨ ਵਿਚ ਰਹਿੰਦੇ ਹੋਏ ਨਾਮ ਕਮਾਈ ਕਰਦੇ ਗਏ। ਬਾਬਾ ਜੀ ਦੇ ਹੁਕਮ ਵਿਚ ਹੀ ਲਾਹੌਰ, ਸਿੰਧ ਦੇ ਇਲਾਕੇ ਵਿਚ ਰਹੇ। ਦਿੱਲੀ ਵਿਖੇ ਨੌਕਰੀ ਤੇ ਪਟਿਆਲੇ ਫੌਜ ਦੀ ਸਰਵਿਸ ਦੌਰਾਨ ਆਪ ਜੀ ਨੇ ਖੂਬ ਗੁਰਮਤਿ ਪ੍ਰਚਾਰ ਕੀਤਾ। ਆਪ ਸਦਾ ਹੀ ਬੰਦੇ ਨੂੰ ਉਸ ਦੇ ਅਸਲ ਨਿਸ਼ਾਨੇ ਦੀ ਪੂਰਤੀ ਲਈ ਪ੍ਰੇਰਦੇ ਰਹੇ। ਇਸ ਤੋਂ ਬਾਅਦ ਬਾਬਾ ਜੀ ਯੂ.ਪੀ. ਚਲੇ ਗਏ। ਫਾਰਮ ਤੇ ਖੇਤੀ ਦੀ ਕੰਮ ਸੰਭਾਲਦੇ ਹੋਇਆਂ ਨਾਲ-ਨਾਲ ਇਲਾਕੇ ਵਿਚ ਗੁਰਮਤਿ ਪ੍ਰਚਾਰ ਵੀ ਕੀਤਾ। ਲੋਕਾਂ ਨੂੰ ਸੋਝੀ ਬਖਸ਼ੀ ਕਿ ਉਨ੍ਹਾਂ ਦਾ ਜੀਵਨ ਵਿਅਰਥ, ਨਸ਼ਿਆਂ ਵਿਚ ਨਸ਼ਟ ਹੋ ਰਿਹਾ ਹੈ। 'ਨਾਮ ਦਾ ਰਸ ਪੀਓ' - ਇਹੀ ਆਪ ਜੀ ਦਾ ਉਪਦੇਸ਼ ਸੀ। ਇਸ ਤੋਂ ਬਾਅਦ ਵਾਰੀ ਆਉਂਦੀ ਹੈ ਸਾਡੇ ਰੋਪੜ ਦੇ ਇਲਾਕੇ ਦੀ। ਲੋਕ ਨਸ਼ਿਆਂ ਵਿਚ ਧੁੱਤ ਸਨ। ਬਾਣੀ ਦੀ ਸੋਝੀ ਨਹੀਂ ਸੀ, ਮਨੁੱਖਾ ਜਨਮ ਵਿਅਰਥ ਜਾ ਰਿਹਾ ਸੀ ਇਸ ਘਾਟ ਨੂੰ ਮਹਿਸੂਸ ਕਰਦੇ ਹੋਏ ਬਾਬਾ ਜੀ ਨੇ ਸਿੱਧੀਆਂ ਧਾਰਨਾਂ ਦੇ ਕੀਰਤਨ ਰਾਹੀਂ ਐਸੀ ਕ੍ਰਿਪਾ ਕੀਤੀ ਕਿ ਲੋਕਾਂ ਨੂੰ ਸੋਝੀ ਆ ਗਈ ਕਿ -

*ਧਾਰਨਾ - ਇਹੋ ਤੇਰੀ ਵਾਰੀ ਐ ਗੋਬਿੰਦ ਮਿਲਣੇ ਕੀ।*

ਫਿਰ ਕੀ, ਬਾਬਾ ਜੀ ਨੇ ਆਪਣੀਆਂ ਰਹਿਮਤਾਂ ਦੀ ਛਹਿਬਰ ਲਾ ਦਿਤੀ, ਰਤਵਾੜਾ ਸਾਹਿਬ ਹੋਂਦ ਵਿਚ ਆ ਗਿਆ। ਦਿਨ-ਰਾਤ ਗੁਰਬਾਣੀ ਦਾ ਜਸ ਹੋਣ ਲੱਗਾ। ਇਸ ਸਭ ਕੁਝ ਦੇ ਪਿਛੇ ਸਤਿਕਾਰਯੋਗ ਬੀਜੀ ਦਾ ਵੀ ਮਹੱਤਵਪੂਰਨ ਯੋਗਦਾਨ ਸੀ। ਇਸ ਗੁਰਮਤਿ ਪ੍ਰਚਾਰ ਦੇ ਮਹਾਨ ਕੇਂਦਰ ਰਤਵਾੜਾ ਸਾਹਿਬ ਤੋਂ ਛਪਣ ਵਾਲਾ ਇਹ

(ਬਾਕੀ ਪੰਨਾ 29 ਤੇ)

(ਪੰਨਾ 20 ਦੀ ਬਾਕੀ)

ਚੰਗਾ ਮੰਦਾ ਕਹਿ ਰਹੇ ਨੇ। ਕਹਿ ਰਹੇ ਨੇ ਓਏ ਤੂੰ ਸਰਵਨਾਸ਼ ਕਰ ਰਿਹੈਂ ਆਪਣਾ, ਜੜ੍ਹ ਪੁੱਟ ਰਿਹੈਂ ਆਪ। ਐਡਾ ਮਾੜਾ ਕੰਮ। ਸਿਪਾਹੀਆਂ ਨੂੰ ਹੁਕਮ ਦਿਤਾ ਕਿ ਇਨ੍ਹਾਂ ਦੇ ਡੰਡੇ ਮਾਰੋ, ਜਿਹੜਾ ਬਾਹਰ ਨੂੰ ਚੱਲਣ ਦਾ ਯਤਨ ਕਰਦੈ, ਲੱਤਾਂ ਤੇ, ਗਿੱਟਿਆਂ ਤੇ ਡੰਡੇ ਮਾਰਦੇ ਨੇ। ਮਹਾਰਾਜ ਨੇ ਕਿਹਾ ਕਿਉਂ ਕੁੱਟ ਖਾਈ ਜਾਨੇ ਓਂ, ਟਿਕ ਕੇ ਬੈਠੋ। ਸਾਨੂੰ ਵੀ ਪਤਾ ਹੈ ਜੋ ਕੁਛ ਹੋ ਰਿਹੈ। ਉਸ ਵੇਲੇ ਸਾਧਸੰਗਤ ਜੀ! ਸਾਰਾ ਦੇਵ ਲੋਕ ਹਿੱਲ ਗਿਆ, ਇੰਦਰ ਦਾ ਤਖਤ ਡੋਲਣਾ ਸ਼ੁਰੂ ਹੋ ਗਿਆ। ਦੇਖਦੇ ਨੇ ਕਿ ਮਾਤ ਲੋਕ ਵਿਚ ਐਡਾ ਵੱਡਾ ਸਿਧਾਂਤ ਪਰਪੱਕ ਕੀਤਾ ਜਾ ਰਿਹਾ ਹੈ ਜਿਹੜਾ ਅੱਜ ਤੱਕ ਨਹੀਂ ਹੋਇਆ। ਜੇ ਪਹਿਲਿਆਂ ਰਿਸ਼ੀਆਂ ਨੂੰ ਮਾੜੀ ਜਿਹੀ ਅਵੱਗਿਆ ਕਰਕੇ ਨਰਾਜ਼ ਕਰਿਆ, ਉਨ੍ਹਾਂ ਉਥੇ ਹੀ ਸਰਾਪ ਦੇ ਦਿਤਾ, ਉਥੇ ਹੀ ਭਸਮ ਕਰ ਦਿਤਾ। ਐਨੀਆਂ-ਐਨੀਆਂ ਸ਼ਕਤੀਆਂ ਵਾਲੇ ਸੀਗੇ।

ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਕਿੰਨਾ ਕਸ਼ਟ ਦਿਤਾ ਜਾ ਰਿਹੈ। ਉਸ ਵਕਤ ਦੇਵ ਲੋਕਾਂ ਦੇ ਦੇਵਤੇ, ਸਾਰੇ ਚਕ੍ਰਿਤ ਹੋ ਰਹੇ ਨੇ। ਜਿਉਂ ਜਿਉਂ ਕਸ਼ਟ ਦੇ ਵਿਚੋਂ ਆਪ ਲੰਘ ਰਹੇ ਨੇ, ਜੈਕਾਰੇ ਬੋਲ ਰਹੇ ਨੇ -

***ਧਾਰਨਾ - ਦੇਵ ਲੋਕਾਂ 'ਚ ਜੈਕਾਰੇ ਬੋਲਦੇ,***
***ਹੱਥ ਬੰਨ੍ਹੀਂ ਖੜ੍ਹੇ ਦੇਵਤੇ।***

ਸਾਰੇ ਸੁਰ ਲੋਕ, ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿੱਤਰ ਲੋਕ, ਇੰਦਰ ਲੋਕ, ਸਵਰਗ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਤੇ ਬੈਕੁੰਠ ਧਾਮ ਦੇ ਸਾਰੇ ਦੇਵਤੇ ਸਮੇਤ ਵਿਸ਼ਨੂੰ, ਬ੍ਰਹਮਾ, ਸ਼ਿਵਜੀ ਦੇ ਹੈਰਾਨ ਹੋ ਰਹੇ ਨੇ ਕਿ ਗੁਰੂ ਅਰਜਨ ਸਮਰੱਥ ਅਕਾਲ ਪੁਰਖ ਦਾ ਰੂਪ ਹੋ ਕੇ ਐਡਾ ਦੁੱਖ ਜਰ ਰਹੇ ਨੇ। ਐਨਾ ਅਨਾਦਰ ਸਹਿ ਰਹੇ ਨੇ, ਅੱਜ ਤੱਕ ਤਾਂ ਸੰਸਾਰ ਤੇ ਕੋਈ ਆਇਆ ਨਹੀਂ, ਜਿਨ੍ਹੇ ਭੋਰਾ ਕੁ ਦੁਖ ਸਹਿਆ ਹੋਵੇ। ਸਮਰੱਥ ਹੋਵੇ ਮਾੜੀ ਜਿਹੀ ਬੇਅਦਬੀ ਕਰ ਦਓ ਉਸੇ ਵਲੇ ਸਰਾਪ ਦੇ ਦਿੰਦੈ, ਭਸਮ ਬਣਾ ਦਿੰਦੈ। ਕਿੱਡਾ ਜਿਗਰਾ ਹੈ ਇਨ੍ਹਾਂ ਦਾ। ਕਿੱਡਾ ਜਿਗਰਾ ਹੈ ਇਨ੍ਹਾਂ ਦਾ। ਭਾਈ ਸੰਤੋਖ ਸਿੰਘ ਜੀ ਲਿਖਦੇ ਨੇ -

***ਅਜਰ ਜਰਨਿ ਕੀ ਔਧਿ ਜਨਾਈ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2369***

ਜਿਹੜਾ ਜਰਿਆ ਨਾ ਜਾਵੇ ਉਹਨੂੰ ਜਰ ਕੇ ਉਹਦੀ ਪ੍ਰਤੱਖ ਦਿਖਾਈ ਕਰਨੀ।

***ਇਤੇ ਕਸ਼ਟ ਤੇ ਨਹੀਂ ਦਿਖਾਈ।***
***ਇੰਦ੍ਰ ਆਦਿ ਜੇਤਿਕ ਸੁਰ ਸਾਰੇ।***
***ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ।।***
***'ਧੰਨਯ ਧੰਨਯ' ਸਭਿ ਕਰਹਿਂ ਬਖਾਨਾ।***
***'ਇਨ ਤੇ ਬਿਨਾ ਨ ਐਸੋ ਆਨਾ।'***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2369***

ਇਨ੍ਹਾਂ ਤੋਂ ਬਿਨਾਂ ਅੱਜ ਤੱਕ ਸੰਸਾਰ 'ਚ ਕੋਈ ਨਹੀਂ ਆਇਆ ਕਿ ਐਨੀਆਂ ਸ਼ਕਤੀਆਂ ਦਾ ਮਾਲਕ ਹੋਵੇ ਫੇਰ ਕੋਈ ਗੱਲ ਨਾ ਕਹੇ। ਫੇਰ ਆ ਜਾਂਦਾ ਹੈ ਦੂਸਰੇ ਦਿਨ ਚੰਦੂ, ਕਹਿਣ ਲੱਗਿਆ ਕੱਲ੍ਹ ਰੇਤੇ ਨਾਲ ਵੀ ਕੁਛ ਨਹੀਂ ਬਣਿਆ, ਵੱਡੀ ਲੋਹ ਲਿਆਓ, ਛੇ ਫੁੱਟ ਲੰਮੀ, ਲੋਅ ਤਪਾ ਦਿਤੀ, ਲਾਲ ਕਰ ਦਿਤੀ ਕਹਿੰਦਾ ਦੇਖ ਅੱਗ ਦਾ ਰੂਪ ਬਣੀ ਹੋਈ ਹੈ, ਅਜੇ ਵੀ ਮੌਕਾ ਹੈ। ਮਹਾਰਾਜ ਕਹਿੰਦੇ ਤੈਨੂੰ ਇਕ ਵਾਰ ਗੱਲ ਕਹਿ ਦਿਤੀ ਕਿ ਜਿਹੜਾ ਕੁਛ ਤੇਰੇ ਤੋਂ ਹੁੰਦੈ ਤੂੰ ਕਰ ਲੈ। ਗੱਲ ਨਹੀਂ ਬਦਲਣੀ ਇਹ। ਨਾ ਭੈ ਮੰਨਣੀ ਹੈ ਤੇ ਨਾ ਭੈ ਦੇਣੀ ਹੈ।

ਕਹਿੰਦਾ ਫੇਰ ਜੇ ਨਹੀਂ ਮੰਨਣੀ ਤਾਂ ਬਹਿ ਜਾ ਇਹਦੇ ਉਪਰ। ਕਹਿੰਦਾ ਚੁੱਕ ਕੇ ਬਿਠਾ ਦਿਓ, ਹੁਣ ਇਹਨੇ ਆਪ ਨਹੀਂ ਬੈਠਣਾ। ਮਹਾਰਾਜ ਕਹਿੰਦੇ, ਪਾਸੇ ਹੋ ਉਠ ਕੇ ਖੜ੍ਹੇ ਹੋਏ, ਕਦਮ ਵਧਾਇਆ ਲੋਹ ਵਲ ਨੂੰ ਤੇ ਐਉਂ ਪੈਰ ਰੱਖ ਲਿਆ ਜਿਵੇਂ ਕੁਛ ਹੁੰਦਾ ਹੀ ਨਹੀਂ ਹੈ। ਤਲੀਆਂ ਦੇ ਵਿਚੋਂ ਧੂੰਆਂ ਨਿਕਲਿਆ ਸਾਧਸੰਗਤ ਜੀ, ਦੂਸਰਾ ਪੈਰ ਫੇਰ ਰੱਖ ਦਿਤਾ। ਉਸ ਤੋਂ ਬਾਅਦ ਚੌਂਕੜਾ ਮਾਰ ਕੇ ਆਪ ਉਹਦੇ ਉਤੇ ਬਹਿ ਗਏ -

***ਧਾਰਨਾ - ਤਪਦੀ ਲੋਹ ਤੇ ਸਮਾਧੀਆਂ ਲਾ ਕੇ,***
***ਬੋਲਣ ਭਾਣਾ ਮਿੱਠਾ ਲਗਦਾ।***

***ਤੇਰਾ ਕੀਆ ਮੀਠਾ ਲਾਗੈ॥***
***ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਗ - 394***

ਹਿਮਾਲੀਆ ਪਰਬਤ ਦੇ ਉਤੇ ਜਿਥੇ ਬਰਫਾਂ ਹੀ ਬਰਫਾਂ ਪਈਆਂ ਨੇ, ਕੋਈ ਬੰਦਾ ਪਹੁੰਚ ਨਹੀਂ ਸਕਦਾ, ਉਨ੍ਹਾਂ ਗੁਫਾਵਾਂ ਦੇ ਅੰਦਰ ਗੋਰਖਨਾਥ ਦੀ ਸਮਾਧੀ ਖੁਲ੍ਹ ਜਾਂਦੀ ਹੈ। ਸਾਰੇ ਸਿੱਧਾਂ ਦੀਆਂ ਸਮਾਧੀਆਂ ਖੁਲ੍ਹ ਜਾਂਦੀਆਂ ਨੇ। ਸਿੱਧ ਕਹਿਣ ਲੱਗੇ, "ਗੁਰੂਦੇਵ! ਬਾਹਰ ਐਨੀ ਬਰਫ ਹੈ, ਇਹ ਤਾਂ ਜੇਠ ਹਾੜ੍ਹ ਦੀ ਗਰਮੀ ਤੋਂ ਵੱਧ ਗਰਮੀ ਆਪਣੇ ਇਥੇ ਪੈ ਰਹੀ ਹੈ। ਇਹ ਗਰਮੀ ਕਿਥੋਂ ਆ ਗਈ ਸਾਰੇ ਬ੍ਰਹਿਮੰਡ ਦੀ। ਅੰਤਰ ਧਿਆਨ ਹੋ ਕੇ ਦੇਖਿਆ ਤੇ ਕਹਿਣ ਲੱਗੇ, "ਨਾਥੋ! ਐਸ ਵੇਲੇ ਗੁਰੂ ਅਰਜਨ ਪਾਤਸ਼ਾਹ ਇਕ ਤੱਤੀ ਤਵੀ 'ਤੇ ਬੈਠੇ ਨੇ।" ਉਹ ਸਾਰੇ ਬ੍ਰਹਿਮੰਡ ਦੇ ਮਾਲਕ ਨੇ, ਸਾਰੇ ਬ੍ਰਹਿਮੰਡ ਦੀ ਗਰਮੀ ਉਹਦੀ ਫੈਲ ਗਈ। ਹੁਣ ਹੋਰ ਗਰਮੀ ਨਹੀਂ ਸਹੀ ਜਾਂਦੀ। ਉਸੇ ਵੇਲੇ ਉਡਾਰੀਆਂ ਮਾਰ ਕੇ ਪਹਿਰੇਦਾਰਾਂ ਨੂੰ ਆਉਂਦਿਆਂ ਨੇ ਹੀ ਸੁਲਾ ਦਿਤਾ, ਗੁਰੂ

ਸਾਹਿਬ ਦੇ ਅੱਗੇ ਆ ਕੇ ਆਦੇਸ਼! ਆਦੇਸ਼!! ਕਹਿਣ ਲੱਗੇ ਪਾਤਸ਼ਾਹ! ਆਹ ਕੀ ਕਰਨ ਲੱਗੇ ਹੋ ਤੁਸੀਂ, ਐਨੇ ਸਮਰੱਥ, ਸਾਰੇ ਸਿੱਧ ਤੁਹਾਡੇ ਅੱਗੇ ਸ਼ਕਤੀਆਂ ਦਿਖਾ-ਦਿਖਾ ਕੇ ਹਾਰ ਗਏ ਸੀ ਤੇ ਤੁਹਾਨੂੰ ਐਸਾ ਕੌਣ ਜੰਮਿਐ ਜਿਹੜਾ ਤੱਤੀ ਤਵੀ ਤੇ ਬਿਠਾ ਸਕਿਐ। ਮਹਾਰਾਜ ਕਹਿੰਦੇ, ਗੋਰਖਨਾਥ! ਅਸੀਂ ਸਬਰ ਦਾ ਅਰਥ ਕਰ ਰਹੇ ਹਾਂ -

*ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ।।*
*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥*
*ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।।*
*ਵਧਿ ਥੀਵਹਿ ਦੀਰਆਉ ਟੁਟਿ ਨ ਥੀਵਹਿ ਵਾਹੜਾ॥*
*ਅੰਗ - 1384*

ਕਹਿੰਦੇ ਵਾਹਿਗੁਰੂ ਸਬਰ 'ਚ ਵਸਦੈ, ਸਬਰ ਦਾ ਅਰਥ ਕਰ ਰਹੇ ਹਾਂ। ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਅਸੀਂ ਇਕ ਅਣਜਾਣ ਬੰਦੇ ਵਾਂਗੂੰ ਬੈਠ ਕੇ ਦਿਖਾ ਰਹੇ ਹਾਂ ਤੇ ਜੇ ਅਸੀਂ ਚਾਹੀਏ ਤਾਂ ਸਭ ਖਤਮ ਕਰ ਦੇਈਏ। ਲੇਕਿਨ ਪ੍ਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨ ਰਹੇ ਹਾਂ। ਕਹਿੰਦਾ ਮੈਂ ਨਹੀਂ ਦੇਖ ਸਕਦਾ, ਇਸ ਚੰਦੂ ਦਾ ਤੇ ਜਿੰਨੇ ਇਹਦੇ ਵਿਚ ਜਹਾਂਗੀਰ ਸਮੇਤ, ਹੁਣੇ ਸਾਰਿਆਂ ਦੇ ਮਹਿਲ ਮੈਂ ਪਲਟ ਦੇਣੇ ਨੇ। ਉਚਾ ਪਾਸਾ ਧਰਤੀ ਵਲ ਨੂੰ ਅਤੇ ਜੜ੍ਹਾਂ ਅਸਮਾਨ ਵਲ ਨੂੰ। ਮਹਾਰਾਜ ਕਹਿੰਦੇ ਨਾ, ਇਹ ਕੰਮ ਨਾ ਕਰੀਂ ਗੋਰਖਨਾਥ। ਇਹ ਅਸੀਂ ਇਕ ਸਬਕ ਦੇ ਰਹੇ ਹਾਂ, ਕਲਜੁਗ ਦੇ ਅੰਦਰ ਆਉਣ ਵਾਲੀਆਂ ਨਸਲਾਂ ਨੇ ਥੋੜ੍ਹੇ ਜਿਹੇ ਦੁਖ ਤੋਂ ਡਰ ਕੇ ਆਪਣੇ ਅਸੂਲ ਛੱਡ ਦਿਆ ਕਰਨਗੀਆਂ। ਅਸੀਂ ਇਕ ਪਰਚਾ ਪਾ ਚੱਲੇ ਹਾਂ, ਇਕ ਲੀਹ ਕੱਢ ਚੱਲੇ ਆਂ ਤਾਂ ਕਿ ਆਪਣੇ ਅਸੂਲਾਂ ਦੇ ਉਤੇ ਦ੍ਰਿੜ੍ਹ ਰਹਿਣ। ਗਲਤ ਕੰਮ ਵੱਲ ਨਾ ਜਾਣ, ਸਹੀ ਕੰਮ ਦੇ ਉਤੇ ਆਪਣੀ ਸ਼ਹਾਦਤ ਦੇਣ। ਇਹਦੇ ਵਿਚ ਤੂੰ ਦਖਲ ਨਾ ਦੇ, ਮਹਾਰਾਜ ਨੇ ਸਮਝਾਏ ਬੁਝਾਏ, ਜੋਗੀ ਤੋਰ ਦਿਤੇ। ਮੀਆਂ ਮੀਰ ਨੂੰ ਜਦ ਪਤਾ ਲੱਗਿਆ ਬਹੁਤ ਕ੍ਰੋਧਿਤ ਹੋਇਆ ਹੋਇਆ ਗੁਰੂ ਸਾਹਿਬ ਕੋਲ ਆਉਂਦੈ। ਉਸ ਵੇਲੇ ਮਹਾਰਾਜ ਜੀ ਨੂੰ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਸਾਰੀ ਸ਼ਕਤੀ ਦੇ ਮਾਲਕ ਹੋ ਕੇ ਆਹ ਤੁਸੀਂ ਕੀ ਕਰ ਰਹੇ ਹੋ। ਮੈਂ ਨਹੀਂ ਸਹਿ ਸਕਦਾ, ਦੋਵੇਂ ਬਾਹਵਾਂ ਉਚੀਆਂ ਕਰ ਲਈਆਂ, ਇਹਦੀ ਸਜ਼ਾ ਮੈਂ ਲਾਹੌਰ ਤੇ ਦਿੱਲੀ ਦੋਹਾਂ ਨੂੰ ਦੇਣੀ ਚਾਹੁੰਦਾ ਹਾਂ। ਮਹਾਰਾਜ ਕਹਿੰਦੇ, ਲਾਹੌਰ ਤੇ ਦਿੱਲੀ ਦੋਹਾਂ ਨੇ ਕੀ ਕਸੂਰ ਕਰਿਐ ਮੀਆਂਮੀਰ? ਫੇਰ ਪਾਤਸ਼ਾਹ, ਤੁਸੀਂ ਇਹ ਕੀ ਕਰ ਰਹੇ ਓਂ। ਮਹਾਰਾਜ ਕਹਿੰਦੇ ਇਕ ਦਿਨ ਤੂੰ ਆਇਆ ਸੀ ਨਾ, ਤੂੰ ਸਾਡੇ ਕੋਲੋਂ ਸਵਾਲ ਪੁਛਿਆ ਸੀ-

*ਬ੍ਰਹਮਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ ਅੰਗ-272*

ਤੂੰ ਕਿਹਾ ਸੀ ਕਿ ਧੀਰਜ ਬ੍ਰਹਮਗਿਆਨੀ ਦੀ ਐਨੀ ਹੁੰਦੀ ਹੈ ਮਹਾਰਾਜ, ਚਾਹੇ ਕੋਈ ਧਰਤੀ ਨੂੰ ਪੁੱਟੀ ਜਾਵੇ, ਚਾਹੇ ਕੋਈ ਉਸ ਤੇ ਚੰਦਨ ਦਾ ਲੇਪ ਕਰੀ ਜਾਵੇ, ਉਹ ਇਕ ਸਮਾਨ ਰਹਿੰਦੀ ਹੈ। ਕਹਿੰਦੇ ਤੂੰ ਇਤਰਾਜ਼ ਕਰਿਆ ਕਿ ਸਮਬਿਰਤੀ ਔਖੀ ਹੈ। ਤੈਨੂੰ ਅਸੀਂ ਅਰਥ ਸਮਝਾਏ ਸੀ ਜੀਵਨ ਮੁਕਤ ਦੇ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ।।*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥ ਅੰਗ - 275*

ਖੁਸ਼ੀ ਤੇ ਗਮੀ ਬਰਾਬਰ ਤੇ ਸਦਾ ਅਨੰਦ ਵਿਚ ਰਹਿਣੈ।

*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*ਅੰਗ - 275*

ਉਸ ਵੇਲੇ ਤੂੰ ਸ਼ੰਕਾ ਕੀਤਾ ਸੀ ਕਿ ਮਹਾਰਾਜ! ਇਹ ਜੋ ਨਿਸ਼ਚਲ ਬੁੱਧੀ, ਬ੍ਰਹਮਗਿਆਨੀ ਤੇ ਜੀਵਨ ਮੁਕਤ ਦੇ ਤੁਸੀਂ ਅਰਥ ਕਰੇ ਨੇ ਕਿ ਕਲਜੁਗ ਦੇ ਵਿਚ ਵੀ ਐਸਾ ਜੀਵਨ ਮੁਕਤ ਹੋ ਸਕਦੈ ਜਿਹੜਾ ਇਨ੍ਹਾਂ ਅਰਥਾਂ ਤੇ ਚੱਲੇ। ਕਿਉਂਕਿ ਅਰਜਨ ਨੇ ਪੁਛਿਆ ਸੀ ਕ੍ਰਿਸ਼ਨ ਮਹਾਰਾਜ ਨੂੰ ਕਿ ਜਿਹੜਾ ਨਿਹਚਲ ਬੁੱਧੀ ਬੰਦਾ ਹੈ ਉਹਦੀ ਨਿਸ਼ਾਨੀ ਕੀ ਹੁੰਦੀ ਹੈ। ਉਹ ਜੋ ਗੱਲ ਹੋਈ ਸੀ ਉਹ ਗੁਰੂ ਨੌਵੇਂ ਪਾਤਸ਼ਾਹ ਨੇ ਹੂ-ਬ-ਹੂ ਉਹਦਾ ਅਰਥ ਕਰਿਐ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥*
*ਅੰਗ - 633*

ਇਹ ਅਰਥ ਸੀ ਜੀਵਨ ਮੁਕਤ ਦੇ। ਇਹ ਤੂੰ ਪ੍ਰਕੈਟੀਕਲੀ ਅਰਥ ਸਮਝ ਲੈ ਬ੍ਰਹਮਗਿਆਨੀ ਦੇ ਵੀ ਤੇ ਜੀਵਨ ਮੁਕਤ ਦੇ। ਸ਼ਕਤੀ ਨਹੀਂ ਦਿਖਾਉਣੀ ਕੋਈ। ਕਿਸੇ ਨੂੰ ਕੁਛ ਨਹੀਂ ਕਹਿਣਾ, ਦੇਖੋ ਅਕਾਲ ਪੁਰਖ ਦਾ ਭਾਣਾ। ਕੱਲ੍ਹ ਨੂੰ ਸਾਡਾ ਆਖਰੀ ਦਿਨ ਹੈ ਆਪੇ ਖਤਮ ਹੋ ਜਾਣੈ ਤੂੰ ਕਾਹਨੂੰ ਔਖਾ ਹੋ ਰਿਹੈਂ। ਸਮਾਂ ਸਾਡਾ ਆਇਆ ਖੜ੍ਹੈ। ਉਸ ਵੇਲੇ ਇਸ ਤਰ੍ਹਾਂ ਅਰਥ ਸਮਝਾਏ -

*ਧਾਰਨਾ - ਜੀਵਨ ਮੁਕਤ ਦੇ ਅਰਥ,*
*ਮੀਆਂ ਮੀਰ ਕਰੇ ਬੰਦਨਾ।*

ਨਮਸ਼ਕਾਰ ਕਰਦਾ ਚਲਿਆ ਜਾਂਦੈ। ਧੰਨ ਗੁਰੂ ਅਰਜਨ-ਧੰਨ ਗੁਰੂ ਅਰਜਨ ਤੇਰੇ ਵਰਗਾ ਸੰਸਾਰ ਤੇ ਨਾ ਕੋਈ ਆਇਐ ਨਾ ਕਿਸੇ ਨੇ ਆ ਸਕਣੈ। ਨਮਸਕਾਰਾਂ ਕਰਦਾ ਚਲਿਆ ਜਾਂਦੈ। ਉਸ ਵੇਲੇ ਸਾਧਸੰਗਤ ਜੀ! ਪ੍ਰਕ੍ਰਿਤੀ ਡੋਲ੍ਹਣ ਲਗ ਗਈ, ਚੰਦਰਮਾ ਡੋਲ ਰਿਹੈ, ਸੂਰਜ ਡੋਲ ਰਿਹੈ ਪਰ ਜਿਹੜਾ ਪਾਪੀ ਚੰਦੂ ਹੈ, ਅਜੇ ਤੱਕ ਵੀ ਇਹਦਾ ਮਨ ਨਹੀਂ ਡੋਲ ਰਿਹਾ। ਹੋਰ ਸੋਚ ਰਿਹੈ ਕਿ ਮੈਂ ਇਸ ਤੋਂ ਵੱਧ ਕੀ ਕਰਾਂ। ਜਿਹਦੇ ਨਾਲ ਇਨ੍ਹਾਂ ਨੂੰ ਮੰਨਣਾ ਪੈ ਜਾਵੇ। ਹੁਣ ਕੀ ਕਰਾਂ, ਏਸ ਤੋਂ ਵੱਧ ਕੀ ਹੋ ਸਕਦੈ। ਇਕ ਗਊ ਤਾਜ਼ੀ ਮਰੀ ਦੀ ਖੱਲ੍ਹ ਦੂਸਰੇ ਦਿਨ ਮੰਗਾ ਲਈ, ਕਹਿਣ ਲੱਗਿਆ ਦੇਖੋ, ਇਹਦੇ ਵਿਚ ਹੁਣ ਮੈਂ ਤੁਹਾਨੂੰ ਮੜ੍ਹਵਾ ਦੇਵਾਂਗਾ। ਬੇ ਦੀਨ ਹੋ ਕੇ ਸੰਸਾਰ ਤੋਂ ਜਾਓਗੇ। ਅਜੇ ਮੌਕਾ ਹੈ ਆਪ ਮੰਨ ਜਾਓ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਸਮਾਂ ਬਹੁਤ ਨੇੜੇ ਆਇਆ ਜਾਣ ਕੇ ਕਹਿਣ ਲੱਗੇ ਅਸੀਂ ਰਾਵੀ ਤੇ ਇਸ਼ਨਾਨ ਕਰਨਾ ਚਾਹੁੰਦੇ ਹਾਂ। ਜਾਣ ਗਿਆ ਕਿ ਹੁਣ ਇਹ ਮੇਰੀ ਗੱਲ ਮੰਨ ਜਾਣਗੇ। ਪੰਜਾਂ ਸਿੱਖਾਂ ਨੂੰ ਦੱਸ, ਪੰਦਰਾਂ, ਵੀਹ ਪਹਿਰੇਦਾਰ ਦੇ ਕੇ ਗੁਪਤ ਰਸਤੇ ਤਾਈਂ ਰਾਵੀ ਵਲ ਭੇਜ ਦਿਤਾ। ਸਿਪਾਹੀ ਨੂੰ ਸਮਝਾ ਦਿਤਾ ਕਿ ਪੂਰਾ ਧਿਆਨ ਰੱਖਿਓ, ਨੇੜੇ ਨਹੀਂ ਕੋਈ ਆਉਣ ਦੇਣਾ। ਦੂਰ-ਦੂਰ ਪਹਿਰੇ ਲਾ ਦਿਓ। ਉਸ ਵੇਲੇ ਪੰਜਾਂ ਗੁਰਸਿੱਖਾਂ ਨੂੰ ਬਿਠਾਲਿਆ, ਕਹਿਣ ਲੱਗੇ ਪਿਆਰਿਓ! ਤੁਸੀਂ ਘਬਰਾਇਓ ਨਾ, ਇਹ ਦਾਤੇ ਵਲੋਂ ਹੀ ਸਮਝ ਲਓ ਆਈ ਹੋਈ ਚੀਜ਼ ਹੈ -

*ਧਾਰਨਾ - ਇਹ ਭਾਣਾ ਦਾਤੇ ਦਾ,*
*ਅਸੀਂ ਮੰਨਣੈ ਮਿੱਠਾ ਕਰਕੇ।*

ਕਹਿਣ ਲੱਗੇ, "ਗੁਰਮੁਖੋ! ਇਹ ਅਕਾਲ ਪੁਰਖ ਦਾ ਭਾਣਾ, ਆਪਾਂ ਮਿੱਠਾ ਕਰਕੇ ਮੰਨਣੈ। ਕਿਸੇ ਨੂੰ ਬੁਰਾ ਨਹੀਂ ਕਹਿਣਾ, ਕਿਸੇ ਦੇ ਖਿਲਾਫ ਬੁਰਾਈ ਨਹੀਂ ਚਿਤਵਣੀ।

*ਜੋ ਕਿਛੁ ਵਰਤੈ ਸਭ ਤੇਰਾ ਭਾਣਾ॥*
*ਹੁਕਮੁ ਬੂਝੈ ਸੋ ਸਚਿ ਸਮਾਣਾ॥ ਅੰਗ - 193*

ਜਿਹੜਾ ਭਾਣਾ ਮੰਨ ਲਵੇ ਉਹ ਵਾਹਿਗੁਰੂ ਦੀ ਜੋਤ ਵਿਚ ਸਮਾਅ ਜਾਂਦੈ। ਮਹਾਰਾਜ ਜੀ ਨੇ ਇਸ਼ਨਾਨ ਕੀਤਾ, ਚੌਂਕੜਾ ਮਾਰ ਕੇ ਬੈਠ ਗਏ, ਕੁਸ਼ਾ ਦਾ ਆਸਣ ਮੰਗਾ ਲਿਆ। ਪੂਰਾ ਜਪੁਜੀ ਸਾਹਿਬ ਦਾ ਪਾਠ ਕਰਕੇ, ਵਸਤਰ ਉਪਰ ਲਿਆ, ਉਸ ਵਕਤ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸਾਡਾ ਸਸਕਾਰ ਨਹੀਂ ਕਰਨਾ ਤੇ ਜਲ ਪ੍ਰਵਾਹ ਕਰ ਦੇਣੈ ਇਥੇ ਹੀ। ਉਸੇ ਵੇਲੇ ਆਪ ਚਾਦਰਾ ਤਾਣ ਕੇ ਲੰਮੇ ਪੈ ਗਏ ਤੇ ਸਰੀਰ ਨੂੰ ਛੱਡ ਕੇ ਐਉਂ ਪਾਸੇ ਹੋ ਗਏ ਜਿਵੇਂ ਸੱਪ ਕੰਜ ਨੂੰ ਛੱਡ ਕੇ ਪਾਸੇ ਹੋ ਜਾਂਦੈ।

*ਗੁਰਮੁਖਿ ਆਵੈ ਜਾਇ ਨਿਸੰਗੁ॥ ਅੰਗ - 932*

ਸੋ ਇਕ ਵੱਡਾ ਭਾਣਾ ਅੱਜ ਦੇ ਦਿਨ ਵਰਤਾਅ ਦਿਤਾ ਗੁਰੂ ਮਹਾਰਾਜ ਜੀ ਨੇ। ਈਸਾ ਜੀ ਇਕ ਸੂਲੀ ਚਾੜ੍ਹੇ ਗਏ ਸੀ, ਬੜਾ ਜ਼ੁਲਮ ਹੋਇਆ ਸੀ ਉਨ੍ਹਾਂ ਉਤੇ। ਸੂਲੀ ਉਨ੍ਹਾਂ ਤੋਂ ਚੁਕਾਈ ਉਹ ਭਾਰੀ ਸੀ, ਜਿਸ ਸ਼ਤੀਰ ਦੇ ਉਤੇ ਗੱਡਣਾ ਸੀ, ਬੇਹੋਸ਼ ਹੋ ਕੇ ਗਿਰ ਜਾਂਦੇ ਸੀ, ਹੰਟਰਾਂ ਵਾਲੇ ਹੰਟਰ ਮਾਰਦੇ ਸੀ, ਫੇਰ ਚੁੱਕ ਕੇ ਤੁਰਦੇ ਸੀ, ਨਾਲ ਕੋਈ ਨਹੀਂ ਸੀ ਨਿਭਿਆ ਉਨ੍ਹਾਂ ਦੇ, ਜਿਹੜੇ 12 ਚੇਲੇ ਸੀ ਉਹ ਵੀ ਜਵਾਬ ਦੇ ਗਏ ਸੀ ਉਨ੍ਹਾਂ ਦੇ, ਇਕੱਲੇ ਰਹਿ ਗਏ ਸੀ। ਲੇਕਿਨ ਈਸਾਈ ਕੌਮ ਇਕ ਸ਼ਹੀਦੀ ਦੇ ਕੇ, ਜਦ ਉਨ੍ਹਾਂ ਦਾ ਕੋਈ ਪ੍ਰੋਗਰਾਮ ਦੇਖੀਦੈ ਮੈਂ ਅਮਰੀਕਾ ਵਿਚ ਦੇਖੇ, ਜਦੋਂ ਇਸ ਘਟਨਾ ਦਾ ਜ਼ਿਕਰ ਕਰਦੇ ਸੀ, ਉਸ ਵੇਲੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੁੰਦਾ। ਟੈਲੀਵੀਜ਼ਨ ਤੇ ਦਿਖਦਾ ਹੁੰਦਾ, ਰੁਮਾਲ ਅੱਖਾਂ ਦੇ ਉਤੇ ਰੱਖੇ ਹੁੰਦੇ। ਸਾਰੇ ਚਾਹੇ ਚਾਰ ਹਜ਼ਾਰ ਬੈਠੇ ਹੋਣ, ਚਾਹੇ ਛੇ ਹਜ਼ਾਰ ਬੈਠੇ ਹੋਣ। ਮੈਂ ਕਹਿਣਾ ਕਿੰਨਾ ਪਿਆਰ ਹੈ ਇਨ੍ਹਾਂ ਵਿਚ। ਸਾਡੇ ਸ਼ਹੀਦੀਆਂ ਦਾ ਕੋਈ ਅੰਤ ਹੀ ਨਹੀਂ। ਕਿਤੇ ਨੀਹਾਂ 'ਚ ਚਿਣੇ ਜਾ ਰਹੇ ਨੇ, ਕਿਤੇ ਯੁੱਧ ਦੇ ਵਿਚ ਸ਼ਹੀਦ ਹੋ ਰਹੇ ਨੇ, ਕਿਤੇ ਚਾਂਦਨੀ ਚੌਂਕ 'ਚ ਸ਼ਹੀਦੀ ਹੋ ਰਹੇ ਨੇ, ਕਿਤੇ ਤੱਤੀਆਂ ਤਵੀਆਂ ਤੇ ਬਿਠਾਲ ਕੇ ਸ਼ਹੀਦ ਹੋ ਰਹੇ ਨੇ, ਮਜ਼ਾਲ ਹੈ ਕਿ ਸਾਡੇ ਮਨ ਵਿਚ ਕੋਈ ਦਰਦ ਪੈਦਾ ਹੋਵੇ। ਓਹੀ ਸ਼ਰਾਬ, ਓਹੀ ਲੜਾਈਆਂ, ਉਹੀ ਝਗੜੇ, ਓਹੀ ਮਾਸ, ਓਹੀ ਕਬਾਬ ਛੱਡਣ ਨੂੰ ਤਿਆਰ ਨਹੀਂ ਅਸੀਂ। ਪਿਆਰ ਨਹੀਂ ਸਾਡਾ ਗੁਰੂ ਨਾਲ। ਈਸਾਈ ਹੁਕਮ ਮੰਨਦੇ ਨੇ। ਉਨ੍ਹਾਂ ਨੂੰ ਰਾਜ ਭਾਗ ਮਿਲ ਗਿਆ ਸਾਰੀ ਦੁਨੀਆਂ ਦਾ। ਸਾਡੇ ਵਾਂਗਣ ਹੀ ਉਨ੍ਹਾਂ ਨਾਲ ਹੁੰਦੀ ਸੀ, ਕੋਈ ਟਿਕਣ ਨਹੀਂ ਸੀ ਦਿੰਦਾ, ਸਾਰੇ ਰਾਜਾਂ 'ਚੋਂ ਕੱਢ ਦਿਤੇ ਸੀ, ਅੱਜ ਕਿਥੇ ਗਏ, ਅੱਜ ਅਫਰੀਕਾ ਨੂੰ ਦੇਖੋ, ਇੰਗਲੈਂਡ ਨੂੰ ਦੇਖੋ, ਜਰਮਨ ਨੂੰ ਦੇਖੋ, ਕਿਉਂਕਿ ਮੰਨਿਆ ਉਨ੍ਹਾਂ ਨੇ ਹੈ ਆਪਣੇ ਰਹਿਬਰ ਨੂੰ। ਅਸੀਂ ਆਪਣੇ ਰਹਿਬਰ ਦੀ ਕਦਰ ਨਹੀਂ ਕਰੀ। ਸਾਧਸੰਗਤ ਜੀ! ਕੋਈ ਹੋਇਐ ਗੁਰੂ ਅਰਜਨ ਸਾਹਿਬ ਜੀ ਵਰਗਾ -

*ਧਾਰਨਾ - ਗੁਰਾਂ ਵਰਗਾ ਨਾ ਜਗਤ ਉਤੇ ਹੋਇਆ,*
*ਆਖੋ ਧੰਨ ਗੁਰੂ ਅਰਜਨ ਜੀ।*

ਆਪ ਨੇ ਜੋ ਅਦੁੱਤੀ ਸ਼ਹੀਦੀ ਸੰਸਾਰ ਦੇ ਭਲੇ ਵਾਸਤੇ, ਜ਼ੁਲਮ ਦਾ ਖਾਤਮਾ ਕਰਨ ਵਾਸਤੇ, ਖਾਸ ਅਸੂਲਾਂ ਨੂੰ ਕਾਇਮ ਰੱਖਣ ਵਾਸਤੇ ਦਿਤੀ ਤੇ ਆਪ ਸਾਰੇ ਸ਼ਹੀਦਾਂ ਦੇ ਸਿਰਤਾਜ ਕਹਾਏ। ਆਪ ਸਾਰੇ ਪਿਆਰ ਨਾਲ ਅੱਜ ਉਨ੍ਹਾਂ ਦੀ ਯਾਦ ਮਨਾ ਰਹੇ ਓਂ। ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਪਾਤਸ਼ਾਹ ਦਾ ਫੁਰਮਾਨ ਆਉਂਦੈ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ -

*ਜਪਿਓ ਜਿਨਿ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥ ਅੰਗ - 1409*

ਉਹਦੇ ਸਾਰੇ ਸੰਕਟ ਖਤਮ ਹੋ ਗਏ ਕਿਉਂਕਿ ਈਸਾ ਜੀ ਜਦੋਂ ਸੂਲੀ ਚੜ੍ਹ ਰਹੇ ਸੀ, ਉਹ ਵੇਲੇ ਇਸ ਆਵਾਜ਼ ਦਿਤੀ ਕਿ ਏ ਈਸਾਈਓ! ਜਿੰਨੇ ਤੁਸੀਂ ਖੜ੍ਹੇ ਓਂ, ਜਿੰਨੇ ਤੁਹਾਡੇ ਮਗਰੋਂ ਹੋਰ ਆਉਣ ਵਾਲੇ ਆਉਣ, ਉਨ੍ਹਾਂ ਦੇ ਵੀ

ਜਿਹੜੇ ਬਹੁਤ ਦੇਰ ਬਾਅਦ ਆਉਣਗੇ ਉਨ੍ਹਾਂ ਦੇ ਵੀ ਸਭ ਦੇ ਪਾਪ ਮੈਂ ਆਪਣੇ ਸਰੀਰ ਤੇ ਝੱਲ ਕੇ ਤੁਹਾਨੂੰ ਸਦਾ ਵਾਸਤੇ ਸੁਖੀ ਕਰਕੇ ਜਾ ਰਿਹਾਂ। ਗੁਰੂ ਅਰਜਨ ਸਾਹਿਬ ਪਾਤਸ਼ਾਹ ਕਿੰਨੇ ਸਾਡੇ ਪਾਪ ਕੱਟ ਦਿਤੇ ਕਿ ਜਿਹਨੇ ਉਨ੍ਹਾਂ ਨੂੰ ਜਪ ਲਿਆ, ਉਨ੍ਹਾਂ ਦੀ ਬਾਣੀ ਨੂੰ ਜਪ ਲਿਆ, ਉਨ੍ਹਾਂ ਦੀ ਬਾਣੀ ਸੁਖਮਨੀ ਸਾਹਿਬ ਨੂੰ ਪੜ੍ਹ ਲਿਆ। ਕਹਿੰਦੇ ਉਹ ਫਿਰ –

*......... ਸੰਕਟ ਜੋਨਿ ਗਰਭ ਨ ਆਯਉ॥*

*ਅੰਗ - 1409*

ਨਾ ਸੰਕਟ ਆਵੇ ਉਹਨੂੰ, ਨਾ ਗਰਬ ਜੋਨੀ 'ਚ ਪਵੇ। ਸੋ ਇਸ ਤਰ੍ਹਾਂ ਨਾਲ ਆਪ ਗੁਰੂ ਮਹਾਰਾਜ ਦੇ ਪਿਆਰ ਵਿਚ ਬੈਠੇ ਉਨ੍ਹਾਂ ਦੀ ਯਾਦ ਵਿਚ ਬੈਠੇ ਮਨਾ ਰਹੇ ਹੋ ਤੇ ਇਕ ਝਾਕੀ ਉਨ੍ਹਾਂ ਦੇ ਉਸ ਵੇਲੇ ਦੇ ਸਮੁੱਚੇ ਜੀਵਨ ਦੀ ਪੇਸ਼ ਕੀਤੀ ਸੀ, ਇਹਦੇ ਵਿਚ ਕੁਝ ਗਲਤੀਆਂ ਹੋ ਜਾਂਦੀਆਂ ਨੇ ਇਤਿਹਾਸਕਾਰਾਂ ਤੋਂ ਕਿ ਅੰਤ ਦੇ ਵੇਲੇ ਗੁਰੂ ਮਹਾਰਾਜ ਨੂੰ ਕਈ ਇਤਿਹਾਸਕਾਰਾਂ ਨੇ ਇਹ ਕਹਿੰਦੇ ਦਿਖਾ ਦਿਤਾ ਕਿ ਸਿੱਖੋ! ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਹੋ ਕਿ ਸਾਡਾ ਬਦਲਾ ਲਵੇ, ਐਵੇਂ ਚੁੱਪ ਕਰਕੇ ਨਾ ਬੈਠੇ। ਇਹ ਮਨਮਤਿ ਦੀ ਗੱਲ ਹੈ ਉਹ ਗੁਰੂ ਜਿਹੜਾ ਕਹਿੰਦੈ –

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*

*ਅੰਗ - 1381*

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - 259*

ਉਥੇ ਤਾਂ ਗੁਰਸਿੱਖ ਭਾਈ ਘਨਈਆ ਨਹੀਂ ਕਰਦਾ ਤੇ ਗੁਰੂ ਨੇ ਕੀ ਕਹਿਣੈ ਕਿ ਤੁਸੀਂ ਵੈਰ ਦਾ ਬਦਲਾ ਲਿਓ। ਬਦਲਾ ਲੈਣਾ ਤਾਂ ਮਾਮੂਲੀ ਬੰਦਿਆਂ ਦਾ ਕੰਮ ਹੁੰਦੈ। ਜੱਟ ਕਹਿੰਦੇ ਹੁੰਦੇ ਨੇ ਮਰਨ ਵੇਲੇ ਪੋਤੇ ਨੂੰ, ਪੁੱਤ ਤੋਂ ਨਾ ਬਦਲਾ ਲੈ ਹੋਇਆ, ਤੂੰ ਤਕੜਾ ਰਹੀਂ ਸੱਤ ਪੁਸ਼ਤਾਂ ਤਾਈਂ ਯਾਦ ਰੱਖਿਓ ਕਿ ਆਪਾਂ ਬਦਲਾ ਲੈਣੈ ਇਸ ਤੋਂ। ਗੁਰੂ ਨੇ ਸਾਨੂੰ ਬਦਲਿਆਂ 'ਚੋਂ ਕੱਢ ਦਿਤਾ, ਨੇਕੀ ਸਿਖਾ ਦਿਤੀ। ਬੁਰੇ ਦਾ ਭਲਾ ਕਰਨਾ ਸਿਖਾ ਦਿਤਾ। ਬਦਲਾ ਕੌਣ ਲੈਂਦੇ, ਮਹਾਰਾਜ ਕਹਿੰਦੇ –

*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ॥ ਅੰਗ -134*

ਜਿਹੜੇ ਕੀਤੇ ਹੋਏ ਕਰਮ ਨੇ ਉਹ ਬਦਲਾ ਲੈਂਦੇ ਨੇ। ਆਪੇ ਹੀ ਲੈਂਦੇ ਨੇ –

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥*

*ਅੰਗ - 433*

ਅਨੰਦ ਸਾਹਿਬ
ਗੁਰਸਤੋਤਰ

(ਪੰਨਾ 25 ਦੀ ਬਾਕੀ)

ਅਧਿਆਤਮਕ ਰਸਾਲਾ 'ਆਤਮ ਮਾਰਗ' ਅੱਜ ਦੇਸ਼-ਵਿਦੇਸ਼ ਵਿਚ ਦੁਨੀਆਂ ਨੂੰ ਆਤਮ ਮਾਰਗ ਦੇ ਪਾਂਧੀ ਬਣਾ ਰਿਹਾ ਹੈ। ਉਥੇ ਰਹਿੰਦੇ ਹੋਏ ਬਾਬਾ ਜੀ ਨੇ ਸਮੁੱਚੀ ਮਨੁੱਖਤਾ ਦੇ ਹਰ ਦਰਦ ਨੂੰ ਮਹਿਸੂਸ ਕੀਤਾ ਤੇ ਉਸ ਦਾ ਹਰਨ ਕੀਤਾ। ਅਨੇਕਾਂ ਮਹਾਨ ਕਾਰਜ ਕੀਤੇ, ਧਾਰਮਿਕ ਅਸਥਾਨ, ਵਿਦਿਆਕ ਸੰਸਥਾਵਾਂ ਅਤੇ ਮੁੱਢਲੇ ਸਿਹਤ ਕੇਂਦਰ ਸਥਾਪਿਤ ਕਰਕੇ ਮਨੁੱਖਤਾ ਦਾ ਭਲਾ ਕੀਤਾ। ਇਨ੍ਹਾਂ ਮਹਾਨ ਸੰਸਥਾਵਾਂ ਵਿਚੋਂ ਹੀ ਇਕ ਸੰਸਥਾ ਹੈ – 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ', ਜਿਸ ਦੇ ਸਟਾਫ ਮੈਂਬਰ ਹੋਣ ਦੇ ਨਾਤੇ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ ਕਿਉਂਕਿ ਇਹ ਸੰਸਥਾ ਬਾਬਾ ਜੀ ਦੇ ਕਰ ਕਮਲਾਂ ਨਾਲ ਸਥਾਪਿਤ ਕੀਤੀ ਗਈ ਹੈ। ਜਿਸ ਦੇ ਹਰ ਕੋਨੇ ਵਿਚੋਂ ਹਰ ਥਾਂ ਵਿਚੋਂ ਆਪ ਜੀ ਦੀ ਹੋਂਦ ਮਹਿਸੂਸ ਹੋ ਰਹੀ ਹੈ ਪਰ ਫੇਰ ਵੀ ਪਦਾਰਥਵਾਦੀ ਜੀਵ ਹੋਣ ਦੇ ਨਾਤੇ ਕਿਤੇ ਨਾ ਕਿਤੇ ਇਕ ਚੀਸ ਜਿਹੀ ਉਠਦੀ ਹੈ, ਜਦੋਂ ਇਨ੍ਹਾਂ ਦੁਨਿਆਵੀ ਨੇਤਰਾਂ ਨੂੰ ਪ੍ਰਤੱਖ ਦੀਦਾਰ ਦੀ ਲੋਚਾ ਰਹਿੰਦੀ ਹੈ। ਜਦੋਂ ਸ਼ੁਰੂਆਤ ਵਿਚ ਬਾਬਾ ਜੀ ਸਕੂਲ ਵਿਚ ਆ ਕੇ ਸਾਨੂੰ ਗੱਲਵਕੜੀ ਵਿਚ ਲੈ ਲੈਂਦੇ ਸਨ ਤਾਂ ਮਾਨੋ ਦੁਨੀਆਂ ਦੇ ਸਾਰੇ ਸੁੱਖ ਝੋਲੀ ਵਿਚ ਆ ਜਾਂਦੇ ਸਨ। ਸਤਿਕਾਰਯੋਗ ਬੀਜੀ ਇਸ ਕਮੀ ਨੂੰ ਆ ਕੇ ਪੂਰਾ ਕਰਦੇ ਹਨ। ਜਦੋਂ ਬੀਜੀ ਗੱਲਵਕੜੀ ਵਿਚ ਲੈ ਕੇ ਪ੍ਰਸ਼ਾਦ ਦਿੰਦੇ ਹਨ, ਉਹੀ ਝਲਕ ਮਹਿਸੂਸ ਹੁੰਦੀ ਹੈ। ਇਹ ਬੇ-ਮਿਸਾਲ ਪਿਆਰ ਸਾਡੇ ਲਈ ਅਭੁੱਲ, ਇਹ ਸਾਡਾ ਜੀਵਨ ਹੈ, ਅਸੀਂ ਸਦਾ ਹੀ ਉਨ੍ਹਾਂ ਦੇ ਪਿਆਰ ਨੂੰ ਮਹਿਸੂਸ ਕਰਦੇ ਰਹੀਏ ਅਤੇ ਮਾਣਦੇ ਰਹੀਏ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਅਧਿਆਪਕ ਹੋਣਾ ਹੀ ਸਾਡੇ ਲਈ ਪ੍ਰਮਾਤਮਾ ਵਲੋਂ ਸਾਨੂੰ ਅਪਾਰ ਬਖਸ਼ਿਸ਼ ਦਾ ਪ੍ਰਤੱਖ ਪ੍ਰਮਾਣ ਹੈ, ਜਿਸ ਦੇ ਅਸੀਂ ਦੇਣਹਾਰ ਹਾਂ। ਬਾਬਾ ਜੀ ਵਲੋਂ ਅਨਮੋਲ ਤੋਹਫਾ ਸਾਡਾ ਸਕੂਲ ਇਕ ਅਜਿਹੀ ਸੰਸਥਾ ਹੈ ਜਿਥੇ ਪੜ੍ਹਾਈ ਦੇ ਨਾਲ-ਨਾਲ ਗੁਰਬਾਣੀ ਅਤੇ ਕੀਰਤਨ ਦੀ ਸਿਖਲਾਈ ਵਿਸ਼ੇਸ਼ ਤੌਰ ਤੇ ਦਿਤੀ ਜਾਂਦੀ ਹੈ। ਬਾਬਾ ਜੀ ਦਾ ਉਦੇਸ਼ ਸੀ ਕਿ ਇਸ ਸੰਸਥਾ ਦੇ ਬੱਚੇ ਦੁਨਿਆਵੀ ਵਿਦਿਆ ਦੇ ਨਾਲ-ਨਾਲ ਆਤਮ ਮਾਰਗ ਦੇ ਪਾਂਧੀ ਵੀ ਬਣਨ। ਇਸ ਪਵਿੱਤਰ ਮਹਾਨ ਜੋਤ ਦੇ 'ਪਵਿੱਤਰ ਜਨਮ ਦਿਹਾੜੇ' ਤੇ ਉਨ੍ਹਾਂ ਦੇ ਪਰਉਪਕਾਰ ਯਾਦ ਕਰੀਏ। ਸਤਿਕਾਰਯੋਗ ਬੀਜੀ ਦੇ ਅਸੀਸ ਪਿਆਰ ਦੇ ਨਿੱਘ ਨੂੰ ਮਾਣਦੇ ਹੋਏ ਅਸੀਂ ਹਾਂ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਸਮੂਹ ਅਧਿਆਪਕ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

**ਗੁਰਮੀਤ ਕੌਰ**

# ਗੁਰੂ ਅਮਰਦਾਸ ਜੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ - 11)*

ਸੋ ਇਸ ਤਰ੍ਹਾਂ ਦੇ ਨਾਲ ਮੈਨੂੰ ਸੋਝੀ ਹੋ ਆਈ ਤੇ ਮੈਂ ਤੇਰਾ ਹਾਰ ਮੋੜਨ ਆਇਆ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਬ੍ਰਹਮਚਾਰੀ ਨੇ ਪ੍ਰਣ ਕੀਤਾ ਹੋਇਆ ਸੀ ਕਿ ਜਿਸ ਨੇ ਗੁਰੂ ਨਾ ਧਾਰਿਆ ਹੋਇਆ ਹੋਵੇ ਉਸ ਦੇ ਹੱਥ ਤੋਂ ਮੈਂ ਖਾਣਾ ਨਹੀਂ ਹੈ। ਬਾਬਾ ਅਮਰਦਾਸ ਜੀ ਦੇ ਨਾਲ ਏਸ ਵਿਸ਼ਵਾਸ਼ ਤੇ ਚਲਿਆ ਆਇਆ ਕਿ ਇਹ ਤਾਂ ਰੋਜ਼ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਨੇ, ਫੇਰ ਅਠੋਤਰੀ ਮਾਲਾ ਫੇਰਦੇ ਨੇ, ਇਨ੍ਹਾਂ ਨੇ ਜ਼ਰੂਰ ਮੰਤਰ ਲਿਆ ਹੋਏਗਾ ਤੇ ਚਲਦੇ ਚਲਦੇ ਜਦੋਂ ਬਾਸਰਕੇ ਆ ਗਏ ਤਾਂ ਅੱਜ ਖੂਹ ਤੇ ਬੈਠੇ ਨੇ। ਉਸ ਵੇਲੇ ਗੱਲਬਾਤ ਚੱਲ ਪਈ ਤੇ ਬ੍ਰਹਮਚਾਰੀ ਨੇ ਪੁੱਛਿਆ ਕਿ ਬਾਬਾ ਜੀ! ਤੁਸੀਂ 'ਕਿਹੜਾ ਸਾਧਨ ਕਰਦੇ ਹੋ ਕਿਉਂਕਿ ਅਸ਼ਟਾਂਗ ਯੋਗ ਦੇ ਸਾਧਨ ਤਾਂ ਮੈਂ ਵੀ ਕਰਦਾ ਹਾਂ ਤੇ ਮੈਂ ਦੇਖਦਾ ਹਾਂ ਕਿ ਤੁਸੀਂ ਬੜੀ ਦੇਰ ਤੱਕ ਇਕਾਗਰ ਹੋ ਕੇ ਬੈਠਦੇ ਹੋ ਪਰ ਤੁਸੀਂ ਆਪਣੇ ਗੁਰੂ ਬਾਰੇ ਮੈਨੂੰ ਅਜੇ ਤੱਕ ਪਰੀਚਾ (ਜਾਣ-ਪਛਾਣ) ਨਹੀਂ ਕਰਾਇਆ। ਐਨਾ ਸੁਣਦੀਸਾਰ ਬਾਬਾ ਜੀ ਦੇ ਨੇਤਰਾਂ ਵਿਚੋਂ ਜਲ ਜਾਣ ਲਗ ਗਿਆ ਕਿਉਂਕਿ ਆਪ ਦੀ ਬਹੱਤਰ ਸਾਲ ਦੀ ਉਮਰ ਹੋ ਗਈ ਸੀ ਤੇ ਅਜੇ ਤੱਕ ਆਪ ਗੁਰੂ ਦੀ ਤਲਾਸ਼ ਵਿਚ ਫਿਰਦੇ ਸਨ ਪਰ ਪੂਰਾ ਨਹੀਂ ਸੀ ਮਿਲਿਆ। ਆਸ ਨਹੀਂ ਸੀ ਛੱਡੀ ਭਰੋਸਾ ਸੀ ਕਿ ਜ਼ਰੂਰ ਮਿਲੇਗਾ ਪਰ ਅਜੇ ਮੇਰੇ ਭਾਗ ਉਦੈ ਨਹੀਂ ਹੋਏ ਕਿਉਂਕਿ ਜਿੰਨੀ ਦੇਰ ਤਕ ਭਾਗ ਉਦੈ ਨਾ ਹੋਣ ਓਨੀ ਦੇਰ ਤੱਕ ਗੁਰੂ ਦਾ ਮਿਲਾਪ ਨਹੀਂ ਹੋਇਆ ਕਰਦਾ –

*ਧਾਰਨਾ - ਸਾਧੂ ਮਿਲ ਜਾਂਦੇ ਨੇ,*
*ਸੁੱਤੇ ਜਦ ਭਾਗ ਜਾਗਦੇ - 2, 2.*
*ਸੁੱਤੇ ਜਦ ਭਾਗ ਜਾਗਦੇ - 2, 2.*
*ਸਾਧੂ ਮਿਲ ਜਾਂਦੇ ਨੇ, ਸੁੱਤੇ ਜਦ ਭਾਗ ਜਾਗਦੇ - 2, 2.*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥ ਅੰਗ - 204*

ਫੇਰ ਕੀ ਹੁੰਦਾ ਹੈ ਜਦੋਂ ਕੋਈ ਕਰਮਾਂ ਦਾ ਅੰਕੁਰ ਪ੍ਰਗਟ ਹੋ ਜਾਵੇ, ਸ਼ੁਭ ਕਰਮਾਂ ਦਾ; ਗੱਲਾਂ ਵਾਲਾ ਨਹੀਂ, ਖੁਸ਼ਕ ਫਿਲਾਸਫੀ ਵਾਲਾ ਨਹੀਂ ਕਰਨੀ-ਕਮਾਈ ਵਾਲਾ ਤੇ ਪਿਆਰ ਵਿਚ ਲਬਾਲਬ ਭਰਿਆ ਹੋਇਆ ਰਸਿਕ ਤੇ ਨਾਲ ਬੈਰਾਗੀ ਦਾ ਮੇਲ ਹੋ ਜਾਂਦਾ ਹੈ। ਹੁੰਦਾ ਕੀ ਹੈ ਫੇਰ?

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਅੰਗ - 204*

ਜਿਹੜਾ ਸਾਡੇ ਮਨ ਦੇ ਅੰਦਰ ਅਗਿਆਨ ਦਾ ਅੰਧੇਰਾ ਹੋਇਆ ਹੋਇਆ ਹੈ ਉਸ ਦਾ ਖਾਤਮਾ ਹੋ ਜਾਂਦਾ ਹੈ।

ਆਹ ਜਿਹੜੀ ਸਾਡੀ ਸੁਰਤ ਸੁੱਤੀ ਪਈ ਹੈ ਇਹ ਜਾਗ ਪੈਂਦੀ ਹੈ। ਬਹੁਤ ਸਾਰੇ ਪ੍ਰੇਮੀ ਕਹਿੰਦੇ ਨੇ ਕਿ ਸਾਡੀ ਸੁਰਤ ਸੁੱਤੀ ਪਈ ਹੈ? ਅਸੀਂ ਤਾਂ ਪੜ੍ਹਦੇ ਹਾਂ, ਲਿਖਦੇ ਹਾਂ, ਪੀ-ਐਚ.ਡੀ ਕਰੀ ਹੈ, ਸਾਇੰਸਦਾਨ ਬਣੇ ਹਾਂ, ਦਫ਼ਤਰਾਂ ਵਿਚ ਕੰਮ ਕਰਦੇ ਹਾਂ, ਅਸੀਂ ਸੁੱਤੇ ਹੀ ਪਏ ਹਾਂ? ਮਹਾਰਾਜ ਜੀ ਕਹਿੰਦੇ ਤੁਹਾਨੂੰ ਤਾਂ ਜਾਗ ਕਿਸੇ ਨੂੰ ਨਹੀਂ ਹੈ, ਸਾਰਾ ਸੰਸਾਰ ਸੁੱਤਾ ਪਿਆ ਹੈ –

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥*
*ਅੰਗ - 920*

ਮਹਾਰਾਜ ਜੀ ਤਾਕੀਦ ਕਰਦੇ ਨੇ ਕਿ ਪ੍ਰੇਮੀਆਂ! ਤੂੰ ਤਾਂ ਸੁੱਤਾ ਪਿਆ ਹੈਂ ਤੇ ਇਸ ਨੀਂਦ ਦੇ ਵਿਚੋਂ ਉਠ ਜਾਹ, ਜਾਗੇ ਹੋਏ ਨੂੰ ਮਿਲ ਲੈ ਉਹ ਤੈਨੂੰ ਜਗਾ ਦਏਗਾ। ਇਸ ਨੀਂਦ ਵਿਚ ਨਾ ਜ਼ਿੰਦਗੀ ਗੁਜ਼ਾਰ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ - ਮਨ ਭੋਲਿਆ, ਹਉਮੈ ਸੁਰਤ ਵਿਸਾਰ।*

ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਸੁਰਤ ਵਾਲੇ ਹਾਂ। ਮਹਾਰਾਜ ਜੀ ਕਹਿੰਦੇ ਤੂੰ ਹਉਮੈਂ ਦੀ ਸੁਰਤ ਵਿਚ ਹੈਂ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਤਿੰਨ ਲਹਿਰਾਂ ਨੇ ਮਾਇਆ ਦੀਆਂ, ਇਸ ਦੇ ਵਿਚ ਤੂੰ ਇਕੱਲਾ ਹੀ ਨਹੀਂ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ। ਜੇ ਕੋਈ ਜਾਗਦਾ ਹੈ ਤਾਂ ਕੇਵਲ ਸਤਿਗੁਰ ਜਾਗਦਾ ਹੈ ਜਾਂ ਉਹ ਪੁਰਸ਼ ਜਾਗਦੇ ਨੇ ਜਿਹੜੇ ਬ੍ਰਹਮ ਦੇ ਵਿਚ ਨਿਵਾਸ ਕਰਦੇ ਨੇ – ਬ੍ਰਹਮ ਵਕਤਾ, ਬ੍ਰਹਮ ਸਤੋਤਰੀ, ਬ੍ਰਹਮ ਨੇਸ਼ਟੀ ਬਾਕੀ ਤਾਂ ਸਾਰਾ ਸੰਸਾਰ ਸੁੱਤਾ ਪਿਆ ਹੈ। ਮਹਾਰਾਜ ਜੀ ਕਹਿੰਦੇ ਜਦੋਂ ਐਸਾ ਸਤਿਗੁਰੂ ਮਿਲ ਜਾਂਦਾ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਅੰਗ - 204*

ਨਿਸ਼ਾਨੀ ਇਹ ਹੈ ਕਿ ਉਸ ਨੂੰ ਮਿਲ ਕੇ ਹਨ੍ਹੇਰਾ ਮਿਟ ਜਾਂਦਾ ਹੈ। ਹਨ੍ਹੇਰਾ ਪਿਆ ਹੋਇਆ ਹੈ ਸਾਰਿਆਂ ਦੇ ਮਨਾਂ

ਵਿਚ, ਦੂਜਾ ਨਜ਼ਰ ਆਉਂਦਾ ਹੈ, ਆਪਣਾ ਸਰੂਪ ਨਹੀਂ ਸਾਰੇ ਨਜ਼ਰ ਆਉਂਦਾ। ਆਪਣੇ ਸਰੂਪ ਤੋਂ ਗਿਰਕੇ ਆਪਣੇ-ਆਪ ਨੂੰ ਸਰੀਰ ਮੰਨ ਰਿਹਾ ਹੈ। ਕਿੰਨੀ ਮਾੜੀ ਗੱਲ ਹੋ ਗਈ।

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥* *ਅੰਗ - 374*

ਇਸ ਗੰਦ-ਮੂਤਰ ਦੇ ਥੈਲੇ ਨੂੰ ਕਹਿੰਦਾ 'ਮੈਂ' ਹੈ ਇਹ। ਐਨਾ ਸੌਂ ਗਿਆ ਹੈਰਾਨੀ ਦੀ ਗੱਲ ਹੈ, ਮਕਾਨ ਵਿਚ ਰਹਿਣ ਵਾਲੇ ਨੂੰ ਜੇ ਪੁੱਛੋ ਕਿ ਤੂੰ ਕੌਣ ਹੈਂ? ਤਾਂ ਆਪਣਾ ਨੰਬਰ ਦਸਦਾ ਹੈ ਕਿ ਮੈਂ ਫਲਾਣਾ। ਉਹ ਕਹਿੰਦੇ ਇਹ ਤਾਂ ਤੇਰੇ ਮਕਾਨ ਦਾ ਨੰਬਰ ਹੈ। ਉਹ ਕਹਿੰਦਾ ਤੈਨੂੰ ਪਤਾ ਨਹੀਂ ਮੈਂ ਹੀ ਹਾਂ ਉਹ। ਸਾਰੇ ਆਪਾਂ ਹੱਸ ਪਵਾਂਗੇ ਕਿ ਇਸ ਬੰਦੇ ਨੇ ਨਸ਼ਾ ਪੀਤਾ ਹੋਇਆ ਹੈ। ਫੇਰ ਪੁੱਛਦੇ ਨੇ ਕਿ ਤੂੰ ਆਪਣਾ ਨਾਉਂ ਦੱਸ? ਉਹ ਫੇਰ ਮਕਾਨ ਦਾ ਨੰਬਰ ਦੱਸ ਦਿੰਦਾ ਹੈ। ਉਹ ਕਹਿੰਦੇ ਤੂੰ ਤਾਂ ਭਾਈ ਮਕੀਂ ਹੈਂ ਮਕਾਨ ਨਹੀਂ, ਦੋਹਾਂ ਵਿਚ ਫਰਕ ਹੈ। ਇਸੇ ਤਰ੍ਹਾਂ ਨਾਲ ਜਿਹੜਾ ਸੁੱਤਾ ਪਿਆ ਹੈ ਬੰਦਾ, ਉਹ ਆਪਣੀ ਦੇਹ ਨੂੰ ਕਹਿੰਦਾ ਹੈ ਕਿ I am this thing. My Name is such and such. ਆਤਮਾ ਦਾ ਤਾਂ ਕੋਈ ਨਾ ਹੀ ਨਹੀਂ ਹੈ। ਸੋ ਆਪਣੇ ਆਤਮ-ਸਰੂਪ ਨੂੰ ਭੁੱਲ ਕੇ ਸੰਸਾਰ ਤਿੰਨਾਂ ਗੁਣਾਂ ਦੇ ਵਿਚ ਸੁੱਤਾ ਪਿਆ ਹੈ। 'ਤੁਰੀਆ' ਅਵਸਥਾ ਦੇ ਅੰਦਰ ਗੁਰਮੁਖ ਜਾਗਿਆ ਕਰਦੇ ਨੇ। ਸੋ ਮਹਾਰਾਜ ਜੀ ਕਹਿੰਦੇ -

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਅੰਗ - 204*

ਪਹਿਲਾਂ ਤਾਂ ਹਨ੍ਹੇਰਾ ਹਟਦਾ ਹੈ, ਦੂਜਾ ਨਜ਼ਰ ਆਉਣ ਤੇ ਹਟਦਾ ਹੈ, ਫੇਰ ਅਰਬਾਂ ਖਰਬਾਂ ਜਨਮਾਂ ਤੋਂ ਸੁੱਤੀ ਪਈ ਸੁਰਤ ਜਾਗ ਵਿਚ ਆ ਜਾਂਦੀ ਹੈ। ਸਿਆਣਿਆਂ ਤੇ ਮਨੋ-ਵਿਗਿਆਨੀਆਂ ਦਾ ਮਤ ਹੈ ਕਿ ਦਰਖਤ 1 ਤੋਂ 25 ਦਰਜੇ ਤੱਕ ਜਾਗਦੇ ਨੇ। ਪੰਛੀ-ਪਸ਼ੂ 25 ਤੋਂ 50 ਦਰਜੇ ਤੱਕ ਜਾਗਦੇ ਨੇ। ਮਨੁੱਖ ਦੀ ਜਾਗ 50 ਤੋਂ ਲੈ ਕੇ 75 ਤੱਕ ਹੁੰਦੀ ਹੈ ਪਰ ਮਨੁੱਖ 50 ਦਰਜੇ ਵਿਚ ਨਹੀਂ ਜਾਗਦਾ, ਹੇਠਾਂ ਜਾਗਦਾ ਹੈ ਪਸ਼ੂਆਂ ਵਾਲੀ ਬਿਰਤੀ ਵਿਚ ਜਾਗਦਾ ਹੈ ਜੇ ਉਪਰ ਜਾਗਦਾ ਹੋਵੇ ਤਾਂ ਕਿਉਂ ਕਿਸੇ ਤੋਂ ਰਿਸ਼ਵਤਾਂ ਲਵੇ? ਕਿਉਂ ਧੋਖੇ ਦੇਵੇ? ਕਿਉਂ ਮਾੜੇ ਕੰਮ ਕਰੇ? ਇਸ ਨੂੰ ਪਤਾ ਨਹੀਂ ਹੈ ਕਿ ਮੇਰੇ ਨਾਲ ਕੀ ਬਣਨਾ ਹੈ ਦਰਗਾਹ ਵਿਚ ਜਾ ਕੇ ਮੈਂ ਲੇਖੇ ਦੇਣੇ ਨੇ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*

*ਅੰਗ - 953*

ਫੇਰ ਦੁਸ਼ਮਣੀ ਕਿਹੜੀ ਗੱਲ ਦੀ? ਬੇਇਮਾਨੀਆਂ, ਮਿਲਾਵਟਾਂ ਕਿਹੜੀ ਗੱਲ ਦੀਆਂ? ਘੱਟ ਕਿਉਂ ਤੋਲਦਾ ਹੈਂ? ਧੋਖੇ ਕਿਉਂ ਦਿੰਦਾ ਹੈਂ ਦੁਨੀਆਂ ਨੂੰ? ਪੈਸੇ ਜੋੜ ਜੋੜ ਰੱਖਦਾ ਹੈਂ ਇਹ ਤੇਰੇ ਨਾਲ ਜਾਣਗੇ?

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*

*ਨਸੀਹਤਨਾਮਾ*

ਇਹ ਤਾਂ ਵੰਡ ਕੇ ਖਾਣ ਵਾਸਤੇ ਸੀ। ਤੂੰ ਇਸ ਨੂੰ ਜੋੜ-ਜੋੜ ਕੇ ਰਖਦਾ ਹੈਂ, ਲੱਖ ਰੁਪਿਆ, ਦੱਸ ਲੱਖ, ਪੰਦਰਾਂ ਲੱਖ, ਪੰਜਾਹ ਲੱਖ ਕਰ ਲਿਆ, ਜਾਂਦਾ ਹੋਇਆ ਤੂੰ ਕਹਿ ਦੇਵੇਂਗਾ ਕਿ ਆਹ! ਬੈਂਕ ਦੇ ਕਾਗਜ਼ ਮੇਰੇ ਨਾਲ ਬੰਨ੍ਹ ਦਿਓ, ਉਹ ਚਲੇ ਜਾਣਗੇ ਤੇਰੇ ਨਾਲ? ਸੁੱਤਾ ਪਿਆ ਹੈਂ ਜੇ ਨਾਲ ਲਿਜਾਣਾ ਹੈ ਤਾਂ ਕਰਦੇ ਰੱਬ ਦੇ ਨਾਂ ਤੇ, ਦੇ ਦੇ ਸਭ ਨੂੰ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ ਜਾਗਦਾ ਨਹੀਂ। 75 ਦਰਜੇ ਤੋਂ ਬਾਅਦ ਜਾਗ ਸ਼ੁਰੂ ਹੁੰਦੀ ਹੈ। ਗੁਰਮੁਖ 75 ਤੋਂ 100 ਦਰਜੇ ਤੱਕ ਜਾਗਦਾ ਹੈ। ਸੱਤ ਭੂਮਿਕਾਂ ਹੋਇਆ ਕਰਦੀਆਂ ਨੇ ਬੰਦਗੀ ਕਰਨ ਵਾਲਿਆਂ ਦੀਆਂ, ਜੋ ਰੂਹਾਨੀ ਰਸਤੇ ਤੇ ਪੈਂਦਾ ਹੈ। ਪਹਿਲੇ ਦਰਜੇ ਦਾ ਉਹ ਸਤਿਸੰਗ ਹੋਇਆ ਕਰਦਾ ਹੈ। ਦੂਸਰੇ ਦਾ ਸਿੱਖ ਹੋਇਆ ਕਰਦਾ ਹੈ। ਤੀਸਰੇ ਦਰਜੇ ਦਾ ਗੁਰਮੁਖ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਭੂਮਿਕਾ ਚੜ੍ਹਦੀ ਹੈ। ਚੜ੍ਹਦੇ-ਚੜ੍ਹਦੇ ਜਦੋਂ ਪੰਜਵੀਂ ਭੂਮਿਕਾ ਵਿਚ ਚਲਿਆ ਜਾਂਦਾ ਹੈ ਤਾਂ ਮਨੋ ਨਾਸ਼, ਵਾਸ਼ਨਾ ਖੈ, ਤੱਤ ਗਿਆਨ ਹੋ ਜਾਇਆ ਕਰਦਾ ਹੈ। ਭਰਮ ਹਟ ਜਾਂਦਾ ਹੈ ਤੇ ਪੂਰੀ ਜਾਗ ਆ ਜਾਇਆ ਕਰਦੀ ਹੈ।

ਸੋ ਇਸ ਤਰ੍ਹਾਂ ਸੰਸਾਰ ਸਾਰਾ ਹੀ ਸੁੱਤਾ ਪਿਆ ਹੈ ਜਦੋਂ ਪੂਰਾ ਮਿਲ ਜਾਵੇ ਤਾਂ ਜਾਗ ਖੁਲ੍ਹ ਜਾਂਦੀ ਹੈ। ਸੋ ਬਾਬਾ ਅਮਰਦਾਸ ਜੀ ਏਸ ਗੱਲ ਤੇ ਵੈਰਾਗ ਕਰ ਰਹੇ ਸੀ ਕਿ ਮੈਨੂੰ ਅਜੇ ਤਕ ਪੂਰਾ ਨਹੀਂ ਮਿਲਿਆ ਜਿਹੜਾ ਮੈਨੂੰ ਸੁੱਤੇ ਨੂੰ ਜਗਾ ਦੇਵੇ।

ਸਾਧੂ ਮੈਂ ਬਹੁਤ ਵੱਡੇ-ਵੱਡੇ ਦੇਖੇ, ਵੱਡੇ-ਵੱਡੇ ਮੱਠਾਂ ਵਾਲੇ ਦੇਖੇ ਬ੍ਰਹਮਚਾਰੀ ਜੀ! ਪਰ ਮੇਰੀ ਕਿਸਮਤ ਮਾੜੀ ਕਿ ਮੈਨੂੰ ਅਜੇ ਤਕ ਕੋਈ ਪੂਰਾ ਨਹੀਂ ਮਿਲਿਆ।

ਐਨੀ ਗੱਲ ਸੁਣਨ ਦੀ ਦੇਰ ਸੀ ਉਹ ਬ੍ਰਹਮਚਾਰੀ ਉਠ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਿਆ ਕਿ ਬਾਬਾ ਅਮਰਦਾਸ ਮੈਂ ਛਲਿਆ ਗਿਆ, ਧੋਖੇ ਵਿਚ ਆ ਗਿਆ। ਮੈਂ ਨਿਗੁਰੇ ਦਾ ਸੰਗ ਕਰਦਾ ਰਿਹਾ ਤੇ ਤੇਰੇ ਹੱਥੋਂ ਰੋਟੀ ਖਾਂਦਾ ਰਿਹਾ। ਓ ਮੇਰੀ ਕਿਸਮਤ, ਮੈਂ ਮਾਰਿਆ ਗਿਆ, ਮੇਰਾ ਪ੍ਰਣ ਟੁੱਟ ਲਿਆ। ਹੁਣ ਮੇਰੀ ਕੀ ਗਤੀ ਹੋਏਗੀ? ਕੋਸਦਾ ਹੋਇਆ ਜਾਣ ਲਗਦਾ ਹੈ ਤਾਂ ਬਾਬਾ ਜੀ ਰੋਕਦੇ ਨੇ।

ਉਹ ਕਹਿੰਦਾ, "ਹੁਣ ਨਾ ਮੇਰੇ ਨਾਲ ਗੱਲ ਕਰੀਂ। ਬਾਬਾ ਅਮਰਦਾਸ! ਬਚਪਨ ਨੂੰ ਜਵਾਨੀ ਨੇ ਖਾ ਲਿਆ, ਜਵਾਨੀ ਨੂੰ ਬੁਢੇਪੇ ਨੇ ਖਾ ਲਿਆ ਹੁਣ ਦੱਸ ਬਹੱਤਰ ਸਾਲ ਦੀ ਤੇਰੀ ਉਮਰ ਹੋ ਗਈ ਤੇ ਤੈਨੂੰ ਅਜੇ ਤਕ ਗੁਰੂ ਨਹੀਂ ਮਿਲਿਆ ਫੇਰ ਕਦੋਂ ਤੱਕ ਗੁਰੂ ਮਿਲੇਗਾ। ਆਪਣਾ ਜਨਮ ਤਾਂ ਜੂਏ ਵਿਚ ਹਾਰ ਹੀ ਦਿਤਾ ਤੂੰ, ਮੇਰਾ ਵੀ ਜੀ ਜਨਮ ਖਰਾਬ ਕਰ ਦਿਤਾ ਤੂੰ।

ਇਹੋ ਜਿਹੀਆਂ ਸਖਤ ਗੱਲਾਂ ਕਹਿ ਕੇ ਤੁਰ ਗਿਆ। ਬਾਬਾ ਜੀ ਰੋਕਦੇ ਰਹੇ, ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਉਹ ਗੱਲਾਂ ਨਹੀਂ ਸਨ ਸਾਧ ਸੰਗਤ ਜੀ! ਉਹ ਤਾਂ ਇਕ ਇਕ ਗੱਲ ਬਾਣ ਬਣ ਕੇ ਹਿਰਦੇ ਨੂੰ ਵਿੰਨ੍ਹ ਗਈ। ਬ੍ਰਹਮਚਾਰੀ ਕਈ ਮਹੀਨੇ ਨਾਲ ਰਹਿਣ ਵਾਲਾ, ਪਿਆਰ ਵਾਲਾ ਦੇਖਦੇ ਦੇਖਦੇ ਇਕੋ ਗੱਲ ਤੇ ਛੱਡ ਕੇ ਪਾਸੇ ਹਟ ਗਿਆ। ਉਸ ਵੇਲੇ ਬਾਬਾ ਜੀ ਨੇ ਮਨ ਵਿਚ ਬਹੁਤ ਵੈਰਾਗ ਆ ਗਿਆ। ਉਥੇ ਹੀ ਬੈਠੇ ਰਹੇ ਸ਼ਾਮ ਪੈ ਗਈ, ਘਰ ਆ ਗਏ ਕੁਛ ਨਹੀਂ ਖਾਧਾ, ਕੁਝ ਨਹੀਂ ਪੀਤਾ। ਕੋਠੇ ਤੇ ਚੜ੍ਹ ਕੇ ਬੈਠ ਕੇ ਸਾਰੀ ਰਾਤ ਜਾਗਦਿਆਂ ਹੀ ਲੰਘਾ ਲਈ। ਦੂਸਰਾ ਦਿਨ ਆਇਆ ਆਪ ਬਾਹਰ ਚਲੇ ਗਏ। ਫੇਰ ਕੁਝ ਨਹੀਂ ਖਾਧਾ ਘਰ ਆ ਕੇ। ਲਿਆਉਂਦੇ ਨੇ ਪਰ ਜਵਾਬ ਦੇ ਦਿਤਾ। ਸਾਰੇ ਹੈਰਾਨ ਨੇ ਕਿ ਕੀ ਗੱਲ ਹੋ ਗਈ। ਇਨ੍ਹਾਂ ਦੇ ਨਾਲ ਜੋ ਪ੍ਰੇਮੀ ਰਹਿੰਦਾ ਸੀ ਉਸ ਦੇ ਜਾਣ ਦਾ ਵਿਯੋਗ ਹੋ ਗਿਆ ਜਾਂ ਕੋਈ ਹੋਰ ਬਾਤ ਹੋ ਗਈ। ਪੁੱਛਣ ਦਾ ਹੌਂਸਲਾ ਨਹੀਂ, ਨਾ ਆਪ ਦਸਦੇ ਨੇ।

ਸਾਧਸੰਗਤ ਜੀ! ਆਹ ਗੱਲਾਂ ਜਿਹੜੀਆਂ ਨੇ ਹਰ ਬੰਦੇ ਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ ਹੋਇਆ ਕਰਦਾ ਕਿ ਐਡੀ ਕਿਹੜੀ ਗੱਲ ਹੈ ਕਿਉਂਕਿ ਉਨ੍ਹਾਂ ਦਾ ਮਨ ਮਨੂਰ ਹੋਇਆ ਹੋਇਆ ਹੈ, ਮਾਇਆ ਨਾਲ ਜਲ ਕੇ। ਜਿਸ ਦੇ ਮਨ ਦੇ ਅੰਦਰ ਕੁਝ ਸੋਝੀ ਹੈ ਉਸ ਨੂੰ ਗੁਰੂ ਦੀ ਬਾਣੀ ਬਾਣਾਂ ਵਾਂਗ ਲਗਦੀ ਹੈ ਜੋ ਵਿੰਨ੍ਹ ਕੇ ਰੱਖ ਦਿੰਦੀ ਹੈ –

*ਰਾਮ ਭਗਤਿ ਅਨੀਆਲੇ ਤੀਰ॥ ਅੰਗ - 327*

ਕਹਿੰਦੇ ਅਣੀਆਂ ਵਾਲੇ ਤੀਰ ਹੋਇਆ ਕਰਦੇ ਨੇ, ਏਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ –

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦੈ।*

*ਲਾਗੀ ਹੋਇ ਸੁ ਜਾਨੈ ਪੀਰ॥*
*ਰਾਮ ਭਗਤਿ ਅਨੀਆਲੇ ਤੀਰ॥ ਅੰਗ - 327*

ਸੋ ਲੱਗ ਗਈ ਗੱਲ, ਐਨੀ ਸੱਟ ਖਾਧੀ ਕਿ ਦੋ ਦਿਨ ਲੰਘ ਗਏ। ਅੱਜ ਤੀਸਰਾ ਦਿਨ ਸ਼ੁਰੂ ਹੋਇਆ ਬਾਰ-ਬਾਰ ਹੱਥ ਬੰਨ੍ਹਦੇ ਨੇ ਕਿ ਹੇ ਪ੍ਰਭੂ! ਜ਼ਰੂਰ ਮੈਨੂੰ ਵਿਸ਼ਵਾਸ਼ ਹੈ ਕਿ ਮੇਰਾ ਗੁਰੂ ਸੰਸਾਰ ਵਿਚ ਹੈ ਪਰ ਮੈਨੂੰ ਪਤਾ ਨਹੀਂ ਕ੍ਰਿਪਾ ਕਰ। ਫੇਰ ਖਿਆਲ ਆਉਂਦਾ ਹੈ ਕਿ ਗੁਰੂ ਤਾਂ ਮੇਰਾ ਸਮਰੱਥ ਹੈ ਜੋ ਮੈਨੂੰ ਮਿਲ ਨਹੀਂ ਸਕਿਆ ਤਾਂ ਵੀ ਕੋਈ ਗੱਲ ਨਹੀਂ ਹੈ ਤੂੰ ਤਾਂ –

*ਘਟ ਘਟ ਕੇ ਅੰਤਰ ਕੀ ਜਾਨਤ॥*
*ਭਲੇ ਬੁਰੇ ਕੀ ਪੀਰ ਪਛਾਨਤ॥*

*ਕਬਯੋ ਬਾਚ ਬੇਨਤੀ ਚੌਪਈ*

ਸਭ ਦੇ ਹਿਰਦੇ ਦੀ ਜਾਨਣ ਵਾਲਾ ਸਮਰੱਥ ਗੁਰੂ ਉਹ ਤਾਂ ਜਾਣਦਾ ਹੈ, ਬੇਨਤੀਆਂ ਕਰਦੇ ਨੇ। ਸੋ ਖਿੱਚ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਸੋ ਗੱਲ ਚੱਲ ਪਈ ਕਿ ਬਾਬਾ ਅਮਰਦਾਸ ਜੀ ਨੂੰ ਕੋਈ ਗਹਿਰੀ ਸੱਟ ਲੱਗੀ ਹੈ ਨਾ ਦਸਦੇ ਨੇ ਤੇ ਨਾ ਕੁਝ ਖਾਂਦੇ-ਪੀਂਦੇ ਨੇ, ਬਾਰ ਬਾਰ ਏਸ ਤਰ੍ਹਾਂ ਦੇ ਨਾਲ ਬੇਨਤੀਆਂ ਉਠਦੀਆਂ ਨੇ ਮਨ ਵਿਚੋਂ –

*ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ,*
*ਅੱਖੀਆਂ ਤਰਸਦੀਆਂ ਸਾਹਿਬਾ।*
*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*

*ਅੰਗ - 1094*

ਬਾਰ-ਬਾਰ ਏਸ ਤਰ੍ਹਾਂ ਦੀਆਂ ਅਨੇਕਾਂ ਬੇਨਤੀਆਂ ਕਰਦੇ ਨੇ। ਫੇਰ ਖਿਆਲ ਆਉਂਦਾ ਹੈ ਕਿ ਜੋ ਮੇਰਾ ਗੁਰੂ ਹੈ ਉਹ ਸਭ ਕੁਝ ਜਾਣਦਾ ਹੈ ਉਸ ਦੇ ਤਕ ਤਾਂ ਮੇਰੀ ਅਰਦਾਸ ਜ਼ਰੂਰ ਪਹੁੰਚਦੀ ਹੈ। ਪਾਤਸ਼ਾਹ! ਭੇਜ ਕੋਈ ਆਪਣਾ ਪਿਆਰਾ ਮੈਂ ਵੱਡੀ ਤੋਂ ਵੱਡੀ ਫੀਸ ਦੇਣ ਨੂੰ ਤਿਆਰ ਹਾਂ ਕੋਈ ਮੈਨੂੰ ਆ ਕੇ ਤੇਰੀ ਗੱਲ ਤਾਂ ਸੁਣਾ ਦੇਵੇ, ਕੋਈ ਬਚਨ ਤਾਂ ਸੁਣਾ ਦੇਵੇ, ਦੱਸ ਤਾਂ ਦੇਵੇ ਕਿ ਸਮਰੱਥ ਗੁਰੂ ਏਸ ਵੇਲੇ ਕਿਥੇ ਰਹਿੰਦਾ ਹੈ? ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ ਕਿ ਜੇ ਕੋਈ ਆਪਣੇ ਪਿਆਰੇ ਦੀ ਗੱਲ ਸੁਣਾਵੇ, ਉਸ ਨੂੰ ਕੀ ਦੇਵੇ? ਪੈਸੇ ਦੇਵੇ? ਜ਼ਮੀਨ ਜਾਇਦਾਦ ਦੇ ਦੇਵੇ? ਕਹਿੰਦੇ ਨਹੀਂ ਵੱਡੀ ਭਾਰੀ ਕੁਰਬਾਨੀ ਕਰਨ ਨੂੰ ਤਿਆਰ ਰਹੇ –

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*
*ਅੰਗ - 558*

ਵੱਡੀ ਤੋਂ ਵੱਡੀ ਕੀਮਤ, ਆਪਣੇ ਪਿਆਰੇ ਦੀ ਇਕ ਗੱਲ ਸੁਣਨ ਵਾਸਤੇ ਦੇਣ ਨੂੰ ਪਿਆਰਾ ਤਿਆਰ ਹੋ ਜਾਂਦਾ ਹੈ। ਦੁਨਿਆਵੀ ਪਿਆਰ ਜੋ ਹੈ ਉਸ ਦੀਆਂ ਵੀ ਬੜੀਆਂ ਮਿਸਾਲਾਂ ਨੇ। ਮਜਨੂੰ ਈਰਾਨ ਦੇ ਨਗਰ ਸ਼ਹਿਰਾਜ਼ ਦੇ ਵਿਚੋਂ ਭਾਰਤ ਆਇਆ ਹੋਇਆ ਹੈ। ਫਿਰਦਾ-ਫਿਰਦਾ ਕੋਈ ਕਾਫਲਾ ਜਿਥੇ ਉਹ ਬੈਠਾ ਸੀ ਉਥੋਂ ਦੀ ਲੰਘਿਆ। ਪਤਾ ਲੱਗ ਗਿਆ ਕਿ ਸ਼ਹਿਰਾਜ਼ ਤੋਂ ਆਏ ਨੇ ਲੋਕ। ਗੱਲਾਂ ਪੁੱਛਣ ਲੱਗ ਪਿਆ ਤੇ ਇਕੱਲੇ-ਇਕੱਲੇ ਤੋਂ ਗੱਲਾਂ ਪੁਛਦਾ ਹੈ ਲੈਲਾ ਦੇ ਬਾਰੇ। ਚਲਦਾ-ਚਲਦਾ ਦਿੱਲੀ ਪਹੁੰਚ ਗਿਆ, ਕਾਫਲੇ ਦੇ ਨਾਲ। ਲਗਨ ਹੋਇਆ ਕਰਦੀ ਹੈ ਇਸੇ ਤਰ੍ਹਾਂ ਆਪਣੇ ਪਿਆਰੇ ਦੀ ਬਾਤ, ਆਪਣੇ ਸਤਿਗੁਰੂ ਦੀ ਬਾਤ ਬਾਰ-ਬਾਰ ਪੁਛਦਾ ਹੈ। ਕੋਈ ਪਿਆਰਾ ਆ ਜਾਵੇ ਪਰਦੇਸ ਤੋਂ, ਬੱਚੇ ਉਥੇ ਰਹਿੰਦੇ ਹੋਣ, ਉਹ ਘਰ ਮਿਲਣ ਵਾਸਤੇ ਆ ਜਾਵੇ। ਪਹਿਲਾਂ ਪੁਛਣਗੇ ਕਿ ਕੀ ਹਾਲ ਹੈ, ਹੋਰ ਕੀ ਕਹਿੰਦੇ ਸੀ? ਉਹ ਗੱਲ ਸਾਰੀ ਦੱਸ ਦਏਗਾ। ਫੇਰ ਪੁੱਛ ਲੈਂਦੇ ਹਾਂ ਕਿ ਹੋਰ ਕੀ ਕਹਿੰਦੇ ਸੀ। ਓਹੀ ਗੱਲ ਬਾਰ-ਬਾਰ ਸੁਣ ਕੇ ਅਨੰਦ ਆਉਂਦਾ ਹੈ। ਸੋ ਏਸ ਤਰ੍ਹਾਂ ਦੀ ਬਿਰਤੀ ਦੇ ਨਾਲ ਆਪ ਦੇ ਮਨੋਂ ਅਰਦਾਸਾਂ ਨਿਕਲਦੀਆਂ ਨੇ ਕਿ ਪਾਤਸ਼ਾਹ! ਕੋਈ ਭੇਜ ਜਿਹੜਾ ਤੇਰੀ ਖਬਰ ਦੇ ਦੇਵੇ। ਬਾਬਾ ਜੀ ਦੀ ਅਰਦਾਸ ਦਰਗਾਹ ਵਿਚ ਪਹੁੰਚਦੀ ਹੈ, ਗੁਰੂ ਦੇ ਦਰ ਤੇ ਪਹੁੰਚਦੀ ਹੈ; ਕੌਤਕ ਵਰਤਦਾ ਹੈ। ਤੀਸਰੀ ਰਾਤ ਵੀ ਆਪ ਨੂੰ ਬੈਠਿਆਂ ਹੀ ਬੀਤ ਗਈ। ਤਾਰੇ ਹੌਲੀ ਹੌਲੀ ਚਲਦੇ ਚਲਦੇ ਛਿਪਦੇ ਤੁਰੇ ਜਾ ਰਹੇ ਨੇ ਤੇ ਦੋ ਵਜੇ ਆਪ ਨੂੰ ਆਵਾਜ਼ ਸੁਣੀ ਕਿ ਕਿਸੇ ਨੇ ਦਰਵਾਜ਼ਾ ਖੋਲ੍ਹਿਆ ਹੈ। ਥੋੜ੍ਹੇ ਸਾਵਧਾਨ ਹੋ ਗਏ ਧਿਆਨ ਦੇਣਾ ਸ਼ੁਰੂ ਕਰ ਦਿਤਾ। ਸੋਚਦੇ ਨੇ ਕਿ ਕੌਣ ਹੋ ਸਕਦਾ ਹੈ। ਘਰ ਵਿਚ ਖੂਹੀ ਲੱਗੀ ਹੋਈ ਸੀ, ਥੋੜ੍ਹੀ ਦੇਰ ਤੋਂ ਬਾਅਦ ਡੋਲ ਭੌਣੀ ਤੋਂ ਫਿਰਾ ਕੇ ਉਸ ਦੇ ਵਿਚੋਂ ਪਾਣੀ ਭਰਨ ਦੀ ਆਵਾਜ਼ ਆਈ। ਡੋਲ ਕੱਢਿਆ ਕਿਸੇ ਬਰਤਨ ਵਿਚ ਪਾਇਆ, ਦੋ ਤਿੰਨ ਵਾਰ ਐਸਾ ਕਰਿਆ। ਪਤਾ ਲੱਗਿਆ ਕਿ ਸਾਡੇ ਹੀ ਘਰ ਦੇ ਅੰਦਰ ਕੋਈ ਇਸ਼ਨਾਨ ਕਰ ਰਿਹਾ ਹੈ। ਵਿਚਾਰ ਕੀਤੀ ਕਿ ਭਰਾ ਜੀ ਤਾਂ ਐਨੇ ਸਾਝਰੇ ਉਠਦੇ ਨਹੀਂ ਫੇਰ ਇਹ ਕੌਣ ਹੋ ਸਕਦਾ ਹੈ। ਅੰਮ੍ਰਿਤ ਵੇਲੇ ਜਾਗਣ ਵਾਲਾ ਸਾਡੇ ਘਰ ਕੌਣ ਆ ਗਿਆ। ਕੌਣ ਜਾਗਦਾ ਹੈ ਸਾਧਸੰਗਤ ਜੀ! ਅੰਮ੍ਰਿਤ ਵੇਲੇ? ਦੁਨੀਆਂ ਸੌਂਦੀ ਹੈ ਅੰਮ੍ਰਿਤ ਵੇਲੇ ਪਹਿਲੀ ਰਾਤ ਜਾਗਦੀ ਅੰਮ੍ਰਿਤ ਵੇਲੇ, ਪਹਿਲੀ ਰਾਤ ਉਹ ਜਾਗਦੇ ਨੇ ਜਿਨ੍ਹਾਂ ਨੇ ਆਪਣੇ ਮਾਨਸ ਜਨਮ ਦਾ ਲਾਹਾ ਪ੍ਰਾਪਤ ਕਰਨਾ ਹੁੰਦਾ ਹੈ, ਪ੍ਰਮੇਸ਼ਰ ਦੇ ਪਿਆਰੇ ਜਾਗਦੇ ਨੇ ਏਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ।*
*ਕੋਈ ਜਾਗਦੇ ਨੇ ਰਾਮ ਪਿਆਰੇ।*

ਇਕ ਖਿਨ ਵਾਸਤੇ ਵੀ ਵਾਹਿਗੁਰੂ ਨੂੰ ਭੁੱਲਣਾ ਨਹੀਂ ਚਾਹੁੰਦੇ ਤੇ ਉਸ ਦੇ ਚਰਨਾਂ-ਕਮਲਾਂ ਦਾ, ਸ਼ਬਦ ਦਾ ਧਿਆਨ ਹਿਰਦੇ ਵਿਚ ਕਾਇਮ ਕੀਤਾ ਹੋਇਆ ਹੈ।

*ਤਜਿ ਮਾਨ ਮੋਹ ਬਿਕਾਰ ਸਾਧੂ*
*ਲਗਿ ਤਰਉ ਤਿਨ ਕੈ ਪਾਏ॥*
*ਬਿਨਵੰਤਿ ਨਾਨਕ ਸਰਣਿ ਸੁਆਮੀ*
*ਬਡਭਾਗਿ ਦਰਸਨੁ ਪਾਏ॥ ਅੰਗ - 1312*

ਸੋ ਅੰਮ੍ਰਿਤ ਵੇਲੇ ਜਾਗ ਆਈ। ਗੁਰੂ ਘਰ ਦੇ ਅੰਦਰ ਅੰਮ੍ਰਿਤ ਵੇਲੇ ਦੀ ਬਹੁਤ ਮਹੱਤਤਾ ਹੈ।

ਕਹਿੰਦੇ ਤੂੰ ਤਾਂ ਜਿਉਂਦਾ ਹੀ ਮਰ ਗਿਆ ਜਿਹੜਾ ਪਿਛਲੀ ਰਾਤ ਜਾਗਦਾ ਨਹੀਂ -

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥ ਅੰਗ - 738*
*ਚੰਗਿਆਈ ਆਲਕੁ ਕਰੇ ਬੁਰਿਆਂਈ ਹੋਇ ਸੇਰ॥*
*ਅੰਗ - 518*

ਨਾਮ ਜਪਣ ਵੇਲੇ ਆਲਸ ਪੈ ਜਾਂਦੀ ਹੈ, ਜਾਗ ਨਹੀਂ ਆਉਂਦੀ, ਜਦੋਂ ਬੁਰਿਆਈ ਕਰਨੀ ਹੁੰਦੀ ਹੈ ਤਾਂ ਉਸ ਵੇਲੇ ਸ਼ੇਰ ਵਰਗਾ ਦਿਲ ਬਣ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਾ ਰਹੇ ਨੇ ਇਕ ਥਾਂ ਤੇ ਅੰਮ੍ਰਿਤ ਵੇਲਾ ਹੋਇਆ। ਆਸਾ ਜੀ ਦੀ ਵਾਰ ਦਾ ਭੋਗ ਪਾਇਆ ਮਰਦਾਨਾ ਜੀ ਨੇ ਤਾਂ ਕੀ ਦੇਖਦੇ ਨੇ ਇਕ ਬਹੁਤ ਵੱਡੇ ਕੱਦ ਵਾਲਾ ਬੰਦਾ ਇਕ ਬਹੁਤ ਵੱਡਾ ਜੁਲੜ ਚੁੱਕੀਂ ਜਾ ਰਿਹਾ ਹੈ ਓਧਰ ਦੇਖਣਾ ਸ਼ੁਰੂ ਕਰ ਦਿਤਾ। ਕਹਿੰਦੇ, "ਸੱਚੇ ਪਾਤਸ਼ਾਹ! ਆਹ ਕੌਣ ਹੋ ਸਕਦਾ ਹੈ?"

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਇਹ ਆਪਾਂ ਨੂੰ ਪਹਿਲਾਂ ਵੀ ਮਿਲਿਆ ਸੀ। ਜਦੋਂ ਇਹ ਮੋਤੀਆਂ ਦੇ ਮੰਦਰ ਆਪਾਂ ਨੂੰ ਦਿੰਦਾ ਸੀ। ਇਹ ਕਲਜੁਗ ਹੈ ਹੋਰ ਕੌਣ ਹੈ?

ਕਹਿੰਦੇ, "ਮਹਾਰਾਜ! ਕੀ ਚੁੱਕੀ ਜਾਂਦਾ ਹੈ?"

ਮਹਾਰਾਜ ਜੀ ਕਹਿੰਦੇ, "ਤੂੰ ਬੁਲਾ ਕੇ ਹੀ ਪੁੱਛ ਲੈ।"

ਉਸ ਵੇਲੇ ਆਵਾਜ਼ ਦਿਤੀ ਕਲਜੁਗ ਕੋਲ ਆ ਗਿਆ। ਜੁਲੜ ਰੱਖ ਦਿਤਾ ਕੋਲ।

ਮਹਾਰਾਜ ਜੀ ਕਹਿੰਦੇ, "ਭਾਈ! ਆਹ ਕੀ ਚੁੱਕੀ ਜਾਂਦਾ ਹੈਂ ਤੂੰ?"

ਕਹਿੰਦਾ, "ਆਲਸ ਦਾ ਜੁਲੜ ਹੈ।"

ਕਹਿੰਦੇ, "ਕਾਹਦੇ ਵਾਸਤੇ ਹੈ?"

ਕਹਿਣ ਲੱਗਿਆ, "ਪਹਿਲੀ ਰਾਤ ਮੈਂ ਲੋਕਾਂ ਨੂੰ ਸੌਣ ਨਹੀਂ

ਦਿੰਦਾ, ਸ਼ਰਾਬਾਂ-ਕਬਾਬਾਂ ਬੇਅੰਤ ਚੀਜ਼ਾਂ ਦੇ ਵਿਚ ਪਰਚਾ ਕੇ ਰਖਦਾ ਹਾਂ। ਉਸ ਵੇਲੇ ਸੌਂਦਾ ਨਹੀਂ ਹੈ ਸੰਸਾਰ ਤੇ ਮੈਂ ਛੁਰੀਆਂ ਮਾਰਦਾ ਰਹਿੰਦਾ ਹਾਂ ਤੇ ਫੇਰ ਮੈਂ ਆਲਸ ਦਾ ਜੁੱਲੜ ਸਾਰਿਆਂ ਤੇ ਦੇ ਦਿੰਦਾ ਹਾਂ। ਪਹਿਲੀ ਰਾਤ ਜਗਾਉਂਦਾ ਹਾਂ, ਪਿਛਲੀ ਰਾਤ ਨਹੀਂ ਮੈਂ ਕਿਸੇ ਨੂੰ ਉਠਣ ਦਿੰਦਾ।"

ਕਹਿੰਦੇ, "ਇਸ ਦੇ ਵਿਚ ਆਹ ਗਲੀਆਂ ਕਿਉਂ ਹੋਈਆਂ ਨੇ?"

ਕਹਿੰਦਾ, "ਮੈਂ ਕੀ ਦੱਸਾਂ ਗੁਰੂ ਨਾਨਕ ਪਾਤਸ਼ਾਹ ਦੇ ਜੋ ਗੁਰਸਿੱਖ ਨੇ ਉਨ੍ਹਾਂ ਤੇ ਮੇਰਾ ਬਲ ਨਹੀਂ ਚਲਦਾ ਉਹ ਮੇਰੇ ਆਲਸ ਦੇ ਜੁਲੜ ਵਿਚੋਂ ਗਲੀਆਂ ਕੱਢ ਕੇ ਬਾਹਰ ਨਿਕਲ ਆਉਂਦੇ ਨੇ।"

ਇਕ ਵਾਰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਕਿ ਮਹਾਰਾਜ! ਕੇਵਲ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਕੋਈ ਪੁੰਨ ਹੈ?

ਮਹਾਰਾਜ ਜੀ ਕਹਿੰਦੇ, "ਹਰ ਚੀਜ਼ ਵਿਧੀ ਨਾਲ ਹੋਇਆ ਕਰਦੀ ਹੈ, ਇਸ਼ਨਾਨ ਵੀ ਵਿਧੀ ਪੂਰਬਕ ਹੋਇਆ ਕਰਦਾ ਹੈ। ਉਸ ਵਿਧੀ ਨਾਲ ਜੇ ਇਸ਼ਨਾਨ ਕੀਤਾ ਜਾਵੇ ਪਹਿਰ ਰਾਤ ਰਹਿੰਦੀ ਤਾਂ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਸਹਿਜ-ਸੁਭਾਅ ਉਸ ਪ੍ਰੇਮੀ ਨੂੰ ਮਿਲ ਜਾਂਦਾ ਹੈ। ਜੇ ਉਸ ਤੋਂ ਦੋ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਮਿਲਦਾ ਹੈ। ਜੇ ਉਸ ਤੋਂ ਦੋ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਮਿਲਦਾ ਹੈ। ਜੇ ਉਸ ਤੋਂ ਇਕ ਘੜੀ ਬਾਅਦ ਉਠਦਾ ਹੈ ਤਾਂ ਸਵਾ ਮਣ ਅਨਾਜ ਪੁੰਨ ਕਰਨ ਦਾ ਫਲ ਮਿਲਦਾ ਹੈ। ਜੇ ਦਿਨ-ਚੜ੍ਹੇ ਉਠਦਾ ਹੈ ਤਾਂ ਉਸ ਨੂੰ ਨਾ ਪੁੰਨ ਹੈ, ਨਾ ਪਾਪ ਹੈ ਕੇਵਲ ਸਰੀਰ ਦੀ ਸਫਾਈ ਵਾਸਤੇ ਉਠਿਆ ਕਰਦਾ ਹੈ।

ਸੋ ਇਸ ਤਰ੍ਹਾਂ ਅੰਮ੍ਰਿਤ ਵੇਲੇ ਉਠੀ, ਖੜਕਾ ਹੋਇਆ, ਅੰਦਾਜ਼ਾ ਲਾਇਆ ਕਿ ਕੌਣ ਹੋ ਸਕਦਾ ਹੈ। ਸਾਰੇ ਟੱਬਰ ਨੂੰ ਤੋਲਿਆ ਕਿ ਸਾਡੇ ਟੱਬਰ ਵਿਚ ਤੜਕੇ ਉਠਣ ਵਾਲਾ ਤਾਂ ਕੋਈ ਹੈ ਨਹੀਂ। ਇਹ ਦਿਨ ਭਰ ਕੰਮ ਕਰਦੇ ਨੇ ਤੇ ਰਾਤ ਨੂੰ ਸੌਂਦੇ ਨੇ। ਹੋਵੇ ਨਾ ਤਾਂ ਜਿਹੜੀ ਨਵੀਂ ਵਿਆਹੀ ਬੀਬੀ ਆਈ ਹੈ, ਬੀਬੀ ਅਮਰੋ, ਕਿਤੇ ਉਹ ਤਾਂ ਨਹੀਂ ਉਠੀ ਹੋਈ। ਪਹਿਲਾਂ ਕਦੇ ਧਿਆਨ ਵਿਚ ਨਹੀਂ ਆਈ ਉਹ ਤਾਂ ਰੋਜ਼ ਉਠਦੀ ਸੀ। ਉਸ ਤੋਂ ਬਾਅਦ ਫੇਰ ਪਾਣੀ ਡੁੱਲ੍ਹਣ ਦੀ ਆਵਾਜ਼ ਆਈ। ਪਤਾ ਲੱਗ ਗਿਆ ਕਿ ਇਸ਼ਨਾਨ ਕੀਤਾ ਹੈ। ਧਿਆਨ ਹੋਰ ਉਪਰ ਕਰ ਲਿਆ ਕਿ ਹੁਣ ਕੀ ਕਰੇਗੀ ਇਹ। ਉਹ ਚੁੱਪ ਹੋ ਗਈ। ਦੋ ਘੰਟੇ ਨਿਰੰਤਰ ਸਿਮਰਨ ਕੀਤਾ। ਸ੍ਵੈ-ਸਰੂਪ ਦੇ ਵਿਚ ਲੀਨ ਹੋ ਕੇ ਬੀਬੀ ਭਜਨ-ਬੰਦਗੀ ਕਰਦੀ ਰਹੀ। ਚਾਰ ਵਜ ਗਏ ਤੇ ਦਿਨ ਚੜ੍ਹਨ ਦੀਆਂ ਨਿਸ਼ਾਨੀਆਂ ਹੋ ਗਈਆਂ ਤੇ ਉਸ ਵੇਲੇ ਆਪ ਦੇ ਮੁੱਖ ਤੋਂ ਕੁਝ ਗੁਣ ਗਣਾਉਣ ਦੀ ਅਵਾਜ਼ ਸੁਣਾਈ ਦੇਣ ਲੱਗੀ। ਆਪ ਉਠ ਕੇ ਬਨੇਰੇ ਕੋਲ ਆ ਗਏ ਕਿ ਅਵਾਜ਼ ਸੁਣੀਏ ਕਿ ਕਾਹਦੀ ਅਵਾਜ਼ ਆਉਂਦੀ ਹੈ ਤੇ ਉਸ ਵੇਲੇ ਜੋ ਕੰਨ ਵਿਚ ਅਵਾਜ਼ ਪਈ ਉਹ ਏਸ ਤਰ੍ਹਾਂ ਸਮਝੀ ਆਪ ਨੇ –

*ਧਾਰਨਾ - ਜਾਵਾਂ ਬਲਿਹਾਰ ਜੀ*
*ਮੈਂ ਆਪਣੇ ਗੁਰਾਂ ਤੋਂ।*

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*

*ਅੰਗ - 462*

ਅਵਾਜ਼ ਸਮਝੀ ਕਿ ਬਲਿਹਾਰ ਜਾ ਰਹੀ ਹੈ ਆਪਣੇ ਗੁਰ ਤੋਂ ਤੇ ਬਲਿਹਾਰ ਵੀ ਸੌ ਵਾਰੀ, ਸੈਂਕੜੇ ਵਾਰੀ, ਕਿਹੜੇ ਗੁਰੂ ਤੋਂ? ਜਿਨ੍ਹਾਂ ਨੇ ਮਨੁੱਖਾਂ ਨੂੰ ਦੇਵਤੇ ਬਣਾ ਦਿਤਾ। ਵਿਚਾਰ ਵਿਚ ਪੈ ਗਏ –

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*

*ਅੰਗ - 463*

*ਧਾਰਨਾ - ਜਿਹੜਾ ਮਾਣਸਾਂ ਤੋਂ ਦੇਵਤੇ ਬਣਾਵੇ,*
*ਜਾਵਾਂ ਬਲਿਹਾਰ ਗੁਰਾਂ ਤੋਂ।*

ਸਮਝਿਆ ਕਿ ਹੈ ਐਸਾ ਗੁਰੂ ਕੋਈ ਸੰਸਾਰ ਦੇ ਅੰਦਰ ਜਿਹੜਾ ਮਨੁੱਖ ਤੋਂ ਦੇਵਤੇ ਬਣਾ ਦੇਵੇ।

ਸਾਧ-ਸੰਗਤ ਜੀ! ਇਹ ਕੋਈ ਬਹੁਤੀ ਵੱਡੀ ਬਾਤ ਨਹੀਂ ਹੈ ਗੁਰੂ ਨਾਨਕ ਪਾਤਸ਼ਾਹ ਨੇ ਤਾਂ ਰਾਖਸ਼ਾਂ ਨੂੰ ਵੀ ਦੇਵਤੇ ਬਣਾ ਦਿਤਾ। ਆਪ ਭਾਈ ਬਾਲਾ ਤੇ ਭਾਈ ਮਰਦਾਨਾ ਸਮੇਤ ਸੱਜਣ ਠੱਗ ਦੇ ਪਾਸ ਚਲੇ ਜਾਂਦੇ ਨੇ। ਸਾਰੀ ਰਾਤ ਉਸਦੀ ਗੁਰੂ ਨਾਨਕ ਨੂੰ ਮਾਰਨ ਦੀਆਂ ਵਿਉਂਤਾਂ ਵਿਚ ਲੰਘ ਗਈ। ਅੰਮ੍ਰਿਤ ਵੇਲਾ ਹੋ ਆਇਆ। ਜਾਗਦਾ ਬੈਠਾ ਹੈ ਕਿ ਜਦੋਂ ਸੌਣਗੇ ਉਸੇ ਵੇਲੇ ਦੱਬ ਲੈਣੇ ਨੇ। ਬਰਛੇ ਤਿਆਰ ਕਰੇ ਹੋਏ ਨੇ, ਛਵੀਆਂ, ਰੱਸੇ ਸਭ ਤਿਆਰ ਕੀਤੇ ਹੋਏ ਨੇ। ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਇਕੋ ਹੀ ਸ਼ਬਦ ਉਚਾਰਨ ਹੋਇਆ –

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥*

*ਅੰਗ - 729*

ਸਾਰਾ ਸ਼ਬਦ ਸੁਣ ਕੇ ਸਮਝਿਆ। ਕਹਿਣ ਲੱਗਿਆ ਓ ਸੱਜਣਾ! ਤੂੰ ਤਾਂ ਸਾਰਿਆਂ ਨੂੰ ਪਾਖੰਡੀ ਸਮਝਦਾ ਹੈਂ, ਸਾਰਿਆਂ ਨੂੰ ਧੋਖੇਬਾਜ਼ ਸਮਝਦਾ ਹੈਂ ਤੇ ਤੇਰੀ ਨਿਗ੍ਹਾ ਵਿਚ ਤਾਂ ਕੋਈ ਵੀ ਸੰਸਾਰ ਦੇ ਅੰਦਰ ਸੱਚਾ ਪੁਰਸ਼ ਨਹੀਂ ਸੀ ਇਸ ਨੇ ਤਾਂ ਮੇਰੀਆਂ ਸਾਰੀਆਂ ਕਰਤੂਤਾਂ ਖੋਲ੍ਹ ਕੇ ਰੱਖ ਦਿਤੀਆਂ। ਸ਼ਬਦ ਦਾ ਬਾਣ ਲੱਗਿਆ, ਰੋ ਪਿਆ ਉਸ ਵੇਲੇ ਚਰਨਾਂ ਤੇ ਢਹਿ ਕੇ। ਮਾਰਨ ਵਾਲੇ ਆ ਗਏ। ਉਹ ਕਹਿੰਦਾ ਹਟ ਜਾਓ ਪਿਛੇ ਅੱਜ ਪੂਰਾ ਮਿਲ ਗਿਆ, ਰੋਈ ਜਾਂਦਾ ਹੈ ਤੇ

ਬਾਰ-ਬਾਰ ਕਹਿੰਦਾ ਹੈ ਫਜ਼ਲ! ਫਜ਼ਲ!! ਫਜ਼ਲ!!!, ਬਖਸ਼ਿਸ਼! ਬਖਸ਼ਿਸ਼!! ਬਖਸ਼ਿਸ਼!!! ਪਾਤਸ਼ਾਹ! ਜੋ ਤੁਸੀਂ ਉਚਾਰਨ ਕਰਦੇ ਹੋ ਉਹ ਮੇਰੇ ਅੰਦਰਲੇ ਦੀ ਤਸਵੀਰ ਹੈ। ਮੈਂ ਬਾਹਰੋਂ ਆਪਣਾ ਭੇਖ ਬਣਾਇਆ ਹੋਇਆ ਹੈ, ਮੁਸਲਮਾਨਾਂ ਵਾਸਤੇ ਮੈਂ ਸ਼ੇਖ ਸੱਜਣ ਹਾਂ, ਹਿੰਦੂਆਂ ਲਈ ਮੈਂ ਸੱਜਣ ਸ਼ਾਹ ਹਾਂ। ਇਕ ਪਾਸੇ ਦੇਹੁਰਾ ਬਣਾਇਆ ਹੋਇਆ ਹੈ ਦੂਜੇ ਪਾਸੇ ਮਸਜਿਦ ਬਣਾਈ ਹੋਈ ਹੈ। ਪਾਤਸ਼ਾਹ! ਇਹ ਤਾਂ ਤੁਸੀਂ ਮੇਰੀ ਤਸਵੀਰ ਖਿੱਚ ਦਿਤੀ। ਬਾਣ ਮਾਰਿਆ ਹਿਰਦਾ ਹਿਲਾ ਕੇ ਰੱਖ ਦਿਤਾ, ਕ੍ਰਿਪਾ ਕਰੋ। ਮੇਰੇ ਨਾਲ ਚੱਲੋ, ਮੈਂ ਦਿਖਾਵਾਂ ਕਿ ਮੈਂ ਕੀ ਹਾਂ? ਧਾਹਾਂ ਮਾਰਦਾ ਹੈ, ਮਿਸਾਲਾਂ ਲੈ ਲਈਆਂ ਭੋਰੇ ਦਾ ਦਰਵਾਜ਼ਾ ਖੋਲ੍ਹ ਲਿਆ।

ਮਰਦਾਨਾ ਕਹਿੰਦਾ, "ਪਾਤਸ਼ਾਹ! ਥੱਲੇ ਲੈ ਜਾਏਗਾ।"

ਮਹਾਰਾਜ ਜੀ ਕਹਿੰਦੇ, "ਉਹ ਰੂਹ ਉਡ ਗਈ ਇਸ ਦੇ ਵਿਚੋਂ ਦੈਂਤ ਦੀ, ਹੁਣ ਇਸ ਦੇ ਵਿਚ ਸੰਤ ਦੀ ਰੂਹ ਪ੍ਰਵੇਸ਼ ਕਰ ਰਹੀ ਹੈ ਮਰਦਾਨਿਆ! ਬੇਫਿਕਰ ਹੋ ਕੇ ਚੱਲ।"

ਅੱਗੇ ਚੱਲ ਕੇ ਦਿਖਾਉਂਦਾ ਹੈ ਕਿ ਪਾਤਸ਼ਾਹ! ਇਹੋ ਜਿਹੇ ਕਈ ਭੋਰੇ ਮੈਂ ਮਾਰ-ਮਾਰ ਕੇ ਬੰਦਿਆਂ ਦੇ ਭਰੇ ਪਏ ਨੇ, ਪਿੰਜਰਾਂ ਦੇ ਨਾਲ। ਆਹ ਮੇਰਾ ਰੂਪ ਹੈ ਜੋ ਆਪ ਨੇ ਉਚਾਰਿਆ ਹੈ।

ਮਹਾਰਾਜ ਬਾਹਰ ਆ ਗਏ ਕਹਿੰਦੇ, "ਸੱਜਣਾ! ਜੇ ਸੱਚਮੁੱਚ ਤੂੰ ਸੱਜਣ ਬਣਨਾ ਹੈ ਤਾਂ ਸੱਜਣ ਬਣ ਜਾਹ ਕਿਉਂਕਿ ਸੱਜਣ ਉਹ ਹੁੰਦੇ ਨੇ ਜਿਹੜੇ ਲੋੜ ਵੇਲੇ ਕੰਮ ਆਉਣ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਭੀੜਾਂ ਪਈਆਂ ਤੇ ਸੱਜਣ ਕੰਮ ਆਉਂਦੇ,*
*ਦਰਗਹ 'ਚ ਨਾਲ ਚਲਦੇ।*

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ਅੰਗ - 729*

ਕਹਿੰਦੇ ਉਹ ਸੱਜਣ ਨੇ। ਸੱਜਣਾ! ਤੇਰਾ ਨਾਂ ਸੁਣ ਕੇ, ਪਿਆਰ ਉਠਦਾ ਹੈ ਹਿਰਦੇ ਦੇ ਅੰਦਰੋਂ ਕਿ ਸੱਜਣ ਮਿਲ ਗਿਆ ਪਰ ਸੱਜਣਾ! ਤੈਨੂੰ ਪਤਾ ਹੈ ਜਿੰਨਾ ਤੇਰਾ ਨਾਂ ਸੋਹਣਾ ਹੈ ਓਨਾਂ ਤੂੰ ਆਪ ਸੋਹਣਾ ਨਹੀਂ (ਭਾਵ ਸੋਹਣੇ ਕੰਮ ਨਹੀਂ ਕਰਦਾ) ਨਾਂ ਤਾਂ ਤੇਰਾ ਬਹੁਤ ਸੋਚ ਕੇ ਕਿਸੇ ਨੇ ਰੱਖਿਆ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੇਰਾ ਨਾਮ ਸੱਜਣ ਹੈ ਸੋਹਣਾ,*
*ਕੰਮ ਕਰੇਂ ਵੈਰੀਆਂ ਦੇ, ਸੱਜਣਾ।*

ਨਾਮ ਤਾਂ ਤੇਰਾ ਸੋਹਣਾ ਹੈ ਪਰ ਕਰਤੂਤ ਤੇਰੀ ਵੈਰੀਆਂ ਵਾਲੀ ਹੈ। ਬੰਦਿਆਂ ਨੂੰ ਘੇਰ-ਘੇਰ ਕੇ, ਧੋਖਾ ਦੇ ਕੇ ਮਾਰਨਾ ਤੇ ਫੇਰ ਰੂਪ ਇਹੋ ਜਿਹਾ ਧਾਰਿਆ ਹੋਇਆ ਹੈ ਕਿ ਦੇਖਣ ਨੂੰ ਸਾਧੂ ਪ੍ਰਤੀਤ ਦਿੰਦਾ ਹੈਂ, ਸਮ-ਦ੍ਰਿਸ਼ਟੀ ਵਾਲਾ ਦਿਸਦਾ ਹੈਂ। ਮਾਲਾ ਵੀ ਪਾਈ ਹੋਈ ਹੈ, ਤਸਬੀ ਹੱਥ ਵਿਚ ਲਈ ਹੋਈ ਹੈ। ਮਸਜਿਦ ਵਿਚ ਜਾ ਕੇ ਤੂੰ ਨਮਾਜ਼ ਪੜ੍ਹਦਾ ਹੈਂ, ਦੇਹੁਰੇ ਵਿਚ ਜਾ ਕੇ ਤੂੰ ਟੱਲੀਆਂ ਖੜ੍ਹਕਾਉਂਦਾ ਹੈਂ, ਉਪਾਸਨਾ ਕਰਦਾ ਹੈਂ।

*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥*
*ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥*
*ਅੰਗ - 729*

ਬਾਣ ਲੱਗਿਆ, ਚਰਨਾਂ ਤੇ ਢਹਿ ਪਿਆ, ਬੇਨਤੀਆਂ ਕਰਦਾ ਹੈ ਕਿ ਪਾਤਸ਼ਾਹ! ਆਪ ਨੇ ਮੇਰੀ ਕਰਤੂਤ ਅੱਖਾਂ ਨਾਲ ਦੇਖੀ ਹੈ। ਬਾਹਰ ਆ ਜਾਂਦੇ ਨੇ ਭੋਰੇ ਤੋਂ।

ਮਹਾਰਾਜ ਜੀ ਕਹਿੰਦੇ, "ਸੱਜਣਾਂ! ਸੱਚਮੁੱਚ ਸੱਜਣ ਬਣਨਾ ਚਾਹੁੰਦਾ ਹੈਂ?"

ਕਹਿਣ ਲੱਗਿਆ, "ਪਾਤਸ਼ਾਹ! ਕੁਝ ਵੀ ਬਣਾ ਦਿਓ।"

ਮਹਾਰਾਜ ਜੀ ਕਹਿੰਦੇ, "ਫੇਰ ਢਾਹ ਦੇ ਆਹ। ਮਹੱਲ-ਮਾੜੀਆਂ, ਪਾਪ ਦੀ ਕਮਾਈ ਨੂੰ ਵੰਡ ਦੇਹ ਉਨ੍ਹਾਂ ਨੂੰ ਜਿੰਨੇ ਤੇਰੇ ਯਾਦ ਨੇ। ਨਹੀਂ ਯਾਦ ਤਾਂ ਗਰੀਬਾਂ ਨੂੰ ਵੰਡ ਦੇ।

ਤਿੰਨ ਦਿਨ ਲੱਗਿਆ ਰਿਹਾ। ਆ ਗਿਆ ਤੇ ਕਹਿਣ ਲੱਗਿਆ ਕਿ ਪਾਤਸ਼ਾਹ! ਢਾਹ ਦਿਤਾ ਸਭ ਕੁਝ, ਵੰਡ ਦਿਤਾ। ਮੇਰੇ ਕੋਲ ਹੁਣ ਕੁਝ ਨਹੀਂ ਹੈ ਪਾਪ ਦੀ ਕਮਾਈ ਦਾ, ਇਕ ਟਕਾ ਵੀ ਨਹੀਂ ਮੈਂ ਰੱਖਿਆ।

ਮਹਾਰਾਜ ਜੀ ਕਹਿੰਦੇ, "ਸੱਜਣਾ! ਫੇਰ ਬਹਿ ਸਾਮ੍ਹਣੇ ਕਹੁ - 'ਵਾਹਿਗੁਰੂ।'

ਵਾਹਿਗੁਰੂ ਕਹਾਉਣ ਦੀ ਦੇਰ ਸੀ ਪੈਰ ਦੇ ਅਗੂੰਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਸਾਰੇ ਸਰੀਰ ਦੇ ਰੋਮ-ਰੋਮ ਵਿਚੋਂ ਵਾਹਿਗੁਰੂ ਦੀ ਧੁਨੀ ਉਠਣੀ ਸ਼ੁਰੂ ਹੋ ਗਈ। ਸੱਜਣ ਬਦਲ ਗਿਆ, ਭਾਈ ਸੱਜਣ ਬਣ ਗਿਆ, ਸੰਤ ਸੱਜਣ ਬਣ ਗਿਆ।

ਮਹਾਰਾਜ ਜੀ ਕਹਿੰਦੇ, "ਸੱਜਣਾ! ਏਹ ਮੰਜੀ ਤੇ ਬਹਿ ਜਾਹ! ਤੇਰੇ ਕੋਲ ਜਗਿਆਸੂ ਆਉਣਗੇ, ਆਹ ਜਿਹੜਾ ਅਨੰਦ ਤੈਨੂੰ ਪ੍ਰਾਪਤ ਹੋਇਆ ਹੈ ਇਸ ਨੂੰ ਵੰਡੀ ਜਾਈਂ ਇਹ ਥੁੜਨਾ ਨਹੀਂ ਹੈ।

ਸੋ ਉਨ੍ਹਾਂ ਨੇ ਤਾਂ ਰਾਖਸ਼ਾਂ ਨੂੰ ਵੀ ਦੇਵਤੇ ਬਣਾ ਦਿਤਾ। ਸੋ ਸੁਣ ਲਿਆ ਕਿ ਮਨੁੱਖਾਂ ਨੂੰ ਦੇਵਤੇ ਬਣਾਉਂਦੇ ਨੇ -

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*
*ਅੰਗ - 462*

ਧਿਆਨ ਆਇਆ ਕਿ ਐਸਾ ਗੁਰੂ? ਸੱਚਮੁਚ ਜੋ ਐਸਾ ਗੁਰੂ ਹੈ ਉਸ ਤੇ ਤਾਂ ਬਲਿਹਾਰ ਸੌ ਵਾਰੀ ਜਾਣਾ ਚਾਹੀਦਾ ਹੈ। ਉਸ ਤੋਂ ਅੱਗੇ ਫੇਰ ਤੁਕ ਲਈ ਬੀਬੀ ਨੇ ਜੋ ਏਸ ਤਰ੍ਹਾਂ ਨਾਲ ਸਮਝ ਆਈ -

*ਧਾਰਨਾ - ਪਿਆਰੇ ਗੁਰ ਬਿਨ ਘੋਰ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***

*ਅੰਗ - 463*

ਇਕੱਲੀ-ਇਕੱਲੀ ਤੁੱਕ ਧਿਆਨ ਨਾਲ ਸੁਣੀ ਕਿ ਗੁਰੂ ਤੋਂ ਬਗੈਰ ਹਨ੍ਹੇਰਾ ਨਹੀਂ ਹਟ ਸਕਦਾ ਭਾਵੇਂ ਲੱਖਾਂ ਸੂਰਜ ਚੜ੍ਹ ਜਾਣ, ਚੰਦਰਮਾ ਚੜ੍ਹ ਜਾਣ ਕਿਉਂਕਿ ਮਨ ਦਾ ਹਨ੍ਹੇਰਾ ਗੁਰੂ ਤੋਂ ਬਗੈਰ ਹੋਰ ਕੋਈ ਦੂਰ ਕਰਨ ਨੂੰ ਸਮਰੱਥ ਨਹੀਂ ਹੈ ਤੇ ਗੁਰੂ ਤੋਂ ਬਗੈਰ ਆਦਮੀ ਇਹੋ ਜਿਹਾ ਹੈ ਜਿਵੇਂ ਛੁੱਟੜ ਤਿਲ ਹੋਇਆ ਕਰਦੇ ਨੇ। ਤਿਲਾਂ ਵਿਚ ਕਾਲਸ ਹੁੰਦੀ ਹੈ। ਹਰੇ ਹੁੰਦੇ ਨੇ, ਵਧਦੇ ਨੇ, ਫੁਲਦੇ ਨੇ, ਪਰ ਡੋਡੀ ਦੇ ਅੰਦਰ ਸੁਆਹ ਹੁੰਦੀ ਹੈ। ਉਨ੍ਹਾਂ ਨੂੰ ਕਿਸਾਨ ਵੱਢਦਾ ਨਹੀਂ ਹੈ ਕਿ ਉਹ ਕਾਲਸ ਮੇਰੇ ਮੂੰਹ ਤੇ ਕੱਪੜਿਆਂ ਤੇ ਪੈ ਜਾਏਗੀ ਉਹ ਛੱਡ ਦਿੰਦਾ ਹੈ। ਬੱਚੇ ਪਸ਼ੂ ਚਾਰਨ ਵਾਲੇ ਸੋਟੀਆਂ ਮਾਰ-ਮਾਰ ਕੇ ਤੋੜ ਦਿੰਦੇ ਨੇ। ਸੋ ਜੋ ਨਿਗੁਰਾ ਪੁਰਸ਼ ਹੈ ਉਸ ਦੀ ਇਹ ਹਾਲਤ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਆਪ ਬਾਣੀ ਸੁਣਦੇ ਰਹੇ ਤੇ ਬੀਬੀ ਪੜ੍ਹਦੀ ਚਲੀ ਗਈ। ਉਸ ਤੋਂ ਬਾਅਦ ਜਦੋਂ ਬੀਬੀ ਨੇ ਤੇਰ੍ਹਵਾਂ ਸਲੋਕ ਪੜ੍ਹਿਆ ਤਾਂ ਆਪ ਨੇ ਫੇਰ ਧਿਆਨ ਨਾਲ ਵਾਕ ਸੁਣਿਆ –

*ਧਾਰਨਾ - ਗੁਰ ਬਿਨ ਗਿਆਨ ਨਾ ਹੋਵੇ,*
*ਪਿਆਰੇ ਗੁਰ ਬਿਨ ਗਿਆਨ ਨ ਹੋਵੇ।*

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥***
***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥***

*ਅੰਗ - 463*

ਵਿਸ਼ਵਾਸ਼ ਆ ਗਿਆ, ਹੌਲੀ-ਹੌਲੀ ਦਿਨ ਚੜ੍ਹ ਗਿਆ, ਰੌਲਾ-ਰੱਪਾ ਬਾਹਰ ਪੈਣ ਲਗ ਪਿਆ ਤੇ ਆਪਣੇ ਕੋਠੇ ਤੋਂ ਉਤਰ ਕੇ, ਓਟੇ ਦੇ ਓਹਲੇ ਹੋ ਕੇ ਬਾਕੀ ਦੀ ਬਾਣੀ ਸਰਵਣ ਕਰੀ। ਵਿਚੋਂ-ਵਿਚੋਂ ਸ਼ਬਦ ਲਾ ਲੈਂਦੇ ਸਨ ਤੇ ਇਕ ਸ਼ਬਦ ਵਿਚ ਏਸ ਤਰ੍ਹਾਂ ਨਾਲ ਸੁਣਿਆ –

*ਧਾਰਨਾ - ਗੁਰ ਬਿਨ ਡੁਬਦੀ ਜਾਵੇ ਦੁਨੀਆਂ,*
*ਗੋਤੇ ਵਿਚ ਚੌਰਾਸੀ ਖਾਵੇ।*

***ਨਾਨਕ ਮਨਮੁਖਿ ਅੰਧੁ ਪਿਆਰੁ॥***
***ਬਾਝੁ ਗੁਰੂ ਡੁਬਾ ਸੰਸਾਰੁ॥*** *ਅੰਗ - 138*

ਬਹੁਤ ਧਿਆਨ ਦੇ ਨਾਲ ਸੁਣਿਆ। ਆਸਾ ਜੀ ਦੀ ਵਾਰ ਦਾ ਭੋਗ ਪਿਆ। ਬੀਬੀ ਨੇ ਦੇਖਿਆ ਤਾਂ ਵੱਡੇ ਪਿਤਾ ਜੀ ਨੇ ਕਿਉਂਕਿ ਵੱਡੇ ਭ੍ਰਾਤਾ ਸੀ ਆਪ। ਆਪਦੇ ਚਿਹਰੇ-ਮੋਹਰੇ ਵਲ ਦੇਖਿਆ ਕਿ ਬਹੁਤ ਵੈਰਾਗੀ ਨੇ।

ਕਹਿਣ ਲੱਗੀ, "ਪਿਤਾ ਜੀ! ਹੁਕਮ ਕਰੋ ਕੀ ਕੰਮ ਹੈ?"

ਕਹਿੰਦੇ, "ਬੇਟਾ! ਬਹੁਤ ਦਿਨਾਂ ਦਾ ਮੈਂ ਪਰੇਸ਼ਾਨ ਸੀ ਤੇ ਅੱਜ ਮੈਨੂੰ ਰੋਸ਼ਨੀ ਦੀ ਇਕ ਕਿਰਨ ਨਜ਼ਰ ਆਈ ਹੈ।"

ਪਹਿਲਾਂ ਮੈਨੂੰ ਇਹ ਦੱਸ ਕਿ ਇਹ ਕਿਸਦੀ ਬਾਣੀ ਹੈ ਜਿਹੜੀ ਤੂੰ ਹੁਣ ਪੜ੍ਹੀ ਹੈ?

ਕਹਿੰਦੀ, "ਪਿਤਾ ਜੀ! ਇਹ ਸਤਿਗੁਰੂ ਨਾਨਕ ਸਾਹਿਬ ਦੀ ਬਾਣੀ ਹੈ ਤੇ ਨਾਲ ਮੇਰੇ ਪਿਤਾ ਜੀ ਦੀ ਵੀ ਕਿਤੇ-ਕਿਤੇ ਬਾਣੀ ਆਉਂਦੀ ਹੈ।"

ਕਹਿੰਦੇ, "ਬੀਬਾ! ਗੁਰੂ ਨਾਨਕ ਸਾਹਿਬ ਕਿੱਥੇ ਰਹਿੰਦੇ ਨੇ? ਮੈਨੂੰ ਦੱਸ ਜਲਦੀ। ਮੈਂ ਬਹੁਤ ਪਿਆਸਾ ਹਾਂ, ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਬਹੁਤ ਲੋਚਾ ਹੈ।"

ਕਹਿਣ ਲੱਗੀ, "ਬੀਬਾ! ਗੁਰੂ ਨਾਨਕ ਸਾਹਿਬ ਕਿਥੇ ਰਹਿੰਦੇ ਨੇ? ਮੈਨੂੰ ਦੱਸ ਜਲਦੀ। ਮੈਂ ਬਹੁਤ ਪਿਆਸਾ ਹਾਂ, ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਬਹੁਤ ਲੋਚਾ ਹੈ।"

ਕਹਿਣ ਲੱਗੀ, "ਪਿਤਾ ਜੀ! ਗੁਰੂ ਨਾਨਕ ਪਾਤਸ਼ਾਹ ਤਾਂ ਏਸ ਵੇਲੇ ਸੰਸਾਰ ਤੋਂ ਚਲੇ ਗਏ ਨੇ ਸਰੀਰਕ ਰੂਪ ਤੋਂ।"

ਕਹਿਣ ਲੱਗੇ, "ਫੇਰ ਮੇਰੇ ਤਾਂ ਭਾਗ ਮਾੜੇ ਹੋਏ। ਕਿਸੇ ਨੂੰ ਥਾਪ ਕੇ ਵੀ ਗਏ ਨੇ ਆਪਣੀ ਥਾਂ?"

ਕਹਿੰਦੀ, "ਥਾਪ ਕੇ ਹੀ ਨਹੀਂ ਗਏ ਸਗੋਂ ਆਪ ਗੁਰੂ ਨਾਨਕ ਸਾਹਿਬ ਮੇਰੇ ਪਿਤਾ ਜੀ ਦੇ ਸਰੀਰ ਵਿਚ ਬਿਰਾਜਮਾਨ ਹੋ ਗਏ, ਦੂਸਰਾ ਰੂਪ ਬਣਾ ਲਿਆ।"

ਕਹਿਣ ਲੱਗੇ, "ਹੈਂ! ਤੇਰੇ ਪਿਤਾ ਜੀ! ਬੇਟਾ ਮੈਨੂੰ ਛੇਤੀ ਲੈ ਚੱਲ। ਹੁਣ ਮੈਨੂੰ ਵਿਸ਼ਵਾਸ਼ ਨਹੀਂ ਹੈ ਕਿ ਸ਼ਾਇਦ ਮੇਰਾ ਜਾਂਦੇ-ਜਾਂਦੇ ਦਾ ਹੀ ਅੰਤਲਾ ਸਾਹ ਆ ਜਾਵੇ ਉਸ ਤੋਂ ਪਹਿਲਾਂ ਮੈਂ ਦਰਸ਼ਨ ਕਰ ਲਵਾਂ।"

ਕਹਿਣ ਲੱਗੀ, "ਪਿਤਾ ਜੀ! ਮੈਂ ਜਿੱਥੇ ਆਪਣੇ ਪਿਤਾ ਜੀ ਨੂੰ ਪਿਤਾ ਮੰਨਦੀ ਹਾਂ ਉਥੇ ਨਾਲ ਮੈਂ ਪ੍ਰਮੇਸ਼ਰ ਸਰੂਪ ਵੀ ਮੰਨਦੀ ਹਾਂ। ਉਨ੍ਹਾਂ ਦਾ ਹੁਕਮ ਹੈ ਕਿ ਬੇਟਾ! ਦੁੱਖ ਹੋਵੇ ਸੁਖ ਹੋਵੇ ਤੂੰ ਆਪਣੇ ਸਹੁਰੇ ਘਰ ਆਪਣੇ ਮਾਤਾ-ਪਿਤਾ ਦੀ ਆਗਿਆ ਵਿਚ ਹੋ ਕੇ ਚਲਣਾ ਹੈ। ਬਿਨਾਂ ਬੁਲਾਏ ਨਹੀਂ ਤੂੰ ਇਥੇ ਆਉਣਾ। ਸੋ ਮੈਂ ਉਨ੍ਹਾਂ ਦਾ ਹੁਕਮ ਨਹੀਂ ਬਦਲਾ ਸਕਦੀ। ਇਸ ਕਰਕੇ ਮੈਨੂੰ ਮਾਫ ਕਰੋ ਮੈਂ ਜਾ ਨਹੀਂ ਸਕਦੀ।" ਏਨੇ ਨੂੰ ਉਨ੍ਹਾਂ ਦੀ ਸੱਸ-ਮਾਤਾ ਨਿਕਲ ਆਈ।

ਕਹਿਣ ਲੱਗੀ, "ਬੀਬਾ! ਇਹ ਦੋ ਤਿੰਨ ਦਿਨਾਂ ਦੇ ਪਰੇਸ਼ਾਨ ਨੇ। ਪਤਾ ਨਹੀਂ ਕੀ ਗੱਲ ਹੈ? ਤੂੰ ਦਰਸ਼ਨ ਕਰਾ ਦੇ।

ਬਾਬਾ ਜੀ ਕਹਿਣ ਲੱਗੇ, "ਬੇਟਾ! ਤੂੰ ਵੀ ਮੇਰੀ ਪੁੱਤਰ ਹੈ। ਮੈਂ ਜਾ ਕੇ ਮਾਫੀ ਮੰਗ ਲਵਾਂਗਾ ਛੇਤੀ ਕਰ।"

ਸੋ ਏਸ ਤਰ੍ਹਾਂ ਦੇ ਬਚਨ ਸੁਣ ਕੇ ਆਪ ਨੇ ਤਿਆਰੀ ਕੀਤੀ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੇ ਦਰਸ਼ਨਾਂ

ਨੂੰ ਖਡੂਰ ਸਾਹਿਬ ਵਲ ਚਲ ਪੈਂਦੇ ਨੇ। ਸਨੇ-ਸਨੇ ਰਸਤਾ ਮੁਕਦਾ ਗਿਆ ਤੇ ਜਦੋਂ ਖਡੂਰ ਸਾਹਿਬ ਆਇਆ ਤਾਂ ਉਸ ਵੇਲੇ ਬੀਬੀ ਅਮਰੋ ਕਹਿਣ ਲੱਗੀ, "ਪਿਤਾ ਜੀ! ਤੁਸੀਂ ਇਥੇ ਬੈਠ ਜਾਇਓ।" ਮੈਂ ਪਿਤਾ ਜੀ ਕੋਲ ਜਾਵਾਂਗੀ, ਉਨ੍ਹਾਂ ਨੂੰ ਬੇਨਤੀ ਕਰਾਂਗੀ ਤੇ ਜੇ ਉਨ੍ਹਾਂ ਦੀ ਖੁਸ਼ੀ ਹੋਈ ਤਾਂ ਤੁਹਾਨੂੰ ਬੁਲਾ ਲੈਣਗੇ।"

ਸੋ ਬਿਨਾਂ ਦੱਸੇ, ਉਨ੍ਹਾਂ ਦੇ ਮਨ ਵਿਚ ਵੀ ਇਹੀ ਗੱਲ ਸੀ ਕਿ ਜੇ ਮੈਨੂੰ ਆਪ ਬੁਲਾਉਣ ਤਾਂ ਫੇਰ ਮੈਂ ਜਾਣਾ। ਬੀਬੀ ਚਲੀ ਗਈ ਤੇ ਜਾ ਕੇ ਪਿਤਾ ਜੀ ਨੂੰ ਨਮਸਕਾਰ ਕੀਤੀ, ਅਸੀਸ ਲਈ।

ਹੁਕਮ ਹੋਇਆ ਕਿ ਬੇਟਾ! ਤੈਨੂੰ ਤਾਂ ਕਿਹਾ ਸੀ ਕਿ ਬਿਨਾਂ ਬੁਲਾਏ ਤੂੰ ਆਉਣਾ ਨਹੀਂ। ਕੋਈ ਖਾਸ ਕੰਮ ਹੋ ਗਿਆ। ਫੇਰ ਬੀਬਾ! ਜਿਨ੍ਹਾਂ ਨੂੰ ਨਾਲ ਲੈ ਕੇ ਆਈਦਾ ਹੈ ਉਨ੍ਹਾਂ ਨੂੰ ਬਾਹਰ ਛੱਡ ਕੇ ਨਹੀਂ ਆਈਦਾ। ਜਾਹ! ਜਾ ਕੇ ਬੁਲਾ ਕੇ ਲਿਆ। ਖੁਸ਼ੀ ਆ ਗਈ ਮਨ ਦੇ ਅੰਦਰ ਕਿ ਪਿਤਾ ਜੀ ਨੇ ਆਪ ਬੁਲਾ ਲਿਆ। ਬਾਬਾ ਅਮਰਦਾਸ ਜੀ ਕੋਲ ਆ ਕੇ ਬੀਬੀ ਨੇ ਸਾਰੀ ਗੱਲ ਦੱਸੀ ਕਿ ਉਨ੍ਹਾਂ ਨੇ ਆਪ ਹੀ ਕਹਿ ਦਿਤਾ। ਉਹ ਤਾਂ ਸਭ ਕੁਝ ਜਾਣੀ ਜਾਣ ਨੇ। ਜਦੋਂ ਦਰਸ਼ਨ ਕਰਨ ਵਾਸਤੇ ਬਾਬਾ ਅਮਰਦਾਸ ਜੀ ਪਹੁੰਚਦੇ ਨੇ ਤਾਂ ਉਨ੍ਹਾਂ ਨੇ ਕੁੜਮਾਚਾਰੀ ਜਾਣ ਕੇ ਆਪਣੀ ਚਾਦਰ ਵਿਚੋਂ ਜੋ ਬੁੱਕਲ ਮਾਰੀ ਹੋਈ ਸੀ, ਦੋਹੇਂ ਹੱਥ ਬਾਹਰ ਕੀਤੇ ਏਸ ਆਸ਼ੇ ਨਾਲ ਕਿ ਗੱਲਵਕੜੀ ਪਾ ਕੇ ਮਿਲਿਆ ਜਾਵੇ। ਇਨ੍ਹਾਂ ਨੇ ਵੀ ਦੇਖ ਲਿਆ ਕਿ ਰਿਸ਼ਤੇਦਾਰੀ ਨਾਲ ਮਿਲਣਾ ਚਾਹੁੰਦੇ ਨੇ। ਉਨ੍ਹਾਂ ਤੋਂ ਪਹਿਲਾਂ ਆਪ ਨੇ ਚਰਨਾਂ ਤੇ ਸੀਸ ਰੱਖ ਕੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਉਠਾਇਆ।

ਕਹਿਣ ਲੱਗੇ, "ਕਿਸ ਤਰ੍ਹਾਂ ਆਏ? ਤੁਸੀਂ ਐਨਾ ਵੈਰਾਗ ਕਿਉਂ ਕਰਦੇ ਹੋ?" ਉਸ ਵੇਲੇ ਆਪ ਨੇ ਬਹੁਤ ਹੀ ਹਿਰਦੇ ਵਿਚੋਂ ਏਸ ਤਰ੍ਹਾਂ ਦੀ ਪ੍ਰਾਰਥਨਾ ਕੀਤੀ -

*ਭਾਵਅਰਥ - ਇਹੋ ਮੇਰੀ ਓ, ਬੇਨਤੀ ਗੁਰਾ*
*ਮੈਨੂੰ ਮਿਲ ਜਾਵੇ ਨਾਮ ਅਧਾਰਾ।*

*ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥*
*ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥*

*ਅੰਗ - 746*

ਕਹਿਣ ਲੱਗੇ, "ਪਾਤਸ਼ਾਹ! ਮੈਂ ਕੁੜਮ ਬਣ ਕੇ ਨਹੀਂ ਆਇਆ, ਮੈਂ ਤਾਂ ਦਾਸ ਬਣ ਕੇ ਆਇਆ ਹਾਂ। ਆਪਣਾ ਆਪ ਵੇਚਣ ਵਾਸਤੇ ਆਇਆ ਹਾਂ। ਕ੍ਰਿਪਾ ਕਰੋ ਮੈਨੂੰ ਨਾਮ ਦੀ ਦਾਤ ਬਖਸ਼ੋ। ਮੈਂ ਨਿਗੁਰਾ ਤੁਰਿਆ ਫਿਰਦਾ ਹਾਂ, ਬਹੱਤਰ ਸਾਲ ਦੀ ਉਮਰ ਹੋ ਗਈ, ਆਪ ਕ੍ਰਿਪਾ ਕਰੋ।"

ਬੇਨਤੀ ਸੁਣੀ ਪਰ ਨਾਮ ਕੋਈ ਐਨੀ ਸਸਤੀ ਚੀਜ਼ ਨਹੀਂ ਸਾਧਸੰਗਤ ਜੀ! ਬੇਨਤੀਆਂ ਕਰਦੇ ਹਾਂ ਅਸੀਂ ਕਿ ਅੰਮ੍ਰਿਤ ਛਕ ਕੇ ਗੁਰੂ ਧਾਰਨ ਕਰ ਲਓ ਪਰ ਆਏਂ ਵੀ ਨਹੀਂ ਕਹਿੰਦੇ ਕਿ ਜ਼ਰੂਰ ਕਰ ਲਓ ਭਾਈ! ਅੰਮ੍ਰਿਤ ਸਿਰਫ ਉਹ ਛਕਿਓ ਜਿਨ੍ਹਾਂ ਦੇ ਮਨ ਦੇ ਅੰਦਰ ਨਾਮ ਜਪਣ ਦੀ ਖਾਹਿਸ਼ ਹੈ, ਬੰਦਗੀ ਕਰਨ ਦੀ ਖਾਹਿਸ਼ ਹੈ ਕਿਉਂਕਿ ਕਦਰਦਾਨ ਜਿੰਨੀ ਦੇਰ ਤੱਕ ਨਹੀਂ ਹੁੰਦਾ ਓਨਾ ਚਿਰ ਕੀਮਤੀ ਚੀਜ਼ ਉਸ ਦੇ ਹਵਾਲੇ ਨਹੀਂ ਕੀਤੀ ਜਾ ਸਕਦੀ। ਇਹ ਕੋਈ ਰਸਮ ਨਹੀਂ ਹੈ ਅੰਮ੍ਰਿਤ ਛਕਾਉਣਾ। ਇਹ ਗੁਰੂ ਧਾਰਨ ਕਰਵਾਉਣਾ ਹੈ ਤੇ ਉਸ ਤੋਂ ਬਾਅਦ ਪੰਜ ਪਿਆਰਿਆਂ ਨੇ ਨਾਮ ਦੇਣਾ ਹੈ। ਉਸ ਨਾਮ ਨੇ ਜੜ੍ਹ ਫੜਨੀ ਹੈ ਹਿਰਦੇ ਦੇ ਅੰਦਰ ਫੇਰ ਉਸ ਦੇ ਵਿਚੋਂ ਨਾਮ ਦਾ ਬੂਟਾ, ਦਰਖਤ ਪੈਦਾ ਹੋਣਾ ਹੈ ਜਿਸ ਦੇ ਵਿਚ ਸਾਰੀਆਂ ਬਰਕਤਾਂ ਆਉਣੀਆਂ ਹਨ। ਜਿਸ ਨੇ ਜਨਮ-ਮਰਨ ਨੂੰ ਕੱਟਣਾ ਹੈ। ਸੋ ਐਨੀ ਸਸਤੀ ਚੀਜ਼ ਤਾਂ ਦਿਤੀ ਨਹੀਂ ਜਾ ਸਕਦੀ ਐਨੀ ਕੀਮਤੀ ਚੀਜ਼। ਮਹਾਰਾਜ ਜੀ ਦਾ ਏਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗਠੜੀ ਨ ਖੋਲ੍ਹੀਂ ਨਾਮ ਦੀ।*

*ਰਾਮ ਪਦਾਰਥ ਪਾਇ ਕੈ ਕਬੀਰਾ ਗਾਂਠਿ ਨ ਖੋਲ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥*

*ਅੰਗ - 1365*

ਸੰਸਾਰ ਤਾਂ ਆਪਣੀਆਂ ਗਰਜਾਂ ਵਾਸਤੇ ਤੁਰਿਆ ਫਿਰਦਾ ਹੈ, ਨਾਮ ਵਾਸਤੇ ਤਾਂ ਕੋਈ ਵਿਰਲਾ-ਵਿਰਲਾ ਹੈ। ਨਾਮ ਦੀ ਕੀਮਤ ਦੇਣੀ, ਨਾਮ ਦੇ ਵਾਸਤੇ ਸੌਦਾਗਰ ਬਣਨਾ। ਕਿੰਨੇ ਗੁਣ ਚਾਹੀਦੇ ਨੇ ਸਾਧ ਸੰਗਤ ਜੀ! ਇਸ ਵਾਸਤੇ ਹੁਣ ਸਮਾਂ ਨਹੀਂ ਹੈ ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਕੱਲ੍ਹ ਨੂੰ ਇਸ ਤੋਂ ਅੱਗੇ ਕਿ ਉਹ ਕਿਹੜੇ ਗੁਣ ਨੇ ਜਿਹੜੇ ਸਾਨੂੰ ਗੁਰੂ ਧਾਰਨ ਵਾਸਤੇ ਜ਼ਰੂਰੀ ਹੁੰਦੇ ਹਨ। ਕੀ ਵਜ੍ਹਾ ਹੈ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰ ਲੈਂਦੇ ਹਾਂ ਫੇਰ ਇਥੇ ਗੁਰੂ ਦੇ ਸਾਮ੍ਹਣੇ ਹੀ ਕਿਉਂ ਲੜਦੇ ਹਾਂ? ਕ੍ਰਿਪਾਨਾਂ ਵੀ ਪਾਈਆਂ ਹੋਈਆਂ ਨੇ, ਨਾਮ ਵੀ ਲਿਆ ਹੋਇਆ ਹੈ, ਬਾਣੀ ਵੀ ਪੜ੍ਹਦੇ ਹਾਂ, ਅੰਮ੍ਰਿਤ ਵੇਲੇ ਵੀ ਉਠਦੇ ਹਾਂ ਫੇਰ ਸਾਡੇ ਤੇ ਅਸਰ ਕਿਉਂ ਨਹੀਂ ਹੁੰਦਾ? ਸਾਡੀ ਬਿਰਤੀ ਉਸੇ ਤਰ੍ਹਾਂ ਅਸ਼ਾਂਤ ਕਿਉਂ ਰਹਿੰਦੀ ਹੈ? ਉਹ ਕੇਵਲ ਏਸ ਕਰਕੇ ਕਿ ਸਾਡੇ ਅੰਦਰ ਗੁਣ ਨਹੀਂ ਹਨ।

*ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਅੰਗ - 4*

ਉਹ ਕਿਹੜੇ ਗੁਣ ਨੇ? ਅਗਲੇ ਦੀਵਾਨ ਵਿਚ ਏਸ ਦਾ ਮਹਾਰਾਜ ਜੀ ਨੇ ਚਾਹਿਆ ਤਾਂ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ 'ਅਨੰਦ ਸਾਹਿਬ' ਵਿਚ ਬੋਲੋ, ਜਿਹੜੇ ਅਜੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

**ਅਨੰਦ ਸਾਹਿਬ**

**ਗੁਰਸਤੋਤਰ**

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-35)*

ਬਹੁਤ ਸਾਰੇ ਲੋਕਾਂ ਦੀ ਸਿਮ੍ਰਿਤੀ ਬਹੁਤ ਹੀ ਘੱਟ ਹੁੰਦੀ ਹੈ, ਇਸ ਦਾ ਕਾਰਣ ਕੇਵਲ ਇਹ ਹੀ ਹੈ ਕਿ ਉਹ ਯਾਦਾਸ਼ਤ ਨੂੰ ਚੰਗੀ ਤਰ੍ਹਾਂ ਸਮਝੇ ਹੀ ਨਹੀਂ, ਉਸ ਦੀ ਕਿਰਿਆ ਨੂੰ ਹੀ ਨਹੀਂ ਸਮਝੇ। ਉਨ੍ਹਾਂ ਨੇ ਕੰਮ ਵਲ ਧਿਆਨ ਦੇਣਾ ਹੀ ਨਹੀਂ ਸਿਖਿਆ। ਜੇ ਤੁਸੀਂ ਚੰਗੀ ਤਰ੍ਹਾਂ ਧਿਆਨ ਲਗਾ ਕੇ ਕੋਈ ਕੰਮ ਕਰਦੇ ਹੋ, ਤੁਸੀਂ ਕਦੀ ਨਹੀਂ ਭੁੱਲੋਗੇ।

ਤੁਹਾਡੇ ਅੰਦਰ ਬਹੁਤ ਸ਼ਕਤੀ ਹੈ, ਤੁਹਾਡਾ ਮਨ ਬਹੁਤ ਹੀ ਸਕਤੀਸ਼ਾਲ ਹੈ, ਇਸ ਤੋਂ ਵੱਡਾ ਕੁਝ ਨਹੀਂ। ਜੇ ਹੈ ਤਾਂ ਕੇਵਲ ਚੇਤਨ ਬਿੰਦੂ ਹੈ, ਆਤਮਾ ਹੈ, ਮਨ ਆਤਮਾ ਤੋਂ ਦੂਸਰੇ ਨੰਬਰ ਹੈ ਤੇ ਮਨ ਦੀਆਂ ਸ਼ਕਤੀਆਂ ਹਨ। ਇਸ ਦੇ ਕੰਮ ਕਾਜ ਕਾਰਣ ਤੇ ਅਭਿਵਿੰਜਨ ਕਾਰਣ ਮਨ ਆਤਮਾ ਤੋਂ ਸ਼ਕਤੀ ਲੈ ਲੈਂਦਾ ਹੈ ਤੇ ਚੇਤਨ ਬਿੰਦੂ ਤੋਂ ਸ਼ਕਤੀ ਲੈ ਲੈਂਦਾ ਹੈ।

ਮਨ ਇਕ ਭੋਰੇ ਦੀ ਤਰ੍ਹਾਂ ਹੈ, ਇਕ ਤਹਿਖਾਨੇ ਦੀ ਤਰ੍ਹਾਂ ਹੈ। ਤੁਸੀਂ ਚੀਜ਼ਾਂ ਲਿਆਉਂਦੇ ਹੋ, ਤਹਿਖਾਨੇ ਵਿਚ ਰੱਖ ਦਿੰਦੇ ਹੋ, ਉਹ ਇਕ ਪ੍ਰਕਾਰ ਦਾ ਗੁਦਾਮ ਹੈ, ਸਟੋਰ ਹੈ ਜਿਥੇ ਸਾਰਾ ਫਾਲਤੂ ਸਮਾਨ ਪਿਆ ਰਹਿੰਦਾ ਹੈ। ਫੇਰ ਜਦੋਂ ਕਦੀ ਤੁਹਾਨੂੰ ਕਿਸੇ ਚੀਜ਼ ਦੀ ਲੋੜ ਪੈਂਦੀ ਹੈ ਤੁਹਾਨੂੰ ਯਾਦ ਆਉਂਦਾ ਹੈ ਉਹ ਤਾਂ ਤਹਿਖਾਨੇ ਵਿਚ ਪਈ ਹੈ, ਮਨ ਦੇ ਬਹੁਤ ਸਾਰੇ ਸਰੋਤ ਵੀ ਜਮ੍ਹਾ ਰਹਿੰਦੇ ਹਨ।

ਇਕ ਪ੍ਰਕਾਰ ਦਾ ਅਭਿਆਸ ਕਰਨ ਨਾਲ ਸਿਮ੍ਰਿਤੀ ਦਾ ਵਿਕਾਸ ਹੋ ਜਾਂਦਾ ਹੈ। ਇਸ ਵਿਚ ਨੰਬਰ ਦਿਤੇ ਗਏ ਹਨ। ਇਹ ਤੁਹਾਡੀ ਯਾਦਾਸ਼ਤ ਦਾ ਵਿਕਾਸ ਤਾਂ ਕਰੇਗੀ ਹੀ ਪਰ। ਲੋਕੀ ਇਹ ਅਭਿਆਸ ਕਰਦੇ ਹੀ ਨਹੀਂ। ਜੇ ਕਰਦੇ ਵੀ ਹਨ ਤਾਂ ਅੱਧ ਵਿਚਾਲੇ ਹੀ ਛੱਡ ਦਿੰਦੇ ਹਨ। ਇਸ ਦਾ ਪ੍ਰਭਾਵ ਦੇਖਣ ਤਕ ਇੰਤਜ਼ਾਰ ਹੀ ਨਹੀਂ ਕਰਦੇ, ਇਹ ਅਭਿਆਸ ਬਹੁਤ ਹੀ ਕ੍ਰਮਬੱਧ ਹੈ ਤੇ ਬਹੁਤ ਹੀ ਸ਼ਕਤੀਸ਼ਾਲ ਹੈ।

ਇਸ ਅਭਿਆਸ ਨੂੰ ਸ਼ੁਰੂ ਕਰਨ ਲਈ ਤੁਸੀਂ ਆਰਾਮ ਨਾਲ ਠੀਕ ਹੋ ਕੇ ਬੈਠ ਜਾਓ। ਤੁਹਾਡੇ ਬੈਠਣ ਦਾ ਤਰੀਕਾ ਆਰਾਮ ਦੇਹ ਤੇ ਸਥਿਰ ਹੋਣਾ ਚਾਹੀਦਾ ਹੈ। ਸਥਿਰ ਬੈਠਣ ਤੋਂ ਭਾਵ ਹੈ ਕਿ ਤੁਹਾਡਾ ਸਿਰ, ਗਰਦਨ ਤੇ ਪਿੱਠ ਇਕ ਹੀ ਲਾਈਨ ਵਿਚ ਇਕ ਹੀ ਸੇਧ ਵਿਚ ਹੋਣੀ ਚਾਹੀਦੀ ਹੈ। ਕੁਝ ਬੈਠਣ ਦੇ ਤਰੀਕੇ ਆਰਾਮਦੇਹ ਭਾਵੇਂ ਹੋਣ, ਪਰ ਉਹ ਆਰਾਮ ਥੋੜ੍ਹੀ ਦੇਰ ਦਾ ਹੀ ਹੁੰਦਾ ਹੈ, ਬਾਅਦ ਵਿਚ ਉਸ ਨਾਲ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਉਸ ਤੇ ਬੈਠਣਾ ਔਖਾ ਹੋ ਜਾਂਦਾ ਹੈ। ਪੱਛਮੀ ਲੋਕਾਂ ਲਈ ਧਰਤੀ ਤੇ ਬੈਠਣਾ ਔਖਾ ਹੈ ਕਿਉਂਕਿ ਉਨ੍ਹਾਂ ਨੂੰ ਸਿਖਾਇਆ ਹੀ ਨਹੀਂ ਗਿਆ। ਜੇ ਤੁਸੀਂ ਭੁੰਝੇ ਨਹੀਂ ਬੈਠ ਸਕਦੇ, ਆਪਣੇ ਆਪ ਨੂੰ ਔਖਾ ਨਾ ਕਰੋ, ਕੋਈ ਨਾੜ ਚੜ੍ਹ ਜਾਏਗੀ ਕੋਈ ਪੱਠਾ ਖਿਚਿਆ ਜਾਏਗਾ। ਤੁਸੀਂ ਸਿੱਧੀ ਢੋਅ ਵਾਲੀ ਕੁਰਸੀ ਤੇ ਵੀ ਸਿੱਧੇ ਬੈਠ ਸਕਦੇ ਹੋ ਆਪਣਾ ਸਿਰ, ਗਰਦਨ ਤੇ ਪਿੱਠ ਸਿਧੀ ਰੱਖ ਸਕਦੇ ਹੋ। ਇਸ ਤਰ੍ਹਾਂ ਬੈਠਣ ਨੂੰ Friendship pose ਭਾਵ ਮਿਤਰ ਢੰਗ ਕਹਿੰਦੇ ਹਨ ਇਸ ਦਾ ਵਰਨਣ ਬੋਧੀ ਪੁਸਤਕਾਂ ਵਿਚ ਕੀਤਾ ਗਿਆ ਹੈ ਜੋ ਮੈਡੀਟੇਸ਼ਨ ਬਾਰੇ ਦਸਦੀਆਂ ਹਨ।

ਚੁੱਪ ਕਰਕੇ ਬੈਠ ਜਾਓ, ਸਰੀਰ ਨੂੰ ਸਾਂਤ ਹੋਣ ਦਿਓ, ਲੰਮੇ ਸਾਹ ਲਵੋ। ਲੰਮੇ ਤੇ ਡੂੰਘੇ ਸਾਹ ਲੈਣਾ ਮਾਨਸਿਕ ਬੋਝ ਨੂੰ ਖਤਮ ਕਰਨ ਦਾ ਇਕੋ ਇਕ ਉਤਮ ਤਰੀਕਾ ਹੈ। ਇਸ ਤੁਹਾਡੀ ਥਕਾਵਟ ਵੀ ਦੂਰ ਹੋ ਜਾਂਦੀ ਹੈ। ਡੂੰਘੇ ਸਾਹ ਲੈਣ ਤੋਂ ਭਾਵ ਹੈ ਜਦੋਂ ਤੁਸੀਂ ਸਾਹ ਬਾਹਰ ਕੱਢਦੇ ਹੋ ਤਾਂ ਪੇਟ ਬਿਲਕੁਲ ਅੰਦਰ ਹੋਣਾ ਚਾਹੀਦਾ ਹੈ ਤੇ ਡਾਇਫਰਾਮ (ਪੇਟ ਤੇ ਛਾਤੀ ਦੇ ਵਿਚ ਦੀ ਥਾਂ) ਉਪਰ ਹੋਣਾ ਚਾਹੀਦਾ ਹੈ ਤੇ ਅੰਦਰ ਦੀ ਹਵਾ ਇਸ ਤਰ੍ਹਾਂ ਬਾਹਰ ਨਿਕਲਣੀ ਚਾਹੀਦੀ ਹੈ। ਜਦੋਂ ਤੁਸੀਂ ਸਾਹ ਅੰਦਰ ਲੈਂਦੇ ਹੋ ਤਾਂ ਪੇਟ ਦੇ ਪੱਠੇ ਉਪਰ ਉਠਣੇ ਚਾਹੀਦੇ ਹਨ ਤੇ ਡਾਇਫਰਾਮ ਥੱਲੇ ਆਉਣਾ ਚਾਹੀਦਾ ਹੈ ਜਿਸ ਨਾਲ ਫੇਫੜਿਆਂ ਨੂੰ ਹਵਾ ਭਰਨ ਲਈ ਵਧੇਰੀ ਜਗ੍ਹਾ ਮਿਲ ਜਾਏ। ਇਸ ਸਾਰੇ ਅਭਿਆਸ ਨੂੰ ਡਾਇਫਰਮੈਟਿਕ ਬਰੀਦਿੰਗ ਕਹਿੰਦੇ ਹਨ (diaphragmatic breathing)

ਡਾਇਫਰਮੈਟਿਕ ਬਰੀਦਿੰਗ ਓਦੋਂ ਹੁੰਦੀ ਹੈ ਜਦੋਂ ਬੱਚਾ ਜਨਮ ਲੈਂਦਾ ਹੈ ਪਰ ਜਿਉਂ ਜਿਉਂ ਤੁਸੀਂ ਵੱਡੇ ਹੁੰਦੇ ਹੋ ਜੀਵਨ ਦੇ ਰੁਝੇਵੇਂ ਵਧਦੇ ਹਨ ਸੌਣਾ, ਖਾਣਾ, ਹੋਰ ਸਭ ਕੁਝ ਕਰਨਾ ਇਸ ਸਭ ਕੁਝ ਡਾਇਫਰਮੈਟਿਕ ਦਾ ਸਾਰਾ ਕੰਮ ਕਾਜ ਉਸ ਦੀ ਸਾਰੀ ਹੀ ਗਤੀਵਿਧੀ ਖਰਾਬ ਹੋ ਜਾਂਦੀ ਹੈ। ਫੇਰ ਇਹ ਇਕ ਆਦਤ ਬਣ ਜਾਂਦੀ ਹੈ। ਵਾਸਤਵ ਵਿਚ ਲੋੜ ਹੈ ਤੁਹਾਨੂੰ ਆਪਣੇ ਪੁਰਾਣੇ ਤਰੀਕੇ ਨਾਲ ਸਾਹ ਲੈਣ ਦੀ ਜਿਵੇਂ ਇਕ ਜੰਮਦਾ ਬੱਚਾ ਲੈਂਦਾ ਹੈ। ਜੇ ਤੁਸੀਂ ਅਭਿਆਸ ਕਰਕੇ ਡਾਇਫਰਮੈਟਿਕ ਬਰੀਦਿੰਗ ਕਰਨ ਲਗ ਪਵੋ ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਕਿੰਨੇ ਸ਼ਾਂਤ ਤੇ ਸੀਤਲ ਰਹਿੰਦੇ ਹੋ।

ਤੁਸੀਂ ਆਪਣੇ ਡਾਇਫਰਾਮ ਨੂੰ ਪੇਟ ਦੇ ਪੱਠਿਆਂ ਨਾਲ ਕਿਵੇਂ ਹਰਕਤ ਵਿਚ ਲਿਆਉਂਦੇ ਹੋ, ਇਹ ਸਥਿਲ ਹੋਣ ਲਈ ਸਭ ਤੋਂ ਵੱਡਾ ਚਿੰਨ ਹੈ। ਤੁਹਾਨੂੰ ਧਿਆਨ ਦੇਣ ਦੀ ਐਨੀ ਹੀ ਲੋੜ ਹੈ ਕਿ ਤੁਹਾਡਾ ਡਾਇਫਰਾਮ ਠੀਕ ਤਰ੍ਹਾਂ

ਕੰਮ ਕਰ ਰਿਹਾ ਹੈ ਜਾਂ ਨਹੀਂ। ਇਸ ਤਰ੍ਹਾਂ ਨਾਲ ਅਭਿਆਸ ਕਰਕੇ ਇਸ ਤਰੀਕੇ ਨਾਲ ਹੀ ਸਾਹ ਲੈਣਾ ਚਾਹੀਦਾ ਹੈ।

ਦੂਸਰਾ ਅਵਸ਼ੱਕ ਨੁਕਤਾ ਹੈ ਮਨ ਦੀ ਇਕਾਗਰਤਾ। ਕਲਪਨਾ ਦਾ ਆਧਾਰ ਹੈ ਅਲੰਕਾਰ, ਅਲੰਕਾਰ ਮਈ ਚਿਤਰਣ। ਜਦੋਂ ਮਨ ਵਿਚ ਅਨੇਕਾਂ ਚਿਤਰ ਤੇ ਅਲੰਕਾਰ ਹੋਣ ਤਾਂ ਮਨ ਬੌਂਦਲਾ ਜਾਂਦਾ ਹੈ ਤੇ ਮਨ ਵਿਚ ਖਲਬਲੀ ਮਚ ਜਾਂਦੀ ਹੈ। ਲੋੜ ਪੈਂਦੀ ਹੈ ਮਨ ਨੂੰ ਦਿਸ਼ਾ ਦੇਣ ਦੀ, ਦਿਸ਼ਾ ਦੇ ਕੇ ਇਕ ਥਾਂ ਤੇ ਇਕਾਗਰ ਕਰਨ ਦੀ, ਨਿਯਮਬੱਧ ਹੋ ਕੇ ਇਕਾਗਰ ਕਰਨ ਦੀ ਵਿਧੀ ਅਨੁਸਾਰ, ਨੰਬਰਾਂ ਅਨੁਸਾਰ।

ਜਦੋਂ ਪਹਿਲੇ ਪਹਿਲ ਤੁਸੀਂ ਇਹ ਅਭਿਆਸ ਸ਼ੁਰੂ ਕਰਦੇ ਹੋ, ਤੁਹਾਨੂੰ ਆਪਣੇ ਮਨ ਨੂੰ ਦੇਖਣਾ ਚਾਹੀਦਾ ਹੈ। ਮਨ ਦੀ ਸਮਰੱਥ ਨੂੰ ਯੋਗਤਾ ਨੂੰ ਦੇਖੋ ਤੇ ਇਹ ਦੇਖੋ ਕਿ ਤੁਸੀਂ ਕਿਵੇਂ ਯਾਦ ਕਰਦੇ ਹੋ। ਬਹੁਤ ਵਾਰੀ ਤੁਸੀਂ ਆਪਣੇ ਆਪ ਨੂੰ ਨਖੇਦਦੇ ਹੋ ਤੇ ਕਹਿੰਦੇ ਹੋ ਤੁਹਾਡੀ ਬੁੱਧੀ ਘੱਟ ਹੈ ਜਾਂ ਕੁਝ ਹੋਰ। ਤੁਸੀਂ ਆਪਣੀ ਸਮਰੱਥਾ ਵਧਾ ਸਕਦੇ ਹੋ। ਜਦੋਂ ਤੁਸੀਂ ਇਹ ਸ਼ੁਰੂ ਕਰਦੇ ਹੋ ਤੁਸੀਂ ਇਕ ਤੋਂ ਗਿਣਨਾ ਸ਼ੁਰੂ ਕਰਕੇ ਸੌ ਤਕ ਗਿਣੋ ਪਰ ਉਚੀ ਨਹੀਂ ਬੋਲੋ, ਤੁਹਾਡੀ ਗਿਣਤੀ ਇਕ ਸਕਿੰਟ ਵਿਚ ਇਕ ਦੀ ਹੋਣੀ ਚਾਹੀਦੀ ਹੈ। ਤੁਸੀਂ ਦੇਖੋਗੇ ਤੁਸੀਂ ਸਹਿਜੇ ਹੀ ਇਕ ਤੋਂ ਸੌ ਤਕ ਗਿਣ ਲੈਂਦੇ ਹੋ ਪਰ ਜਦੋਂ ਤੁਸੀਂ ਪੁੱਠੀ ਗਿਣਤੀ ਸ਼ੁਰੂ ਕਰਦੇ ਹੋ ਭਾਵ ਸੌ ਤੋਂ ਸ਼ੁਰੂ ਕਰਕੇ ਪਿੱਛੇ ਆਉਂਦੇ ਹੋ ਤਾਂ ਮਸਾਂ ਪਝੱਤਰ ਤਕ ਆਉਂਦੇ ਹੋ ਤੇ ਗੁਆਚ ਜਾਂਦੇ ਹੋ। ਇਹ ਕਿਉਂ ਹੁੰਦਾ ਹੈ ਕਿਉਂਕਿ ਤੁਹਾਡੇ ਮਨ ਨੇ ਔਖਾ ਕੰਮ ਕਰਨਾ ਸਿਖਿਆ ਹੀ ਨਹੀਂ।

ਇਸ ਤਰ੍ਹਾਂ ਨਾਲ ਜਦੋਂ ਤੁਸੀਂ ਪਹਿਲਾਂ ਇਕ ਤੋਂ ਸੌ ਤਕ ਗਿਣਦੇ ਹੋ ਤੇ ਫੇਰ ਸੌ ਤੋਂ ਇਕ ਤਕ ਗਿਣਦੇ ਹੋ ਤਾਂ ਹੋ ਸਕਦਾ ਹੈ ਤੁਸੀਂ ਵਿਚ ਅਟਕ ਜਾਓ। ਤੁਹਾਨੂੰ ਧਿਆਨ ਨਾਲ ਇਸ ਅਟਕਣ ਨੂੰ ਦੇਖਣਾ ਚਾਹੀਦਾ ਹੈ, ਉਹ ਕਿਸ ਕਿਸਮ ਦੀ ਅਟਕਣਾ ਤੇ ਕਿਥੇ ਜਾ ਕੇ ਹੋਈ ਤੇ ਕਿਉਂ ਹੋਈ ਹੈ। ਇਸ ਨੂੰ ਦੇਖਣਾ ਬਹੁਤ ਜ਼ਰੂਰੀ ਹੋਵੇਗਾ ਇਸ ਨੂੰ ਦੇਖਣ ਤੇ ਹੀ ਤੁਸੀਂ ਜਾਣ ਸਕੋਗੇ ਕਿ ਇਹ ਕੁਝ ਤੁਹਾਡੇ ਅੰਦਰ ਮਨ ਵਿਚ ਦਬਿਆ ਗਿਆ ਹੈ ਜਾਂ ਤੁਸੀਂ ਟਾਲਮ-ਟੋਲ ਕਰ ਰਹੇ ਹੋ। ਮਿਸਾਲ ਵਜੋਂ ਜੇ ਤੁਸੀਂ ਆਪਣੀ ਪਤਨੀ ਨੂੰ ਕਿਹਾ ਸੀ ਤੁਸੀਂ ਕੁਝ ਕਰੋਗੇ, ਪਰ ਤੁਸੀਂ ਨਹੀਂ ਕੀਤਾ ਫੇਰ ਜਦੋਂ ਤੁਸੀਂ ਇਹ ਅਭਿਆਸ ਕਰੋਗੇ ਤੁਹਾਡੇ ਸਾਮ੍ਹਣੇ ਆ ਜਾਵੇਗਾ, ਤੁਹਾਨੂੰ ਯਾਦ ਆਵੇਗੀ।

ਜਦੋਂ ਤੁਸੀਂ ਆਰਾਮ ਵਿਚ ਹੁੰਦੇ ਹੋ ਤਾਂ ਤੁਹਾਡੇ ਕੰਮ ਆ ਕੇ ਤੁਹਾਨੂੰ ਤੰਗ ਕਰਦੇ ਹਨ। ਇਸ ਕਰਕੇ ਕੋਸ਼ਿਸ਼ ਇਹ ਕਰੋ ਕਿ ਤੁਹਾਡੇ ਬਹੁਤ ਸਾਰੇ ਰੁਝੇਵੇਂ ਨਾ ਹੀ ਹੋਣ ਤਾਂ ਠੀਕ ਹੈ। ਆਪਣੇ ਮਨ ਅੰਦਰ ਬਹੁਤ ਸਾਰੀ ਚੀਜ਼ਾਂ ਨੂੰ ਗੱਲਾਂ ਨੂੰ ਨਾ ਵਾੜੋ ਕਿਉਂਕਿ ਜਦੋਂ ਵੀ ਤੁਸੀਂ ਆਰਾਮ ਕਰੋਗੇ ਆਪਣੇ ਆਪ ਨੂੰ ਨਿਸਲ ਕਰੋਗੇ, ਇਹ ਗੱਲਾਂ ਆ ਕੇ ਤੁਹਾਨੂੰ ਤੰਗ ਕਰਨਗੀਆਂ। ਤੁਹਾਡੀ ਇਕਾਗਰਤਾ ਨੂੰ ਭੰਗ ਕਰਨਗੀਆਂ। ਇਹ ਚੀਜ਼ਾਂ ਤੁਹਾਡੀ ਨੀਂਦ ਨੂੰ ਵੀ ਭੰਗ ਕਰਦੀਆਂ ਹਨ ਤੇ ਤੁਹਾਨੂੰ ਆਰਾਮ ਵੀ ਨਹੀਂ ਕਰਨ ਦਿੰਦੀਆਂ। ਤੁਹਾਡੇ ਮਨ ਵਿਚ ਤੁਹਾਡੀਆਂ ਡਿਊਟੀਆਂ ਘੁੰਮਦੀਆਂ ਰਹਿੰਦੀਆਂ ਹਨ, ਇਕ ਸਮਾਂ ਸੀ ਤੁਹਾਡੀਆਂ ਇਹ ਡਿਊਟੀਆਂ ਨਹੀਂ ਸੀ ਪਰ ਹੁਣ ਹਨ। ਮਿਸਾਲ ਵਜੋਂ ਇਕ ਸਮਾਂ ਸੀ ਤੁਹਾਡੀ ਪਤਨੀ ਨਹੀਂ ਸੀ, ਪਰ ਹੁਣ ਹੈ, ਹੁਣ ਤੁਹਾਡੇ ਕੁਝ ਉਸ ਪ੍ਰਤੀ ਫਰਜ਼ ਹਨ, ਡਿਊਟੀਆਂ ਹਨ ਤੁਹਾਨੂੰ ਉਸ ਵਲ ਵਫਾਦਾਰੀ ਨਿਭਾਉਣੀ ਚਾਹੀਦੀ ਹੈ। ਜਦੋਂ ਤੁਸੀਂ ਜ਼ਿੰਮੇਵਾਰੀਆਂ ਲੈਂਦੇ ਹੋ, ਹਰ ਜ਼ਿੰਮੇਵਾਰੀ ਤੁਹਾਡੀ ਜ਼ਰੂਰਤ ਬਣ ਜਾਂਦੀ ਹੈ।

ਆਪਣੇ ਮਨ ਨੂੰ ਹਰ ਇਕ ਗੱਲ ਤੋਂ ਹਰ ਵਿਘਨ ਤੋਂ ਹਰ ਰੁਕਾਵਟ, ਉਲਝਣ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰੋ ਜਿੰਨਾਂ ਕਰ ਸਕਦੇ ਹੋ ਕਰੋ। ਤੁਸੀਂ ਕਦੇ ਆਪਣੇ ਮਨ ਨੂੰ ਇਸ ਤਰ੍ਹਾਂ ਕਰਨ ਲਈ ਕਿਹਾ ਹੀ ਨਹੀਂ। ਪਰ ਤੁਸੀਂ ਸ਼ੁਰੂ ਤਾਂ ਕਰਕੇ ਦੇਖੋ, ਜਦੋਂ ਤੁਸੀਂ ਸ਼ੁਰੂ ਕਰੋਗੇ ਪਹਿਲੇ ਪਹਿਲ ਔਖਾ ਤਾਂ ਲੱਗੇਗਾ ਹੀ, ਹੌਲੀ ਹੌਲੀ ਤੁਹਾਡਾ ਮਨ, ਤੁਹਾਡੀਆਂ ਗੱਲਾਂ, ਤੁਹਾਡਾ ਹੁਕਮ ਸੁਣਨਾ ਸ਼ੁਰੂ ਕਰ ਹੀ ਦੇਵੇਗਾ। ਜਦੋਂ ਤੁਸੀਂ ਆਪਣੇ ਮਨ ਨੂੰ ਹੁਕਮ ਦਿੰਦੇ ਹੋ, ਇਹ ਚਾਹ ਦਾ ਪਿਆਲਾ ਹੈ, ਚੁੱਕ ਕੇ ਪੀ, ਤੁਸੀਂ ਐਸਾ ਕਰਦੇ ਹੋ, ਤੁਹਾਡਾ ਮਨ ਸੁਣਦਾ ਹੈ ਇਸੇ ਤਰ੍ਹਾਂ ਮਨ ਨੂੰ ਇਹ ਗੱਲਾਂ ਵੀ ਸੁਣਨੀਆਂ ਹੈ, ਮੰਨਣੀਆਂ ਸਿਖਾਓ। ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੀ ਬਹੁਤ ਸਹਾਇਤਾ ਕਰੋਗੇ।

ਇਹ ਗਿਣਤੀ ਵਾਲੇ ਅਭਿਆਸ ਹੌਲੀ ਹੌਲੀ ਇਕ ਹਜ਼ਾਰ ਤੱਕ ਲੈ ਜਾਣਾ ਹੈ ਤੇ ਉਸ ਨੂੰ ਪੁੱਠਾ ਵੀ ਗਿਣਨਾ ਹੈ ਜਦੋਂ ਤੁਸੀਂ ਇਹ ਨਿਰਵਿਘਨ ਕਰਨ ਲਗ ਪੈਂਦੇ ਹੋ ਤੁਸੀਂ ਦੇਖੋਗੇ ਤੁਹਾਡਾ ਮਨ ਬਹੁਤ ਹੀ ਤਿਖਾ ਹੋ ਗਿਆ ਹੈ ਤੁਹਾਡੀ ਸਮਝ ਬਹੁਤ ਵੱਧ ਗਈ ਹੈ। ਇਸ ਅਭਿਆਸ ਦਾ ਪ੍ਰਭਾਵ ਹੋਣਾ ਤਾਂ ਅਵੱਸ਼ਕ ਹੈ ਹੀ। ਇਸ ਨੂੰ ਕਰਨ ਵਿਚ ਬਹੁਤ ਸਮਾਂ ਨਹੀਂ ਲਗਦਾ, ਕੋਈ ਦਸ ਪੰਦਰਾਂ ਮਿੰਟ ਹੀ ਲਗਦੇ ਹਨ।

ਜਦੋਂ ਤੁਸੀਂ ਇਹ ਅਭਿਆਸ ਕਰਨਾ ਸਿਖਦੇ ਹੋ ਤੁਸੀਂ ਮਨ ਦੀ ਸ਼ਕਤੀ ਵਧਾ ਰਹੇ ਹੋ, ਆਪਣੀ ਸੋਚਣ ਸ਼ਕਤੀ ਵਧਾ ਰਹੇ ਹੋ, ਸੋਚਣ ਦੇ ਤਰੀਕੇ ਦਾ ਵਿਕਾਸ ਕਰ ਰਹੇ ਹੋ, ਆਪਣਾ ਧਿਆਨ ਇਕਾਗਰਤਾ ਨੂੰ ਵਧਾ ਰਹੇ ਹੋ। ਇਨ੍ਹਾਂ ਸਭ ਨੂੰ ਕਰਮ ਬੱਧਕਰ ਰਹੇ ਹੋ। ਹੁਣ ਤਕ ਤਾਂ ਮਨ ਨੇ ਕੋਈ ਤਰਤੀਬ ਦੇਖੀ ਹੀ ਨਹੀਂ, ਮੰਨੀ ਹੀ ਨਹੀਂ। ਮਨ ਇਹ ਕਰਨਾ ਵੀ ਨਹੀਂ ਚਾਹੁੰਦਾ ਪਰ ਤੁਹਾਨੂੰ ਲੋੜ ਹੈ ਕਿ ਤੁਸੀਂ ਮਨ ਨੂੰ ਸਿਖਾਓ ਤਾਂ ਜੋ ਤੁਸੀਂ ਜੀਵਨ ਵਿਚ ਸੰਗਠਨ ਤੇ ਕ੍ਰਮ ਲਿਆ ਸਕੋ।

ਤੁਸੀਂ ਆਪਣੇ ਮਨ ਦੀ ਸਿਖਿਆ ਇਸ ਤਰ੍ਹਾਂ ਹੀ ਇਕ ਤੋਂ ਸੌ ਤਕ ਗਿਣ ਕੇ ਸ਼ੁਰੂ ਕਰ ਸਕਦੇ ਹੋ, ਫੇਰ ਸੌ ਤੋਂ ਇਕ ਤੱਕ। ਇਹ ਜ਼ਰੂਰ ਦੇਖੋ ਕਿ ਤੁਹਾਡਾ ਮਨ ਕਿੰਨੀ

ਵਾਰੀ ਰੁਕਿਆ ਤੇ ਕਿਉਂ ਰੁਕਿਆ ਤੇ ਕਿਸ ਤਰ੍ਹਾਂ ਦਾ ਵਿਘਨ ਸੀ, ਕੀ ਗੱਲ ਸੀ, ਕਿਸ ਗੱਲ ਕਰਕੇ ਰੁੱਕਿਆ? ਇਨ੍ਹਾਂ ਵਿਘਨਾਂ ਨੂੰ ਦੇਖੋ, ਨੋਟ ਕਰੋ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਆਪਣੇ ਬਾਰੇ ਬਹੁਤ ਕੁਝ ਪਤਾ ਲੱਗੇਗਾ। ਇਹ ਅਭਿਆਸ ਦੋ ਮਿੰਟ ਵਾਸਤੇ ਤੁਹਾਨੂੰ ਰੋਜ਼ ਕਰਨਾ ਚਾਹੀਦਾ ਹੈ ਤਾਂ ਜੋ ਤੁਹਾਡੀ ਸਿਮ੍ਰਤੀ ਠੀਕ ਰਹੇ। ਅੱਛੀ ਚੰਗੀ ਯਾਦਾਸ਼ਤ ਤੋਂ ਭਾਵ ਹੈ ਕਿ ਜਦੋਂ ਵੀ ਤੁਸੀਂ ਕੁਝ ਚੇਤੇ ਕਰਨਾ ਚਾਹੋ, ਯਾਦ ਕਰਨ ਚਾਹੋ ਤੁਹਾਨੂੰ ਯਾਦ ਆ ਜਾਵੇ। ਚੰਗੀ ਯਾਦਾਸ਼ਤ ਉਹ ਹੀ ਹੈ ਜਿਹੜੀ ਜਦੋਂ ਤੁਹਾਡੀ ਜਿਸ ਗੱਲ ਦੀ ਲੋੜ ਹੋਵੇ ਉਸੇ ਵੇਲੇ ਫਟਾ ਫਟ ਤੁਹਾਨੂੰ ਯਾਦ ਆ ਜਾਵੇ, ਕੋਈ ਵਿਘਨ ਨਾ ਆਵੇ।

ਮੈਂ ਕਦੀ ਵੀ ਉਹ ਅਭਿਆਸ ਨਹੀਂ ਦਸਦਾ ਜਿਹੜਾ ਮੈਂ ਆਪ ਨਾ ਕੀਤਾ ਹੋਵੇ, ਮੈਂ ਤਾਂ ਉਹ ਹੀ ਦਸਦਾ ਹਾਂ ਜੋ ਮੈਂ ਕੀਤਾ ਹੈ ਤੇ ਮੈਂ ਕਰਦਾ ਹਾਂ, ਪੁਸਤਕਾਂ ਵਿਚੋਂ ਲਏ ਗਏ ਅਭਿਆਸ ਮੈਂ ਨਹੀਂ ਦਸਦਾ। ਮੈਂ ਇਹ ਅਭਿਆਸ ਕੀਤਾ ਹੈ ਤੇ ਮੈਨੂੰ ਇਸ ਨਾਲ ਬਹੁਤ ਲਾਭ ਹੋਇਆ ਹੈ। ਇਕ ਸਮਾਂ ਮੇਰੇ ਜੀਵਨ ਵਿਚ ਇਹੋ ਜਿਹਾ ਆਇਆ, ਮੈਨੂੰ ਲੱਗਾ ਮੇਰੀ ਯਾਦਾਸ਼ਤ ਬਿਲਕੁਲ ਖਤਮ ਹੋ ਰਹੀ ਹੈ, ਮੈਨੂੰ ਉਦੋਂ ਇਹ ਅਭਿਆਸ ਕਰਾਇਆ ਗਿਆ ਤੇ ਹੁਣ ਮੈਂ ਬਿਲਕੁਲ ਠੀਕ ਹਾਂ।

ਯਾਦਾਸ਼ਤ ਵਿਚ ਵਾਧਾ ਕਰਨ ਲਈ ਹੋਰ ਵੀ ਅਭਿਆਸ ਹਨ। ਜੇਕਰ ਤੁਸੀਂ ਕਿਸੇ ਪੋਇੰਟ ਤੇ ਹੀ ਮੈਡੀਟੇਟ ਕਰਦੇ ਹੋ। ਮਿਸਾਲ ਵਜੋਂ ਤੁਸੀਂ ਦੋਨੋਂ ਭਰਵੱਟਿਆਂ ਦੇ ਵਿਚਲੀ ਥਾਂ ਤੇ ਧਿਆਨ ਲਗਾਓ ਜਿਥੇ ਪੀਨੀਅਲ ਗ੍ਰੰਥੀ (Pineal gland) ਇਹ ਇਕ ਛੋਟਾ ਗੋਲ ਚੱਕਰ ਹੈ। ਮਨ ਦਾ ਸੁਭਾਅ ਹੈ ਇਕ ਜਗ੍ਹਾ ਨਹੀਂ ਟਿਕਣਾ, ਮਨ ਤਾਂ ਹਰ ਸਮੇਂ ਘੁੰਮਦਾ ਹੀ ਰਹਿਣਾ ਚਾਹੁੰਦਾ ਹੈ, ਪੁਰਾਣੇ ਯੋਗੀ ਜਾਣਦੇ ਸੀ ਕਿ ਮਨ ਤਾਂ ਇਕ ਜਗ੍ਹਾ ਟਿਕਣਾ ਚਾਹੁੰਦਾ ਹੀ ਨਹੀਂ। ਉਸ ਨੂੰ ਇਕ ਗੋਲ ਦਾਇਰੇ ਵਿਚ ਬੰਦ ਕਰਨਾ ਬਹੁਤ ਹੀ ਔਖਾ ਹੈ, ਉਨ੍ਹਾਂ ਦਾ ਤਰੀਕਾ ਸੀ ਕਿ ਮੁੜ ਮੁੜ ਕੇ ਉਸ ਨੂੰ ਘੇਰ ਕੇ ਉਸ ਗੋਲ ਦਾਇਰੇ ਵਿਚ ਉਹ ਲੈ ਕੇ ਆਉਂਦੇ। ਜਦੋਂ ਚੱਕਰ ਦਿਖਾਏ ਜਾਂਦੇ ਹਨ ਉਨ੍ਹਾਂ ਤੇ ਤਿਕੋਨ ਵੀ ਬਣਾਏ ਜਾਂਦੇ ਹਨ ਇਹ ਜੋਮੈਟਰੀ ਦੇ ਖਾਕੇ ਹਨ, ਇਹ ਵੀ ਮਨ ਨੂੰ ਇਕਾਗਰ ਹੋਣ ਵਿਚ ਸਹਾਇਤਾ ਕਰਦੇ ਹਨ।

ਇਕ ਚੰਗੇ ਸੁਚੱਜੇ ਵਿਦਿਆਰਥੀ ਨੂੰ ਆਪਣਾ ਮਨ ਅਵੱਸ਼ ਸਾਧਨਾ ਚਾਹੀਦਾ ਹੈ। ਜੇ ਤੁਸੀਂ ਆਪਣੇ ਆਪ ਨੂੰ ਅਨੁਸ਼ਾਸਨ ਵਿਚ ਨਹੀਂ ਲੈ ਕੇ ਆਏ, ਫੇਰ ਤੁਸੀਂ ਅਨੁਸਾਸ਼ਨ ਦਾ ਅਰਥ ਹੀ ਨਹੀਂ ਸਮਝ ਸਕਦੇ। ਜੇ ਤੁਸੀਂ ਮਨ ਨੂੰ ਏਧਰ ਓਧਰ ਜਾਣ ਦਿਓਗੇ ਤਾਂ ਤੁਸੀਂ ਕਦੀ ਵੀ ਧਿਆਨ ਨਹੀਂ ਲਗਾ ਸਕੋਗੇ, ਮੈਡੀਟੇਸ਼ਨ ਨਹੀਂ ਕਰ ਸਕੋਗੇ।

ਤੁਹਾਨੂੰ ਮਨ ਦੀ ਸਕਤੀ ਨੂੰ ਕਿਸੇ ਠੀਕ ਪਾਸੇ ਲਗਾਉਣਾ ਹੀ ਪਵੇਗਾ। ਜੇ ਤੁਸੀਂ ਧਿਆਨ ਨਾਲ ਦੇਖੋਗੇ ਤਾਂ ਤੁਹਾਨੂੰ ਕਿਸੇ ਜੋਮੈਟਰੀ ਦੇ ਆਕਾਰ ਜਾਂ ਗਿਣਤੀ ਗਿਣਨ ਦਾ ਅਰਥ ਚੰਗੀ ਤਰ੍ਹਾਂ ਸਮਝ ਆ ਜਾਏਗਾ। ਜੇ ਸ਼ੁਰੂ ਵਿਚ ਤੁਸੀਂ ਇਕ ਹਜ਼ਾਰ ਤੱਕ ਨਹੀਂ ਗਿਣ ਸਕਦੇ ਤਾਂ ਤੁਸੀਂ ਇਕ ਸੌ ਸਾਲ ਹੀ ਸ਼ੁਰੂ ਕਰੋ।

ਬਹੁਤ ਵਾਰੀ ਯਾਦ ਦੀ ਕਮੀ ਜੀਵਨ ਵਿਚ ਇਸ ਕਰਕੇ ਵੀ ਹੁੰਦੀ ਹੈ। ਜੇ ਤੁਹਾਡਾ ਕੋਈ ਨਿਤ ਦਾ ਨੇਮ ਨਾ ਹੋਵੇ, ਤੁਹਾਡਾ ਜੀਵਨ ਨਿਯਮਬੱਧ ਨਾ ਹੋਵੇ ਜਾਂ ਤੁਹਾਡਾ ਆਹਾਰ ਠੀਕ ਨਾ ਹੋਵੇ, ਪੌਸ਼ਟਿਕ ਆਹਾਰ ਬਹੁਤ ਜ਼ਰੂਰੀ ਹੈ, ਸੀਸ ਆਸਨ ਵੀ ਕਾਫੀ ਲਾਭਵੰਦ ਹੈ। ਜੇ ਤੁਸੀਂ ਸ਼ੀਸ਼ ਆਸਨ ਕਰਨਾ ਹੈ ਤਾਂ ਕਿਸੇ ਯੋਗੀ ਦੀ ਦੇਖ ਰੇਖ ਵਿਚ ਕਰਨਾ ਚਾਹੀਦਾ ਹੈ, ਗਰਦਨ ਨੂੰ ਬਚਾ ਕੇ ਕਰਨਾ ਚਾਹੀਦਾ ਹੈ। ਗਰਦਨ ਨੂੰ ਝਟਕਾ ਨਹੀਂ ਲਗਣਾ ਚਾਹੀਦਾ। ਕਿਸੇ ਚੰਗੇ ਯੋਗਾ ਕਰਨ ਵਾਲੇ ਤੋਂ ਸਿੱਖਣ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ। ਬਹੁਤ ਲੋਕੀ ਸੀਸ ਆਸਨ ਕਰਨ ਤੋਂ ਡਰਦੇ ਹਨ। ਉਨ੍ਹਾਂ ਦੇ ਮਨ ਵਿਚ ਡਰ ਹੈ, ਭਾਵ ਇਹ ਹੈ ਕਿ ਮਨ ਵਿਚ ਡਰ ਬੈਠਾ ਹੋਇਆ ਹੈ। ਇਸ ਤੋਂ ਭਾਵ ਇਹ ਵੀ ਹੈ ਕਿ ਸਿਰ ਦੇ ਬਲ ਖੜ੍ਹੇ ਹੋਣ ਤੋਂ ਭਾਵ ਹੈ ਤੁਸੀਂ ਸੱਚਮੁੱਚ ਹੀ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਸਿੱਖ ਲੈਂਦੇ ਹੋ, ਆਪਣੇ ਵਿਚ ਆਤਮ ਵਿਸ਼ਵਾਸ਼ ਲੈ ਆਉਂਦੇ ਹੋ ਤੇ ਆਪਣੇ ਉਤੇ ਪੂਰਾ ਕਾਬੂ ਪਾ ਲੈਂਦੇ ਹੋ ਤੇ ਆਪਣੇ ਤੇ ਭਰੋਸਾ ਰਖਦੇ ਹੋ।

ਜਿਹੜੇ ਸੀਸ ਆਸਨ ਨਹੀਂ ਕਰ ਸਕਦੇ ਜਦੋਂ ਉਹ ਮੇਰੇ ਕੋਲੋਂ ਪੁਛਦੇ ਹਨ ਕਿ ਉਹ ਕੀ ਕਰਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਹ ਅੱਖਾਂ ਬੰਦ ਕਰਕੇ ਇਹ ਸੋਚਣ ਕਿ ਉਹ ਸਿਰ ਭਾਰ ਖੜ੍ਹੇ ਹਨ। ਆਮ ਲੋਕੀ ਮੈਨੂੰ ਆ ਕੇ ਦਸਦੇ ਹਨ ਕਿ ਉਨ੍ਹਾਂ ਨੂੰ ਲਗਦਾ ਹੈ ਉਹ ਡਿੱਗ ਪਏ, ਬਹੁਤ ਸਾਰੇ ਲੋਕਾਂ ਵਿਚ ਇਸ ਤਰ੍ਹਾਂ ਦਾ ਕੁਝ ਕਰਨ ਲਈ ਆਪਣੇ ਤੇ ਭਰੋਸਾ ਹੀ ਨਹੀਂ ਹੁੰਦਾ। ਜਦੋਂ ਤਕ ਤੁਸੀਂ ਕੁਝ ਵੀ ਮਨ ਵਿਚ ਨਹੀਂ ਧਾਰਦੇ ਜਾਂ ਮਾਨਸਿਕ ਤੌਰ ਤੇ ਨਹੀਂ ਕਰਦੇ ਤੁਸੀਂ ਉਹ ਕਰ ਹੀ ਨਹੀਂ ਸਕਦੇ। ਜੇ ਤੁਸੀਂ ਮਨ ਵਿਚ ਪਹਿਲੇ ਵਿਚਾਰ ਲਵੋਗੇ ਕਿ ਤੁਸੀਂ ਇਹ ਕਰਨਾ ਹੈ ਮਨ ਵਿਚ ਉਸ ਨੂੰ ਪੂਰੀ ਤਰ੍ਹਾਂ ਨਾਲ ਧਾਰਨ ਕਰ ਲਓਗੇ, ਫੇਰ ਤੁਸੀਂ ਚੰਗੀ ਤਰ੍ਹਾਂ ਵਾਸਤਵ ਵਿਚ ਕਰ ਸਕੋਗੇ।

ਜਦੋਂ ਤੁਸੀਂ ਆਪਣੇ ਮਨ ਨੂੰ ਸਾਧ ਲਵੋਗੇ, ਮਨ ਨੂੰ ਪੂਰੇ ਅਨੁਸਾਸ਼ਨ ਵਿਚ ਲੈ ਆਓਗੇ, ਉਪਰ ਦੱਸਿਆ ਅਭਿਆਸ ਕਰਦੇ ਰਹੋਗੇ, ਤੁਹਾਡੀ ਯਾਦਾਸ਼ਤ ਵਿਚ ਵਾਧਾ ਹੋਵੇਗਾ ਹੀ, ਤੁਹਾਡੀ ਇਕਾਗਰਤਾ ਵਧੇਗੀ ਹੀ। ਇਹ ਹੀ ਸਭ ਤੋਂ ਵਧੇਰੇ ਕਰਨ ਯੋਗ ਅਭਿਆਸ ਹੈ, ਇਹ ਹੀ ਮਨ ਨੂੰ ਕਾਬੂ ਕਰਨ ਦੀ ਪਹਿਲੀ ਪਉੜੀ ਹੈ।

*'ਚਲਦਾ'*

(ਪੰਨਾ 24 ਦੀ ਬਾਕੀ)

ਵੀ ਤੈਨੂੰ ਪਤੈ ਕਿ ਤੂੰ ਹੈਗਾ ਸੀ। ਮੈਂ ਕਿਹਾ ਹੈਗਾ ਸੀ ਮਹਾਰਾਜ, ਉਹਦਾ ਤਾਂ ਨਹੀਂ ਮੈਨੂੰ ਪਤਾ। ਪਰ ਜਿਹੜਾ ਮੈਂ ਬਣਿਆਂ, ਉਹ ਕੁਝ ਜ਼ਰੂਰ ਬਣਿਆਂ। ਉਹ ਘੁੰਮਦਾ-ਘੁੰਮਦਾ-ਘੁੰਮਦਾ-ਘੁੰਮਦਾ ਮੈਂ ਜੋ ਬਣਿਆਂ ਇਹਨੂੰ ਵਰਿਆਮ ਸਿੰਘ ਕਹਿੰਦੇ ਨੇ। ਸੋ ਮਹਾਰਾਜ ਕਹਿੰਦੇ ਜਿਥੇ ਤੂੰ ਗੱਲ ਕੀਤੀ ਹੈ ਉਹਨੂੰ ਜੀਵ ਆਤਮਾ ਕਹਿੰਦੇ ਨੇ। ਨਾਲ ਦੀ ਨਾਲ ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਜਿਹੜੇ ਬੈਠੇ ਸੀ, ਕਹਿੰਦੇ ਅੱਗੇ ਰੰਡੀਆਂ ਨਾਲ ਹੀ ਵਾਹ ਪਿਆ ਸਾਡਾ, ਅੱਜ ਇਕ ਸੁਹਾਗਣ ਨਾਲ ਵਾਹ ਪਿਆ ਹੈ। ਛੋਟਾ ਹੀ ਸੀ ਮੈਂ ਅਜੇ ਮੇਰੇ ਦਾੜ੍ਹੀ ਵੀ ਨਹੀਂ ਸੀ ਆਈ।

ਉਹ ਕੁਝ ਸ਼ਬਦ ਸੀ ਮਹਾਰਾਜ ਦੇ ਜਿਹੜੇ ਮੈਨੂੰ ਕਾਟ ਕਰ ਗਏ। ਕਾਟ ਇਸ ਤਰ੍ਹਾਂ ਕਰ ਗਏ ਕਿ ਇਸ ਅੱਗੇ ਉਨ੍ਹਾਂ ਨੇ ਮੈਨੂੰ ਕੋਈ ਹੋਰ ਬਚਨ ਕਹਿ ਦਿਤਾ। ਉਹ ਕਹਿੰਦੇ ਕਿ ਤੂੰ ਇਸ ਤੋਂ ਅੱਗੇ ਇਕ ਕਦਮ ਹੋਰ ਪੁੱਟ ਲੈ। ਸਿਰਫ ਤੇਰਾ ਇਕ ਕਦਮ ਰਹਿੰਦੈ, ਉਹ ਪੁੱਟ ਲੈ। ਉਹ 'ਜੀਵ' ਲਾਹ ਦੇ, ਜੀਵ ਨਹੀਂ ਤੂੰ ਹੈਗਾ। ਜੀਵ ਤਾਂ ਬਣਿਐਂ, ਤੂੰ ਆਤਮਾ ਹੈਂ। ਕਦੇ ਤੇਰੀ ਮੌਤ ਨਹੀਂ ਹੋਣੀ, ਕਦੇ ਤੂੰ ਜੰਮਿਆ ਨਹੀਂ, ਕਦੇ ਤੂੰ ਕੁਛ ਕਰਿਆ ਨਹੀਂ ਇਹ ਤਾਂ ਖੇਲ੍ਹ ਹੈ, ਹੁਕਮ ਦੇ ਅੰਦਰ ਜੀਵ ਆਤਮਾਵਾਂ ਖੇਲ੍ਹ ਕਰ ਰਹੀਆਂ ਨੇ।

ਉਸ ਤੋਂ ਬਾਅਦ ਮੈਂ ਘਰੋਂ ਚਲਿਆ ਗਿਆ, ਛੇ ਮਹੀਨੇ ਨਾ ਲੱਭਿਆ ਕਿਸੇ ਨੂੰ। ਉਹ ਮੈਨੂੰ ਜਿਹੜਾ ਸੱਜਣ ਮਿਲਿਆ। ਮੈਂ ਐਸ ਤਰ੍ਹਾਂ ਨਹੀਂ ਕਿ ਕੋਈ ਦਿਖਾਵਾ ਕਰਦਾਂ। ਪਰ ਮੈਂ ਰੋਂਦਾ ਬਹੁਤ ਸੀ ਇਕੱਲਾ। ਮਹਾਰਾਜ ਜੀ ਨੇ ਰਾੜੇ ਸਾਹਿਬ ਬੁਲਾ ਲਿਆ। ਸਿੰਘ ਜਿਹੜੇ ਗੋਛੇ ਵਾਲੇ ਸੀ ਉਹ ਜਾ ਕੇ ਕਹਿਣ ਲੱਗੇ, ਮਹਾਰਾਜ! ਇਹ ਕੀਰਤਨ ਵੀ ਸੋਹਣਾ ਕਰਦੈ, ਪਾਠ ਵੀ ਬਹੁਤ ਵਧੀਆ ਕਰਦੈ, ਪਰ ਇਕ ਗੱਲ ਨਹੀਂ ਸਾਨੂੰ ਪਤਾ ਲਗਦੀ। ਮਹਾਰਾਜ ਕਹਿੰਦੇ, "ਕੀ?" ਓਦੋਂ ਰਾੜੇ ਸਾਹਿਬ ਸਰਕੜੇ ਹੁੰਦੇ। ਕਹਿੰਦੇ ਜਦ ਸਰਕੜਿਆਂ 'ਚ ਜਾਂਦੈ ਉਥੇ ਬੈਠ ਕੇ ਉਚੀ-ਉਚੀ ਰੋਂਦਾ ਹੁੰਦੈ ਇਹ। ਰੱਬ ਨੂੰ ਮਿਲਣ ਨੂੰ ਨਹੀਂ ਸੀ ਮੈਂ ਰੋਂਦਾ। ਮੈਨੂੰ ਰੋਣਾ ਆਉਂਦਾ ਸੀ ਮਹਾਂਪੁਰਸ਼ਾਂ ਦੇ ਪਿਆਰ ਦਾ। ਕਿਉਂਕਿ ਮੈਂ ਇਕ ਮਿੰਟ ਵੀ ਵੱਖਰਾ ਨਹੀਂ ਸੀ ਹੋਣਾ ਚਾਹੁੰਦਾ। ਉਨ੍ਹਾਂ ਨੇ ਮੈਨੂੰ ਪਿਆਰ ਦਿਤਾ, ਜੀਅ ਭਰ ਕੇ ਦਿਤਾ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਹ ਸਿਆਣਾ ਗ੍ਰਿਹਸਤੀ ਨਹੀਂ ਹੈ। ਨਾ ਇਹਨੇ ਬਾਲ ਬੱਚਿਆਂ ਦੀ ਪਰਵਾਹ ਕਰਨੀ ਹੈ, ਨਾ ਮਾਂ ਬਾਪ ਦੀ ਕਰਨੀ ਹੈ, ਕਿਸੇ ਦੀ ਨਹੀਂ ਕਰਨੀ, ਨਾ ਆਪਣੇ ਜੀਵਨ ਦੀ ਕਰਨੀ ਹੈ। ਇਹ ਏਸੇ ਧੁਨ ਵਿਚ ਹੈ। ਮਹਾਰਾਜ ਜੀ ਦਾ ਜਿੰਨੀ ਦੇਰ ਸਰੀਰ ਰਿਹਾ ਕਿ ਇਹ ਜ਼ਿੰਮੇਵਾਰੀ ਆਪਣੇ ਤੇ ਹੀ ਰੱਖੀ, ਮੈਨੂੰ ਬਹੁਤ ਘੂਰਦੇ ਹੁੰਦੇ ਜੇ ਕੋਈ ਗੱਲ ਹੋ ਜਾਣੀ। ਬੱਚਿਆਂ ਦਾ ਉਨ੍ਹਾਂ ਨੇ ਆਪ ਹੀ ਸਾਰਾ ਕੁਛ ਕਰਿਆ। ਬੀਜੀ ਦਾ ਲੋਕ ਅੰਦਰੋਂ ਹੀ ਸਤਿਕਾਰ ਕਰਦੇ ਸੀ।

ਮੈਂ ਤੇ ਮਹਾਰਾਜ ਜੀ ਇਕ ਥਾਂ ਜਾ ਰਹੇ ਸੀ ਦੋਵੇਂ ਜਣੇ, ਕਿਉਂਕਿ ਮੈਨੂੰ ਨਾਲ ਹੀ ਰੱਖਦੇ ਸੀ, ਮੈਂ ਅੱਡ ਰਹਿੰਦਾ ਨਹੀਂ ਸੀ ਰੋਣ ਲਗ ਜਾਂਦਾ ਸੀ, ਬੱਚਿਆਂ ਵਾਂਗਣ। ਸਿੰਘਾਂ ਨੂੰ ਵੀ ਕਿਹਾ ਹੋਇਆ ਸੀ ਕਿ ਇਹਨੂੰ ਆਉਂਦੇ ਨੂੰ ਰੋਕਣਾ ਨਹੀਂ ਕਿਸੇ ਨੇ। ਨਹੀਂ ਇਹਨੇ ਇਥੇ ਹੀ ਬੈਠੇ ਰੋਈ ਜਾਣੈ ਘੰਟਿਆਂ ਬੱਧੀ। ਜਦ ਆਵੇ ਓਦੋਂ ਹੀ ਦਰਵਾਜ਼ਾ ਖੋਲ੍ਹ ਦਿਆ ਕਰੋ। ਫੇਰ ਮੈਨੂੰ ਆਪ ਆ ਕੇ ਦੱਸ ਕੇ ਗਏ ਕਿ ਇਥੇ ਚਾਬੀ ਹੁੰਦੀ ਹੈ, ਐਂ ਹੱਥ ਪਾ ਲਈਦੈ, ਤੂੰ ਸਿੱਧਾ ਸਾਡੇ ਕੋਲ ਆ ਜਾਇਆ ਕਰ, ਚਾਹੇ ਅਸੀਂ ਇਸ਼ਨਾਨ ਕਰਦੇ ਹੋਈਏ, ਚਾਹੇ ਪ੍ਰਸ਼ਾਦਾ ਛਕਦੇ ਹੋਈਏ, ਤੈਨੂੰ ਕੋਈ ਬੰਧਸ਼ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਬਹੁਤ ਪਿਆਰ ਦਿਤਾ। ਪਿਆਰ ਦੀ ਜ਼ਿੰਦਗੀ ਸ਼ੁਰੂ ਹੋਈ, ਪਿਆਰ ਦੇ ਨਾਲ ਵੈਰਾਗ ਆਇਆ, ਪਿਆਰ ਦੇ ਨਾਲ ਸੰਸਾਰ ਦੇ ਫੁਰਨੇ ਖਤਮ ਹੋਏ, ਸਾਧਨਾ ਸ਼ੁਰੂ ਹੋ ਗਈ। ਸਾਲਾਂਬੱਧੀ ਮੈਂ ਇਕ ਰੋਟੀ ਖਾ ਕੇ ਸਮਾਧੀ ਜਿਹੜੀ ਫੁਰਨਿਆਂ ਰਹਿਤ ਹੁੰਦੀ ਹੈ - ਅਫੁਰ ਸਮਾਧੀ, ਉਨ੍ਹਾਂ 'ਚ ਰਿਹਾ। ਸਿੰਧ ਵਿਚ ਵੀ। ਲੇਕਿਨ ਇਕ ਗੱਲ ਦਾ ਮੈਨੂੰ ਅੰਦਰੋਂ ਅਨੁਭਵ ਹੋਇਆ ਕਿ ਸਿੰਧ ਵਿਚ ਵੀ ਲੋਕਾਂ ਨੂੰ ਸਿੱਖੀ ਦਾ ਪਤਾ ਨਹੀਂ, ਉਥੇ ਵੀ ਮੈਂ ਸਿੱਖੀ ਦਾ ਬੂਟਾ ਲਾਇਆ। ਇਨ੍ਹਾਂ ਨੇ ਤੁਹਾਡੇ ਬੀਜੀ ਨੂੰ ਬੁਲਾ ਲਿਆ। ਇਥੇ ਇਨ੍ਹਾਂ ਨੇ ਬੀਬੀਆਂ ਨੂੰ ਬਾਣੀ ਪੜ੍ਹਾਉਣੀ ਸ਼ੁਰੂ ਕਰ ਦਿਤੀ। ਹੋਰ ਹੀ ਤਰ੍ਹਾਂ ਦਾ ਜੀਵਨ ਸੀ। ਸੰਤਾਂ ਵਰਗਾ ਜੀਵਨ ਨਹੀਂ ਸੀ, ਜਿਵੇਂ ਸੰਤ ਹੁੰਦੇ ਨੇ।

ਸੱਚਖੰਡਵਾਸੀ ਸੰਤ ਵਰਿਆਮ ਸਿੰਘ ਜੀ ਮਹਾਰਾਜ ਆਪਣੇ ਜਨਮ ਦਿਨ ਤੇ ਕੇਕ ਕੱਟ ਰਹੇ ਹਨ।

ਮੈਂ ਤੁਹਾਨੂੰ ਇਕ ਗੱਲ ਦੱਸਦਾਂ। ਉਥੋਂ ਹੀ ਅੰਦਾਜ਼ਾ ਲਾ ਲਓਂਗੇ ਤੁਸੀਂ। ਗੰਨਾ ਗੁੱਡਦੇ ਸੀ ਉਹ। ਮੈਂ ਕਿਹਾ ਮੈਂ ਵੀ ਤਾਂ ਵਿਹਲਾ ਹੀ ਹਾਂ, ਮੈਂ ਵੀ ਗੰਨਾ ਗੁੱਡਣ ਲੱਗ ਗਿਆ ਨਾਲ ਉਨ੍ਹਾਂ ਦੇ ਜਾ ਕੇ। ਉਹ ਕਹਿੰਦੇ ਨਾ ਜੀ, ਨਾ ਜੀ ਤੁਸੀਂ ਨਾ ਲਾਓ। ਇਹ ਜਿਹੜੇ ਮਜ਼ਦੂਰ ਨੇ ਮਜ਼ਦੂਰੀ ਲੈਂਦੇ ਨੇ ਉਨ੍ਹਾਂ ਨੇ ਲਾਉਣੇ ਨੇ। ਮੈਂ ਕਿਹਾ, ਮੈਨੂੰ ਵੀ ਦੇ ਦਿਓ ਮਜ਼ਦੂਰੀ। ਮੈਂ ਵੀ ਲੈ ਲਊਂਗਾ, ਮੇਰੇ ਕੋਲ ਕਿਹੜਾ ਪੈਸਾ ਹੈਗਾ। ਪਰ ਉਹ ਮਜੂਰੀ ਪੈਸੇ ਦੀ ਨਹੀਂ ਹੈ। ਕਹਿਣ ਲੱਗੇ, "ਉਹ ਕੀ ਹੈ?" ਮੈਂ ਕਿਹਾ ਤੁਹਾਡੇ ਨਾਲ ਮੈਂ ਅੱਜ ਗੁਡਾਈ ਕਰਕੇ ਜਪੁਜੀ ਸਾਹਿਬ ਯਾਦ ਕਰਾਉਣੈ ਪੰਜ ਪਉੜੀਆਂ ਤੇ ਨਾਲੇ ਮੈਂ ਕਿਆਰਾ ਵਿਚਾਲੇ ਰੱਖ ਲਿਆ। ਉਥੇ ਹੀ ਮੈਂ ਕਹਿਣਾ ਸ਼ੁਰੂ ਕਰ ਦਿਤਾ ਕਿ ੴ ਸਤਿਨਾਮ ਯਾਦ ਕਰੋ ਮੈਂ ਉਥੇ ਜਾ ਕੇ ਸੁਣ ਲੈਣੈ। ਕਿਆਰੇ ਲੰਬੇ ਸੀ ਉਹ ਜਾਂਦੇ ਜਾਂਦੇ ਪਹਿਲੀ ਪਉੜੀ ਤੱਕ ਪਹੁੰਚ ਗਏ। ਕਿਸੇ ਦੇ ਪੂਰੀ ਯਾਦ ਹੋ ਗਈ, ਕਿਸੇ ਦੇ ਅੱਧ-ਵਿਚਾਲੇ ਹੋ ਗਈ। ਐਸ ਤਰ੍ਹਾਂ ਮੈਂ ਦੋ ਕੁ ਦਿਨਾਂ ਵਿਚ ਉਨ੍ਹਾਂ ਨੂੰ ਪੰਜ-ਪੰਜ ਪਉੜੀਆਂ ਯਾਦ ਕਰਵਾ ਦਿਤੀਆਂ। ਇਹ ਮੇਰੀ ਮਜ਼ਦੂਰੀ ਸੀ ਕਿ ਬਾਣੀ ਯਾਦ ਕਰਾਉਣੀ ਹੈ। ਫੇਰ ਇਹ ਸੀ ਕਿ ਉਨ੍ਹਾਂ ਨੂੰ ਅੰਮ੍ਰਿਤ ਛਕਾਉਣੈ। ਸ਼ਰਾਬਾਂ ਪੀਂਦੇ ਸੀ, ਸ਼ਰਾਬਾਂ ਦਾ ਮੈਨੂੰ ਪਤਾ ਸੀ ਕਿ ਨੁਕਸਾਨ ਬਹੁਤ ਹੋਣੈ ਉਨ੍ਹਾਂ ਨੂੰ, ਨਵੇਂ ਫਾਰਮਰ ਆਏ ਨੇ, ਪੁਲਿਸ ਇਨ੍ਹਾਂ ਨੂੰ ਖਿੱਚੀਂ ਫਿਰੇਗੀ, ਉਥੇ ਕੇਸ ਹੋ ਗਿਆ, ਪੁਲਿਸ ਲੈ ਗਈ ਫੜ ਕੇ, ਮੈਂ ਫੇਰ ਲੱਕ ਬੰਨ੍ਹ ਲਿਆ। 60 ਮੀਲ ਦੇ ਅੰਦਰ ਸ਼ਰਾਬ ਛੁਡਾਈ। ਉਹ ਐਨੇ ਪ੍ਰੇਮੀ ਹੋ ਗਏ ਕਿ ਜਿਸ ਵਕਤ ਮੈਂ ਉਥੋਂ ਤੁਰਿਆ ਕਿਉਂਕਿ ਮੈਂ ਕਾਫੀ ਸਮਾਂ ਉਥੇ ਰਿਹਾ, ਮਹਾਰਾਜ ਜੀ ਦੀ ਚਿੱਠੀ ਆ ਗਈ, ਤੂੰ ਚਿੱਠੀ ਦੇਖ ਕੇ ਚਾਹੇ ਦਿਨ ਵਿਚ ਮਿਲੀ ਹੈ, ਰਾਤ ਨੂੰ ਮਿਲੀ ਹੈ, ਜੇ ਸ਼ਾਮ ਨੂੰ ਮਿਲੀ ਹੈ ਤਾਂ ਸੂਰਜ ਨਹੀਂ ਛੁਪਾਉਣਾ ਇਥੇ। 4 ਕੁ ਵਜੇ ਸ਼ਾਮ ਨੂੰ ਚਿੱਠੀ ਮੈਨੂੰ ਮਿਲ ਗਈ, ਉਨ੍ਹਾਂ ਸਾਰਿਆਂ ਨੂੰ ਬੁਲਾਇਆ ਕਿ ਮੈਂ ਕਿਹਾ ਕਿ ਮੈਨੂੰ ਹੁਕਮ ਆ ਗਿਆ, ਮੈਂ ਹੁਣ ਸੂਰਜ ਨਹੀਂ ਛੁਪਾਉਣਾ, ਮੈਂ ਚਲੇ ਜਾਣੈ। ਉਹ ਕਹਿੰਦੇ ਹੁਣ ਕਿਵੇਂ ਜਾਏਗਾ। ਹੁਣ ਕੋਈ ਗੱਡੀ ਨਹੀਂ ਮਿਲਣੀ ਹੈ। ਮੈਂ ਕਿਹਾ ਮੈਂ ਨਹੀਂ, ਮੈਂ ਤੁਹਾਡੀ ਜੂਹ ਤੋਂ ਬਾਹਰ ਰਾਤ ਕੱਟ ਲਊਂਗਾ। ਹੁਕਮ ਬਹੁਤ ਸਖਤ ਹੈ ਮਹਾਂਪੁਰਸ਼ਾਂ ਦਾ। ਜਦੋਂ ਮੈਂ ਤੁਰਨ ਲੱਗਿਆ, ਇਲਾਕਾ ਇਕੱਠਾ ਹੋ ਗਿਆ, ਬਜ਼ੁਰਗ ਜਿਹੜੇ ਸੀ ਲੰਮੇ ਪੈ ਗਏ ਮੂਹਰੇ, ਉਚੀ-ਉਚੀ ਰੋਂਦੇ ਸੀ, ਕਹਿੰਦੇ ਸਾਡੇ ਉਤੇ ਦੀ ਲੰਘ ਜਾਓ। ਮੈਨੂੰ ਮਜ਼ਬੂਰੀ ਸੀ ਕਿ ਮੈਂ ਜਾਣੈ, ਮਹਾਂਪੁਰਸ਼ਾਂ ਦਾ ਹੁਕਮ ਮੰਨ। ਉਥੋਂ ਮੈਂ ਬਹੁਤ ਮੁਸ਼ਕਲ ਦੇ ਨਾਲ ਲੰਘਿਆ, ਜਿੰਨਾਂ ਉਹ ਰੋਂਦੇ ਸੀ ਉਸ ਤੋਂ ਵੱਧ ਮੈਂ ਰੋਂਦਾ ਸੀ। ਯਾਨਿ ਵਿਛੜਨ ਵਾਲਾ ਕੰਮ ਨਹੀਂ ਸੀ ਸਾਡਾ ਪਿਆਰ ਦੀ ਜ਼ਿੰਦਗੀ ਸੀ, ਪਿਆਰ 'ਚ ਰਹਿੰਦੇ ਸੀ। ਪਿਆਰ ਦੇ ਵਿਚ ਉਹ ਵੀ ਮਸਤਾਨੇ ਹੋਏ ਹੋਏ ਸੀ ਸਾਰੇ। ਨੇੜੇ ਚਾਰ ਕੁ ਮੀਲ ਤੇ ਇਕ ਝੌਂਪੜੀ ਸੀ, ਮੈਂ ਉਥੇ ਰਾਤ ਕੱਟ ਕੇ ਮੈਂ ਇਥੇ ਆ ਗਿਆ ਮਹਾਰਾਜ ਜੀ ਕੋਲ।

ਮੈਂ ਤੁਹਾਨੂੰ ਇਕ ਗੱਲ ਵਿਚੀਂ ਦਸਦਾ ਹਾਂ ਤੁਹਾਡੇ ਬੀਜੀ ਦੀ। ਕਰਾਚੀ ਮੈਂ ਗਿਆ। ਉਥੇ ਮੈਨੂੰ ਦੋ ਚੀਜ਼ਾਂ ਬਹੁਤ ਵਧੀਆ ਲੱਗੀਆਂ ਇਕ ਬੈਡ ਕਵਰ ਸੀ, ਇਕ ਕਸ਼ਮੀਰੀ ਸ਼ਾਲ ਸੀ। ਉਹ ਦੋਵੇਂ ਚੀਜ਼ਾਂ ਖਰੀਦ ਕੇ ਮੈਂ ਲੈ ਆਇਆ। ਕਿਉਂਕਿ ਮੈਂ ਕਪਾਹ ਬੀਜੀ ਹੋਈ ਸੀ, ਥੋੜ੍ਹਾ ਬਹੁਤਾ ਕੰਮ ਵੀ ਕਰਦਾ ਸੀ ਆਪ ਦਾ। ਉਹ ਜਦੋਂ ਮੈਂ ਤੁਹਾਡੇ ਬੀਜੀ ਨੂੰ ਦਿਤੀ, ਇਹਨੇ ਖੋਲ੍ਹੀ। ਇਹਦੇ ਮਨ ਵਿਚ ਪਤਾ ਕੀ ਖਿਆਲ ਆਇਆ। ਕਹਿੰਦੇ ਇਹ ਆਪਣੇ ਵਰਤਣ ਵਾਲੀਆਂ ਚੀਜ਼ਾਂ ਨਹੀਂ। ਇਹ ਆਪਾਂ ਮਹਾਰਾਜ ਜੀ ਵਾਸਤੇ ਲੈ ਕੇ ਚੱਲੀਏ। ਉਸੇ ਵੇਲੇ ਇਨ੍ਹਾਂ ਨੇ ਤਹਿ ਲਾ ਕੇ ਉਵੇਂ ਜਿਵੇਂ ਬੰਨ੍ਹ ਦਿਤੀ। ਨਹੀਂ ਵਰਤੀ ਉਹ ਚੀਜ਼ ਕਿਉਂਕਿ ਪਿਆਰ ਤਾਂ ਇਕੋ ਜਿਹਾ ਹੀ ਹੁੰਦੈ। ਇਹ ਵੀ ਬਹੁਤ ਪਿਆਰ ਕਰਦੇ ਸੀ ਮਹਾਰਾਜ ਜੀ ਨੂੰ। ਪਿਛੋਂ ਬਹੁਤ ਵੱਡੇ ਮਹਾਂਪੁਰਸ਼ਾਂ ਦੀ ਲੜਕੀ ਹੋਣ ਕਰਕੇ ਇਹਦੇ ਸੰਸਕਾਰ ਇਹੋ

ਜਿਹੇ ਸੀ। ਜਦੋਂ ਮਹਾਰਾਜ ਜੀ ਕੋਲ ਗਏ ਤਾਂ ਮਹਾਰਾਜ ਉਠ ਕੇ ਖੜ੍ਹੇ ਹੋ ਗਏ ਕਹਿੰਦੇ ਆਹ ਤਾਂ ਸਾਡੇ ਪਲੰਘ ਤੇ ਵਿਛਾ ਦਿਓ, ਸਰਦੀਆਂ ਸ਼ੁਰੂ ਹੋਈਆਂ ਸੀ ਉਹ ਉਪਰ ਲੈ ਲਈ। ਉਹਨੂੰ ਦੇਖ ਕੇ ਅਮੀਰ ਆਦਮੀਆਂ ਨੇ ਬਹੁਤ ਚਾਦਰਾਂ, ਕਸ਼ਮੀਰੀ ਸ਼ਾਲਾਂ ਲਿਆਂਦੀਆਂ। ਸਭ ਪਏ ਰਹੇ, ਮਹਾਰਾਜ ਜੀ ਨੇ ਕਿਸੇ ਦਾ ਵਿਛਾਇਆ ਨਹੀਂ। ਸੋ ਇਹ ਇਸ ਤਰ੍ਹਾਂ ਬੀਜੀ ਮਹਾਰਾਜ ਜੀ ਨੂੰ ਪਿਆਰ ਕਰਦੀ।

ਉਹ ਪਿਆਰ ਮੈਂ ਜ਼ਿੰਦਗੀ ਭਰ ਮਾਣਿਆਂ। ਗਲਤੀਆਂ ਵੀ ਕੀਤੀਆਂ, ਗੁੱਸੇ ਵੀ ਹੋਇਆ ਮਹਾਰਾਜ ਜੀ ਨਾਲ, ਪਰ ਉਨ੍ਹਾਂ ਨੇ ਨਹੀਂ ਮੈਨੂੰ ਛੱਡਿਆ, ਫੇਰ ਸੰਭਾਲ ਲੈਂਦੇ ਸੀ।

ਉਹ ਦਿਨ ਅਖੀਰ ਦੇ ਉਤੇ ਆ ਗਿਆ, ਬਜ਼ਾਰ 'ਚ ਮੈਂ ਤੁਰਿਆ ਜਾਨਾਂ, ਖੁਸ਼ੀ-ਖੁਸ਼ੀ ਗੱਲਾਂ ਕਰਦੇ ਆਉਂਦੇ ਆਂ, ਐਨੇ ਨੂੰ ਅਖਬਾਰ ਲਿਆ ਕੇ ਦੇ ਦਿਤਾ ਉਹਦੇ ਤੇ ਲਿਖਿਆ ਹੋਇਆ ਸੀ ਕਿ ਮਹਾਰਾਜ ਜੀ ਇੰਗਲੈਂਡ ਚੜ੍ਹਾਈ ਕਰ ਗਏ। ਮੈਂ ਕਿਹਾ ਬਿਲਕੁਲ ਗਲਤ ਲਿਖਿਆ ਹੋਇਆ ਹੈ, ਮੈਂ ਨਹੀਂ ਮੰਨਦਾ। ਮੈਂ ਕਿਹਾ ਕੋਈ ਹੋਰ ਅਖਬਾਰ ਨਹੀਂ ਹੈ। ਮੈਨੂੰ ਕਹਿੰਦੇ ਬਾਈ ਜੀ, ਮਹਾਰਾਜ ਜੀ ਚੜ੍ਹਾਈ ਕਰ ਗਏ। ਉਹ ਜਿਹੜਾ ਦਿਨ ਸੀ ਮੈਂ ਭੁੱਲ ਨਹੀਂ ਸਕਦਾ। ਪੂਰਾ ਇਕ ਸਾਲ ਰੋਂਦਾ ਰਿਹਾ। ਇਕੱਲਾ ਰੋਇਆ ਕਰਾਂ, ਕੀਰਤਨ ਕਰਾਂ ਤਾਂ ਵੀ, ਇਕ ਸਾਲ ਲੰਘ ਗਿਆ ਮੈਨੂੰ ਰੋਂਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਕਿਹਾ ਕਿ ਤੂੰ ਰੋ ਨਾ, ਅਸੀਂ ਕਿਤੇ ਨਹੀਂ ਗਏ ਹੈਗੇ। ਸਾਡੀ ਸੰਗਤ ਵਿਚੋਂ ਦੇਖੀ। ਜਦੋਂ ਮੈਨੂੰ ਇਹ ਗੱਲ ਕਹਿ ਦਿਤੀ ਫੇਰ ਮੈਨੂੰ ਹੋ ਗਿਆ ਕਿ ਉਹ ਤਾਂ ਗਏ ਹੀ ਨਹੀਂ ਕਿਤੇ। ਹੁਣ ਮੈਂ ਜਿਹੜੀ ਗੱਲ ਦੇ ਉਤੇ ਆਇਆ ਹਾਂ ਉਹ ਇਹ ਹੈ ਕਿ ਇਕ ਪਾਸੇ ਤਾਂ ਤੁਹਾਡਾ ਸੰਗਤ ਦਾ ਪਿਆਰ, ਇਹ ਮੈਂ ਤੋਲਦਾਂ ਕਿ ਇਹਨੂੰ ਛੱਡਣਾ ਬਹੁਤ ਮੁਸ਼ਕਲ ਹੈ ਕਿਉਂਕਿ ਅੱਗੇ ਮੇਰਾ ਵਾਕਫ ਕੋਈ ਨਹੀਂ ਹੈ, ਜਿਥੇ ਜਾਣੈ। ਉਥੇ ਕੋਈ ਥਾਂ ਵੀ ਨਹੀਂ ਬਣਾਇਆ, ਕੋਈ ਐਸੇ ਕੰਮ ਵੀ ਨਹੀਂ ਕਰੇ ਜਿਹਦਾ ਮੈਂ ਬਦਲਾ ਲੈ ਜਾਵਾਂ। ਜਿੰਨੇ ਕਰੇ ਨੇ ਉਹ ਸਾਰੇ ਦੇ ਸਾਰੇ ਮੈਂ ਰੋਜ਼ ਗੁਰੂ ਨੂੰ ਸੌਂਪ ਦੇਨਾਂ। ਜੇ ਇਥੇ ਪ੍ਰਚਾਰ ਹੋਇਐ, ਸਿੰਧ 'ਚ ਹੋਇਐ, ਯੂ.ਪੀ. ਵਿਚ ਹੋਇਐ, ਹੋਰ ਅਸਥਾਨਾਂ ਤੇ ਹੋਇਐ, ਉਹ ਮੈਂ ਰੱਖਿਆ ਨਹੀਂ ਆਪਣੇ ਕੋਲ ਕੁਛ ਵੀ। ਜਿਵੇਂ ਈਮਾਨਦਾਰ ਬੱਚਾ ਆਪਣੀ ਕਮਾਈ ਨੂੰ ਆਪਣੇ ਮਾਂ-ਬਾਪ ਨੂੰ ਸੌਂਪ ਦਿੰਦੈ, ਏਸੇ ਤਰ੍ਹਾਂ ਮੈਂ ਸਾਰੀ ਜ਼ਿੰਦਗੀ ਦੇ ਤੁਹਾਡੀ ਨਿਗ੍ਹਾ 'ਚ ਨੇ ਕਿ ਮੈਂ ਨੇਕ ਕੰਮ ਕਰੇ ਨੇ, ਬਾਣੀ ਪੜ੍ਹੀ ਹੈ ਪਾਠ ਕਰੇ ਨੇ, ਉਹ ਮੈਂ ਆਪਣੇ ਕੋਲ ਨਹੀਂ ਕੁਛ ਵੀ ਰੱਖਿਆ, ਉਹ ਸਾਰੇ ਦੇ ਸਾਰੇ ਮੈਂ ਮਹਾਂਪੁਰਸ਼ਾਂ ਦੇ ਖਜ਼ਾਨੇ 'ਚ ਜਮ੍ਹਾਂ ਕਰਵਾ ਦਿਤੇ। ਇਸ ਲਈ ਨਹੀਂ ਕਰਾਏ ਕਿ ਇਹਦਾ ਫੇਰ ਮੈਨੂੰ ਉਥੇ ਗਏ ਨੂੰ ਬਦਲਾ ਮਿਲੇ। ਨਹੀਂ ਬਿਲਕੁਲ ਨਹੀਂ ਮੈਂ ਛੱਡ ਦਿਤਾ। ਛੱਡਣ ਕਰਕੇ ਹੁਣ ਮੇਰੇ ਪੱਲੇ ਤਾਂ ਹੈ ਨਹੀਂ ਕੁਛ ਜਿਹਦਾ ਮੈਂ ਹੌਂਸਲਾ ਰੱਖਾਂ ਕਿ ਮੈਂ ਤਾਂ ਬਹੁਤ ਮਾਲਾ ਮਾਲ ਹੋ ਕੇ ਜਾ ਰਿਹਾਂ ਤੇ ਇਹਦੇ ਵਿਪਰੀਤ ਮੈਂ ਬਿਲਕੁਲ ਖਾਲੀ ਹੱਥ ਜਾ ਰਿਹਾਂ। ਕੋਈ ਚੀਜ਼ ਨਹੀਂ ਮੇਰੇ ਕੋਲ। ਲੇਕਿਨ ਇਕ ਭਰੋਸਾ ਹੈ ਕਿ ਮੇਰਾ ਤਾਂ ਉਥੇ ਕੋਈ ਵਾਕਫ ਹੈ ਜਾਂ ਨਹੀਂ ਹੈ ਪਰ ਇਕ ਮੇਰਾ ਸੱਜਣ ਐਸਾ ਹੈ ਜਿਹਨੇ ਮੈਨੂੰ ਵਿਛੜਨ ਨਹੀਂ ਦੇਣਾ। ਓਹੀ ਪਿਆਰ ਮੈਨੂੰ ਉਸ ਇਕੋ ਨੇ ਦੇਣੈ, ਹੋਰ ਨਹੀਂ ਮੈਂ ਆਸ ਰੱਖਦਾ, ਕਿਉਂਕਿ ਹੋਰ ਮੈਂ ਕੋਈ ਬਣਾਇਆ ਹੀ ਨਹੀਂ, ਇਕੋ ਸੱਜਣ ਬਣਾਇਐ। ਇਕ ਨੂੰ ਹੀ ਸਭ ਕੁਛ ਸਮਝਿਐ। ਆਹ ਵੀ ਦੁਨੀਆਂ ਬੜੀ ਸੋਹਣੀ ਲਗਦੀ ਹੈ, ਬੜਾ ਹੀ ਸੁਹਾਵਾ ਬਾਗ ਹੈ, ਇਹਨੂੰ ਛੱਡਣ ਨੂੰ ਜੀਅ ਨਹੀਂ ਕਰਦਾ, ਦੂਜੇ ਪਾਸੇ ਨਜ਼ਰ ਕੁਛ ਨਹੀਂ ਆਉਂਦਾ, ਸਿਰਫ ਇਕ ਮਹਾਂਪੁਰਸ਼ ਨਜ਼ਰ ਆ ਰਹੇ ਨੇ, ਜਿਨ੍ਹਾਂ ਦੇ ਉਤੇ ਮੈਨੂੰ ਭਰੋਸਾ ਹੈ ਕਿ ਉਨ੍ਹਾਂ ਨੇ ਮੈਨੂੰ ਸਾਂਭ ਲੈਣਾ ਹੈ। ਦੂਜਾ ਗੁਰੂ ਸਾਹਿਬ ਕਹਿੰਦੇ ਨੇ -

*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*
*ਅੰਗ - 1102*

ਉਹ ਸਰੀਰ ਛੱਡ ਕੇ ਵੀ ਨਹੀਂ ਛੱਡ ਕੇ ਜਾਂਦੇ। ਸੋ ਇਸ ਕਰਕੇ ਠੀਕ ਹੈ ਮੈਂ ਤੁਹਾਡਾ ਪਿਆਰ ਮਾਣਿਆ ਹੈ। ਤੁਸੀਂ ਕਹਿੰਦੇ ਓਂ ਤੁਸੀਂ ਪਿਆਰ ਵੰਡਿਆ ਹੈ, ਪਿਆਰ ਮੈਂ ਨਹੀਂ ਵੰਡਿਆ ਤੁਸੀਂ ਮੈਨੂੰ ਪਿਆਰ ਦਿਤਾ ਹੈ। ਮੈਂ ਤਾਂ ਬਿਲਕੁਲ ਖਾਲੀ ਹਾਂ, ਪਰ ਮੈਨੂੰ ਇਹ ਹੈ ਕਿ ਮੈਨੂੰ ਦ੍ਵੈਤ ਨਹੀਂ ਹੈ ਕਿਸੇ ਨਾਲ ਵੀ, ਚਾਹੇ ਕੋਈ ਛੋਟਾ ਬੱਚਾ ਹੈ, ਚਾਹੇ ਭੁੱਲਿਆ ਹੋਇਆ ਹੈ, ਕਿੰਨੀਓ ਵੱਡੀ ਗਲਤੀ ਕਿਸੇ ਨੇ ਕਰ

ਲਈ, ਇਹੋ ਜਿਹੀਆਂ ਵੀ ਗੱਲਾਂ ਕੀਤੀਆਂ ਨੇ ਕਿ ਜਿਹਨੂੰ ਮਾਫ ਹੀ ਨਹੀਂ ਕੀਤਾ ਜਾ ਸਕਦਾ, ਪਰ ਮੇਰੀ ਨਿਗ੍ਹਾ ਦੇ ਕੋਈ ਬੁਰਾ ਲਗਦਾ ਹੀ ਨਹੀਂ ਕੋਈ ਬੁਰਾ। ਬਾਕੀ ਇਹ ਹੈ ਕਿ ਪ੍ਰਕ੍ਰਿਤੀ ਦਾ ਖੇਲ੍ਹ ਹੋ ਰਿਹਾ ਹੈ ਇਹਦੇ ਵਿਚ ਕਈ ਬੰਦੇ ਚੰਗੇ ਹੁੰਦੇ ਨੇ, ਆਪਣੇ ਆਪਣੇ ਰੋਲ ਦਿਤੇ ਹੋਏ ਨੇ ਵਾਹਿਗੁਰੂ ਨੇ, ਕਈ ਬੰਦੇ ਚੰਗੇ ਵੀ ਹੁੰਦੇ ਨੇ, ਕਈ ਮਾੜੇ ਵੀ ਹੁੰਦੇ ਨੇ। ਮਾੜਾ ਬੰਦਾ ਸਦਾ ਮਾੜਾ ਨਹੀਂ ਰਹਿੰਦਾ, ਚੰਗਾ ਬੰਦਾ ਕਦੇ ਸਦਾ ਚੰਗਾ ਨਹੀਂ ਰਹਿੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦੇ ਵਿਚ ਆਉਂਦੇ ਹੀ ਰਹਿੰਦੇ ਨੇ -

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥***
***ਅੰਗ - 876***

ਸੋ ਰਹਿਣ ਦਾ ਜਿਹੜਾ ਸਵਾਲ ਇਥੇ ਰਹਿਆ ਨਹੀਂ ਕਰਦਾ ਸਦਾ ਕੋਈ।

***ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥***
***ਅੰਗ - 1380***

ਬਾਕੀ ਜੋ ਸਰੀਰਕ ਹਾਲਤ ਹੈ ਇਹ ਨਹੀਂ ਹੈ ਕਿ ਮੈਂ ਇਥੋਂ ਦੁਨੀਆਂ ਤੋਂ ਉਕਤਾਅ ਗਿਆ। ਤੁਸੀਂ ਬਹੁਤ ਪਿਆਰ ਦਿੰਦੇ ਓਂ, ਹਰ ਥਾਂ ਤੇ ਪਿਆਰ ਹੈ, ਇਹੋ ਜਿਹਾ ਵਾਤਾਵਰਣ ਕਿ ਐਉਂ ਸਮਝ ਲਓ ਕਿ ਬਹੁਤ ਵੱਡੀਆਂ ਕੋਠੀਆਂ ਛੱਡ ਕੇ ਛਪਰੀਆਂ 'ਚ ਜਾਣਾ ਨਹੀਂ ਚਾਹੁੰਦਾ। ਐਸ ਤਰ੍ਹਾਂ ਦੇ ਨਾਲ ਮੈਂ ਬਹੁਤ ਸੋਚਦਾ ਹਾਂ ਤੁਹਾਡੇ ਮਨਾਂ ਵਿਚ ਬਹੁਤ ਪਿਆਰ ਹੈ। ਛੱਡਣਾ ਬਹੁਤ ਔਖਾ ਹੈ, ਲੇਕਿਨ ਜਦੋਂ ਮੈਂ ਤੁਲਨਾ ਕਰਦਾਂ ਮੈਨੂੰ ਉਹ ਪਿਆਰ ਭਾਰਾ ਨਜ਼ਰ ਆਉਂਦੈ ਸਾਰਿਆਂ ਤੋਂ, ਕਿ ਮੈਂ ਇਕੱਲਾ ਨਹੀਂ ਹੈਗਾ, ਮੇਰਾ ਕੋਈ ਮਾਲਕ ਵੀ ਹੈਗਾ, ਜਿਹੜਾ ਹਾਲੇ ਮੈਨੂੰ ਚਾਹੁੰਦਾ ਨਹੀਂ ਕਿ ਤੂੰ ਜਾਹ। ਮੇਰੀ ਉਮਰ 70 ਸਾਲ ਦੀ ਲਿਖੀ ਹੋਈ ਸੀ, ਲੀਜ਼ ਮਿਲੀ, ਬੀਮਾਰ ਹੋਇਆ, ਦਿਲ ਦੀ ਤਕਲੀਫ ਹੋਈ, ਮੁੜ ਕੇ ਲੀਜ਼ ਮਿਲ ਗਈ, ਫੇਰ ਹੋਇਆ ਹੁਣ ਮੈਂ ਜਾ ਆਇਆ, ਬਾਈਪਾਸ ਸਰਜਰੀ ਹੋਈ, ਫੇਰ ਗਲ 'ਚ ਕੈਂਸਰ ਹੋ ਗਿਆ, ਹਾਰਪੀਜ਼ ਹੋ ਗਈ ਜਿਹਨੂੰ ਜਨੇਊ ਕਹਿੰਦੇ ਨੇ। ਹੋਈ ਜਾਵੇ ਜਿਹੜਾ ਕੁਛ ਹੁੰਦੈ, ਜਾਣ ਤੋਂ ਮੈਨੂੰ ਡਰ ਨਹੀਂ ਲਗਦਾ ਕੋਈ ਵੀ। ਸੋ ਤੁਸੀਂ ਬਹੁਤ ਵੱਡੀਆਂ ਖੁਸ਼ੀਆਂ ਮਨਾਉਂਦੇ ਹੋ ਕਿ ਅੱਜ ਦਾ ਦਿਨ ਹੈ। ਠੀਕ ਹੈ ਪਹਿਲਾਂ ਮੈਂ ਮੰਨਦਾ ਨਹੀਂ ਸੀ ਹੁੰਦਾ, ਹੁਣ ਮੰਨ ਲਿਆ ਮੈਂ ਕਰ ਗਿਆ ਕਿ ਇਨ੍ਹਾਂ ਦਾ ਫਰਜ਼ ਇਹ ਹੈ, ਕਿਉਂਕਿ ਇਨ੍ਹਾਂ ਨੂੰ ਸੁੱਖ ਮਿਲਿਆ ਹੈ ਇਸ ਸਰੀਰ ਤੋਂ, ਇਨ੍ਹਾਂ ਨੇ ਇਨ੍ਹਾਂ ਤਰੀਕਾਂ ਨੂੰ ਗਿਣਨਾ ਹੀ ਗਿਣਨਾ ਹੈ। ਮੇਰੇ ਕਹਿਣ ਤੇ ਨਹੀਂ ਹੱਟਣਾ ਕਿ ਮੈਂ ਕਹੀ ਜਾਵਾਂ ਕਿ ਨਹੀਂ ਜੀ ਮੈਂ ਤਾਂ ਜੰਮਦਾ ਹੀ ਨਹੀਂ, ਮੈਂ ਮਰਦਾ ਹੀ ਨਹੀਂ। ਇਹ ਗਿਆਨ ਦੀਆਂ ਗੱਲਾਂ ਹੋਇਆ ਕਰਦੀਆਂ ਨੇ, ਅਮਲੀ ਨਹੀਂ ਹੋਇਆ ਕਰਦੀਆਂ। ਅਮਲੀ ਤੌਰ ਤੇ ਵਿਛੋੜਾ ਬਹੁਤ ਔਖਾ ਹੈ -

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***
***ਅੰਗ - 83***

ਸੋ ਜਾਣਾ ਤਾਂ ਹੈ ਹੀ ਹੁਣ, 82 ਸਾਲ ਪੂਰੇ ਹੋ ਗਏ, 83ਵਾਂ ਆ ਗਿਆ, ਵਾਹਿਗੁਰੂ ਦੀ ਮਰਜ਼ੀ ਹੈ ਕਿੰਨਾ ਚਿਰ ਹੋਰ ਲੀਜ਼ ਦੇ ਦਿੰਦੈ। ਸਿਹਤ ਕਿੰਨੀ ਕੁ ਦਿੰਦੈ, ਕੋਈ ਕਰਮ ਭੋਗਣਾ ਰਹਿ ਗਿਆ, ਉਹ ਵੀ ਭੁਗਾ ਕੇ ਮੇਟਣਾ ਚਾਹੁੰਦੈ। ਇਹ ਉਹਦੀ ਮਰਜ਼ੀ ਹੈ। ਮੈਂ ਨਹੀਂ ਤੁਹਾਡੇ ਨਾਲ ਬੇਰੁਖੀ ਕਰਦਾ ਕਿ ਮੈਂ ਚਲਿਆ ਜਾਵਾਂ। ਨਾ ਮੈਂ ਫੁਰਨਾ ਕਰਦਾਂ, ਇਹੋ ਜਿਹੀ ਸੰਗਤ ਮਿਲਦੀ ਹੈ ਕਿਤੇ। ਇਹ ਤਾਂ ਬਹੁਤ ਉਚੇ ਭਾਗ ਹੋਣ ਤਾਂ ਐਨਾ ਪਿਆਰ ਮਿਲਦੈ। ਛੋਟੇ ਤੋਂ ਛੋਟਾ ਬੱਚਾ ਵੀ ਮੈਨੂੰ ਪਿਆਰ ਕਰਦਾ ਹੈ। ਪਿਆਰ ਦੇ ਜੀਵਨ ਵਿਚ ਅਸੀਂ ਰਹਿੰਦੇ ਹਾਂ, ਪਿਆਰ ਦੇ ਵਿਚ ਰਹਿ ਕੇ ਕਿਸੇ ਦਾ ਵੀ ਮਨ ਨਹੀਂ ਕਰਦਾ ਕਿ ਠੰਢੀਆਂ ਕੋਠੀਆਂ ਛੱਡ ਕੇ ਫੇਰ ਜਾ ਕੇ ਝੌਂਪੜੀਆਂ 'ਚ ਵਸ ਜਾਓ। ਟੀਨਾਂ ਦੀਆਂ ਸ਼ੈਡਾਂ 'ਚ ਚਲੇ ਜਾਓ। ਪਰ ਉਹ ਹੈਗੀ ਹੁਕਮ ਦੀ ਖੇਡ। ਬਾਕੀ ਤੁਹਾਡੇ ਨਾਲ ਜਿਹੜਾ ਸਾਥ ਰਿਹਾ ਹੈ ਇਹ ਸੰਜੋਗਾਂ ਦੀ ਗੱਲ ਹੁੰਦੀ ਹੈ। ਜੇ ਮੈਂ ਸਿੰਧ 'ਚ ਗਿਆ ਦਾੜ੍ਹੀ ਨਹੀਂ ਸੀ ਮੇਰੇ ਆਈ, ਉਸ ਵੇਲੇ ਤੋਂ ਹੀ ਪ੍ਰਚਾਰ ਮੈਂ ਸ਼ੁਰੂ ਕੀਤਾ ਹੋਇਆ ਹੈ। ਪਿੰਡ ਵਿਚ ਵੀ ਸੀਗਾ। ਪਿੰਡ ਵਿਚ ਸਾਡੇ ਘਰ ਨੂੰ ਸਿੱਖਾਂ ਦਾ ਘਰ ਕਹਿੰਦੇ ਸੀ।

ਟਾਂਵੇਂ-ਟਾਂਵੇਂ ਸਿੱਖ ਹੁੰਦੇ, ਜੇ ਪੁੱਛਣਾ ਕਿਸੇ ਨੇ ਤਾਂ ਕਹਿਣਾ ਸਿੱਖਾਂ ਦਾ ਮੁੰਡਾ ਹੈ ਇਹ। ਸਿੱਖਾਂ ਦਾ ਮੁੰਡਾ ਹੋਣ ਕਰਕੇ ਅਸੀਂ ਕੀਰਤਨ ਵੀ ਕਰਨਾ, ਘਰ-ਘਰ ਕੀਰਤਨ ਕਰਨਾ, ਨਿਆਣੇ ਹੁੰਦਿਆਂ ਨੇ ਹੀ ਸ਼ੁਰੂ ਕਰ ਲਿਆ ਇਹ। ਜਦੋਂ ਮੈਂ ਸਿੰਧ ਵਿਚ ਗਿਆ ਉਥੇ ਜਾ ਕੇ ਬਾਕਾਇਦਾ ਪ੍ਰਚਾਰ ਸ਼ੁਰੂ ਕਰ ਦਿਤਾ। ਉਥੇ ਮੈਂ ਤਨਖਾਹ ਨਹੀਂ ਲਈ ਹੈ ਬਿਲਕੁਲ ਵੀ, ਉਥੇ ਮੈਂ ਚਾਰ ਏਕੜ ਕਪਾਹ ਬੀਜ ਦਿਤੀ ਸੀ। ਬੀਜ ਦਿੰਦੇ ਸੀ ਇਹ ਸਿੰਘ, ਮੇਰੇ ਕੋਲ ਆ ਜਾਂਦੇ ਸੀ, ਗੁਜ਼ਾਰਾ ਚਲ ਜਾਂਦਾ ਸੀ, ਬਹੁਤਾ ਖਰਚ ਜਦ ਹੁੰਦਾ ਹੀ ਨਹੀਂ ਸੀਗਾ। ਉਸ ਤੋਂ ਬਾਅਦ ਜਦੋਂ ਮਹਾਰਾਜ ਜੀ ਨੇ ਮੈਨੂੰ ਬੁਲਾ ਲਿਆ, ਮਹਾਰਾਜ ਜੀ ਨੇ ਮੈਨੂੰ ਦਿੱਲੀ ਭੇਜ ਦਿਤਾ। ਛੇ ਮਹੀਨੇ ਰੱਖਿਆ। ਉਸ ਤੋਂ ਬਾਅਦ ਰਾੜੇ ਵਾਲੇ ਪਾਸੇ ਆ ਰਹੇ ਨੇ ਪਿੰਡ ਵਲ ਨੂੰ, ਟਿੱਬੇ ਹੁੰਦੇ ਸੀ ਬਹੁਤ ਵੱਡੇ, ਮਹਾਰਾਜ ਜੀ ਨਾਲ ਹੀ ਰੱਖਦੇ ਸੀ ਮੈਨੂੰ, ਗੜਵਾ ਮੈਨੂੰ ਹੀ ਫੜਾਉਂਦੇ ਸੀ। ਬਚਨ ਕਰੀ ਜਾਣੇ, ਗੱਲਾਂਬਾਤਾਂ ਮੈਨੂੰ ਵੀ ਬਹੁਤ ਆਉਂਦੀਆਂ ਸੀ। ਕਦੇ ਮੈਂ ਕਰੀ ਜਾਣੀਆਂ, ਮਹਾਰਾਜ ਜੀ ਨੇ ਸੁਣੀ ਜਾਣੀਆਂ, ਮਹਾਰਾਜ ਨੇ ਕਰੀ ਜਾਣੀਆਂ ਤਾਂ ਮੈਂ ਸੁਣੀ ਜਾਣੀਆਂ। ਪਰ ਮੈਨੂੰ ਕਹਿੰਦੇ ਨਹੀਂ ਸੀ ਕਿ ਤੂੰ ਬਹੁਤੀਆਂ ਗੱਲਾਂ ਕਿਉਂ ਕਰਦੈਂ। ਇਕ ਗਿਆਨੀ ਮੇਹਰ ਸਿੰਘ ਹੁੰਦੇ ਸੀ ਉਹ ਵੀ ਬਹੁਤ ਗੱਲਾਂ ਕਰਦੇ ਹੁੰਦੇ ਸੀ। ਮਹਾਰਾਜ ਜੀ ਇਕ ਦਿਨ ਮੇਰੇ ਇਕ ਦਮ ਸਾਮ੍ਹਣੇ ਖੜ੍ਹ ਗਏ, ਸੋਟੀ ਸੀ ਉਨ੍ਹਾਂ ਕੋਲ ਜਿਹਦੇ ਉਤੇ ਬੈਠ ਵੀ ਜਾਈਦੈ, ਉਹ ਐਊਂ ਚੌੜੀ ਕਰ ਲਈ, ਖੜ੍ਹੇ ਰਹੇ। ਮੈਂ ਹੈਰਾਨ ਕਿ ਅੱਜ ਮਹਾਰਾਜ ਜੀ ਮੁਹਰੇ ਕਿਉਂ ਹੋ ਕੇ ਖੜ੍ਹ ਗਏ, ਮੈਂ ਕਿਹਾ ਮਹਾਰਾਜ ਜੀ ਕੀ ਗੱਲ? ਕਹਿੰਦੇ ਇਕ ਗੱਲ ਦੱਸ ਮੈਨੂੰ ਕਿ ਅੱਗ ਕਿੰਨੀ ਕੁ ਤੇਜ਼ ਹੁੰਦੀ ਹੈ। ਮੈਂ ਕਿਹਾ ਬਹੁਤ ਤੇਜ਼ ਹੁੰਦੀ ਹੈ ਜੀ, ਜਾਲ ਦਿੰਦੀ ਹੈ। ਕਹਿੰਦੇ, ਕੋਈ ਐਸਾ ਪਿਉ ਦੁਨੀਆਂ 'ਚ ਹੈ ਜਿਹੜਾ ਆਪਣੇ ਪੁਤਰ ਨੂੰ ਅੱਗ ਵਿਚ ਸੁੱਟ ਦੇਵੇ। ਮੈਂ ਕਿਹਾ ਮਹਾਰਾਜ ਜੀ, ਅੱਗ ਵਿਚ ਗਿਰੇ ਹੋਏ ਪੁੱਤਰ ਨੂੰ ਪਿਉ ਚਾਹੇ ਜਲ ਜਾਵੇ ਪਰ ਕੱਢ ਲਿਆਉਂਦੈ। ਕਹਿੰਦੇ ਆਹੀ ਗੱਲ ਹੈ। ਮੈਂ ਤੈਨੂੰ ਅੱਗ ਵਿਚ ਸੁੱਟਣ ਲੱਗਿਆਂ। ਗੱਲ ਮੇਰੇ ਸਮਝ 'ਚ ਨਾ ਆਈ ਕਿ ਅੱਗ ਵਿਚ ਸੁਟਣੈ, ਸੁਟਣੈ ਸੁੱਟ ਦੇਣ ਉਨ੍ਹਾਂ ਦੀ ਰਜ਼ਾ ਹੈ, ਮਰਜ਼ੀ ਹੈ। ਮੈਂ ਕਿਹਾ ਮਹਾਰਾਜ ਮੈਨੂੰ ਸਮਝਾ ਦਿਓ। ਉਹ ਕਹਿਣ ਲੱਗੇ, ਤੂੰ ਗ੍ਰਹਿਸਤ ਦੇ ਫਿੱਟ ਨਹੀਂ ਸੀਗਾ। ਲੇਕਿਨ ਤੇਰੇ ਕਰਮ ਬਚਦੇ ਨੇ, ਉਹ ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ, ਫੇਰ ਪਤਾ ਨਹੀਂ ਅਗਲੇ ਜਨਮ ਵਿਚ ਤੈਨੂੰ ਕੋਈ ਸਾਧੂ ਮਿਲੇ ਨਾ ਮਿਲੇ, ਅਸੀਂ ਤਾਂ ਚਲੇ ਜਾਣੈ, ਮੈਂ ਤਾਂ ਮੁੜ ਕੇ ਆਉਣਾ ਨਹੀਂ ਸੰਸਾਰ 'ਤੇ। ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ। ਮੈਂ ਰੋਣ ਲਗ ਗਿਆ, ਮੈਨੂੰ ਪਤਾ ਲੱਗ ਗਿਆ ਕਿ ਮਹਾਰਾਜ ਮੈਨੂੰ ਹੁਣ ਘਰ ਭੇਜਣਗੇ। ਕਹਿੰਦੇ ਰੋ ਨਾ, ਅਸੀਂ ਤੇਰੀ ਮਦਦ ਕਰਾਂਗੇ, ਲੇਕਿਨ –

***ਭੋਗੇ ਬਿਨ ਭਾਗੇ ਨਹੀਂ ਕਰਮਗਤੀ ਬਲਵਾਨ।***

ਕਰਮਗਤੀ ਐਨੀ ਬਲਵਾਨ ਹੈ ਇਹ ਤੈਨੂੰ ਭੋਗਣੀ ਪੈਣੀ ਹੈ। ਕੁਝ ਜੀਵਾਂ ਨੇ ਆਉਣੈ, ਗ੍ਰਹਿਸਤ ਦਾ ਜੀਵਨ ਲੈਣੇ-ਦੇਣੇ, ਔਖੇ-ਸੌਖੇ, ਭਾਈਚਾਰੇ ਨਾਲ ਵਰਤਣਾ, ਭਰਾਵਾਂ ਨਾਲ ਵਰਤਣਾ, ਰਿਸ਼ਤੇਦਾਰਾਂ ਨਾਲ ਵਰਤਣਾ, ਇਹ ਸਾਰੇ ਤੇਰੇ ਕਰਮ ਬਕਾਇਆ ਰਹਿੰਦੇ ਨੇ ਏਸ ਜਨਮ ਦੇ, ਇਹ ਤੂੰ ਭੋਗ ਲੈ। ਤੂੰ ਹੌਂਸਲਾ ਰੱਖ, ਸਾਡਾ ਸਰੀਰ ਜਿੰਨਾਂ ਚਿਰ ਹੈ ਅਸੀਂ ਤੈਨੂੰ ਕੋਈ ਔਖ ਨਹੀਂ ਹੋਣ ਦਿੰਦੇ। ਬਿਲਕੁਲ ਉਨ੍ਹਾਂ ਨੇ ਜਿਹੜਾ ਬਚਨ ਕਿਹਾ ਸੀ, ਉਹ ਬਿਲਕੁਲ ਠੀਕ ਸੀ। ਉਹ ਕਰਮ ਜਿਹੜੇ ਸੀ ਮੈਨੂੰ ਪਤਾ ਹੈ ਕਿ ਮੈਂ ਕਿਹੜਾ ਕਰਮ ਹੁਣ ਭੋਗ ਰਿਹਾ ਹਾਂ। ਲੇਕਿਨ ਮੇਰਾ ਨੁਕਸਾਨ ਬਹੁਤ ਹੋਇਐ। ਨੁਕਸਾਨ ਇਹ ਕਿ ਜਿਹੜਾ ਮੈਨੂੰ ਅਦਾਕਾਰੀ ਮਿਲੀ ਹੈ ਨਾ ਜੀਵਨ ਦੀ ਉਹ ਬੜੀ ਟੇਡੀ-ਮੇਢੀ ਸੀ। ਜੇ ਮੈਂ ਬਗੈਰ ਰੁਜ਼ਗਾਰ ਤੋਂ ਚੱਲਿਆ ਹਾਂ ਤਾਂ, ਮੈਂ ਪਾਠ ਦਾ ਕਦੇ ਪੈਸਾ ਨਹੀਂ, ਪਾਠ ਤਾਂ ਮੈਨੂੰ ਬਹੁਤ ਵਧੀਆ ਆਉਂਦੈ, ਗੁਜ਼ਾਰਾ ਕਰ ਸਕਦਾ ਸੀ। ਉਹਦੇ ਵਿਚ ਨਹੀਂ ਮੈਂ ਆਇਆ, ਕੋਈ ਮੇਰੀ ਪ੍ਰਸ਼ੰਸਾ ਕਰੀ ਜਾਵੇ ਮੈਂ ਉਹਦੇ ਵਿਚ ਵੀ ਨਹੀਂ ਆਇਆ, ਲਾਲਚ ਵਿਚ ਨਹੀਂ ਆਇਆ, ਹੋਰ ਚੀਜ਼ਾਂ ਵਿਚ ਨਹੀਂ ਆਇਆ, ਉਥੇ ਮੈਂ ਸਹੀ ਰਿਹਾ। ਸਹੀ ਇਸ ਤਰ੍ਹਾਂ ਮੈਨੂੰ ਇਹ ਪਤਾ ਲਗ ਗਿਆ ਕਿ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥*** *ਅੰਗ - 10*

100% ਵਿਸ਼ਵਾਸ਼ ਹੋ ਗਿਆ ਕਿ ਰੋਟੀ ਤਾਂ ਵਾਹਿਗੁਰੂ ਜੀ ਨੇ ਦੇਣੀ ਹੀ ਦੇਣੀ ਹੈ। ਆਪ ਲੈ ਕੇ ਆਊਗਾ ਜੇ ਨਹੀਂ ਕੁਛ ਕਰੂੰਗਾ ਜਾਂ ਕਿਸੇ ਨੂੰ ਭੇਜੇਗਾ। ਉਸੇ ਸਬੰਧ ਵਿਚ ਮੈਂ ਇਕ ਪਿੰਡ ਵਿਚ ਚਲਿਆ ਗਿਆ, ਅਬਾਦਕਾਰ ਸੀਗੇ, ਉਥੇ ਮੈਨੂੰ ਇਕ ਟੋਭਾ ਵਧੀਆ ਲੱਗਿਆ ਮੈਂ ਬਹਿ ਗਿਆ। ਉਥੇ ਕਰਾਹ ਚਲਦਾ ਸੀ, ਜਦੋਂ ਦੁਪਹਿਰਾ ਹੋ ਗਿਆ ਤਾਂ ਉਹ ਲਾਹੌਰ ਦਾ ਸੀਗਾ, ਕਹਿਣ ਲੱਗਿਆ ਕਿ ਕੁੜੀਏ ਅੱਜ ਕਿੰਨੇ ਬੰਦਿਆਂ ਦੀ ਰੋਟੀ ਲਿਆਈ ਹੈਂ। ਕਹਿੰਦੀ ਬਾਪੂ ਅੱਜ ਤਿੰਨ ਬੰਦਿਆਂ ਦੀ ਬੰਨ੍ਹ ਦਿਤੀ ਬੀਬੀ ਨੇ। ਹੁਣ ਦੋ ਤਾਂ ਉਹ ਸੀ, ਤੀਸਰਾ ਮੈਂ ਬੈਠਾ ਸੀ ਪਰ੍ਹੇ। ਬੀਬੀ ਨੂੰ ਤਾਂ ਕੋਈ ਪਤਾ ਨਹੀਂ ਸੀ ਕਿ ਤੀਜਾ ਬੰਦਾ ਵੀ ਉਥੇ ਕੋਈ ਹੈਗਾ। ਉਤਾਬ੍ਹਾ ਸਿੰਘ ਸੀ ਉਹਦਾ ਨਾਂ, ਕਹਿੰਦਾ ਜਾਹ ਮੁੰਡਿਆ ਗੁਰਪਾਲ, ਜਾਹ ਉਹ ਨਿੱਕੇ ਨੂੰ ਬੁਲਾ ਲਿਆ ਜਿਹੜਾ ਅੱਖਾਂ ਮੀਚੀ ਬੈਠੈ ਸਵੇਰ ਦਾ। ਉਹ ਮੇਰੇ ਕੋਲ ਆਇਆ, ਕਹਿੰਦਾ ਬਾਪੂ ਬੁਲਾਉਂਦੈ। ਮੈਂ ਚਲਿਆ ਗਿਆ। ਕਹਿੰਦਾ ਲੈ ਰੋਟੀ ਖਾ ਲੈ। ਮੈਂ ਕਿਹਾ, ਐਂ ਤਾਂ ਨਹੀਂ ਮੈਂ

ਖਾਣੀ। ਕਹਿੰਦਾ ਹੋਰ ਕਿਵੇਂ ਖਾਣੀ ਹੈ। ਮੈਂ ਕਿਹਾ ਮੇਰੇ ਤੋਂ ਕੰਮ ਕਰਵਾ ਲੈ, ਐਸ ਤਰ੍ਹਾਂ ਤਾਂ ਖਾਣੀ ਨਹੀਂ। ਕਰਾਹ ਚਲਾਉਣ ਮੈਂ ਜਾਣਦਾ ਹਾਂ, ਤੂੰ ਇਕ ਘੰਟਾ ਮੇਰੇ ਤੋਂ ਕਰਾਹ ਕਰਾ ਲੈ, ਇਕ ਰੋਟੀ ਮੈਂ ਖਾਂਦਾ ਹਾਂ ਅੱਠਾਂ ਪਹਿਰਾਂ ਬਾਅਦ, ਜੇ ਮੈਂ ਇਥੇ ਰਿਹਾ ਤਾਂ ਤੇਰਾ ਇਕ ਘੰਟਾ ਰੋਜ਼ ਕੰਮ ਕਰ ਦਿਆ ਕਰਾਂਗਾ, ਤੂੰ ਮੈਨੂੰ ਇਕ ਰੋਟੀ ਦੇ ਦਿਆ ਕਰੀਂ। ਉਹ ਵੀ ਅੜ ਗਿਆ। ਅਖੀਰ ਇਹ ਹੋਇਆ ਕਿ ਉਹਨੇ ਬਲਦ ਜੋੜ ਦਿਤੇ, ਮੈਂ ਕਰਾਹ ਦਾ ਕੰਨਾ ਫੜ ਲਿਆ, ਭਰ ਕੇ ਲਿਆਂਦਾ, ਕਹਿੰਦਾ ਮੁੰਡਾ ਹੈ ਤਾਂ ਕਾਰੀਗਰ ਦੇਖੋ ਕਿਵੇਂ ਭਰ ਕੇ ਲਿਆਇਐ ਕਰਾਹ। ਕਹਿੰਦਾ, ਲੈ ਬਈ ਤੇਰਾ ਰੋਟੀ ਜੋਗਾ ਹੋ ਗਿਆ। ਮੈਂ ਕਿਹਾ ਐ ਨਹੀਂ। ਮੇਰੇ ਮੂੰਹ ਤੋਂ ਨਿਕਲ ਗਿਆ ਕਿ ਤੂੰ ਮੇਰੇ ਤੋਂ ਭਲਾ ਕਰਵਾ ਲੈ। ਦਾੜ੍ਹੀ ਨਹੀਂ ਸੀ ਓਦੋਂ ਮੇਰੀ ਆਈ। ਛੋਟਾ ਸੀ 18-19 ਸਾਲ ਦਾ। ਕਹਿੰਦਾ ਭਲਾ ਤਾਂ ਮੇਰਾ ਕਰ ਦੇ ਪਰ ਮੈਂ ਸ਼ਰਾਬ ਨਹੀਂ ਛੱਡਣੀ, ਮੈਨੂੰ ਗੁੜ੍ਹਤੀ 'ਚ ਮਿਲੀ ਹੈ। ਮੈਂ ਕਿਹਾ, ਬਾਪੂ! ਮੈਂ ਸ਼ਰਾਬ ਛਡਾਊਂਗਾ। ਕਹਿੰਦਾ ਜੇ ਛੁਡਾ ਦੇਂਗਾ ਫੇਰ ਦੇਖਾਂਗਾ। ਫੇਰ ਮੈਂ ਕਿਹਾ ਮੈਨੂੰ ਕਿਉਂ ਕਹਿੰਦੇ ਓਂ ਕਿ ਰੋਟੀ ਖਾ ਲੈ। ਮੁੰਡਾ ਕਹਿਣ ਲੱਗਿਆ, ਭਾਊ ਜੀ! ਮੈਂ ਛੱਡੀ ਸ਼ਰਾਬ। ਉਥੇ ਮੈਂ ਇਕ ਮਹੀਨਾ ਰਿਹਾ ਉਨ੍ਹਾਂ ਦੇ ਘਰ, ਬਾਣੀ ਪੜ੍ਹਨ ਲਾ ਦਿਤੀਆਂ ਸਾਰੀਆਂ ਬੀਬੀਆਂ, ਨਸ਼ਵਾਰ ਲੈਂਦੀਆਂ ਸੀ ਤੇ ਹੌਲੀ ਹੌਲੀ ਉਂਗਲ ਮੈਂ ਰੋਜ਼ ਡੋਲ੍ਹ ਦਿੰਦਾ ਸੀ, ਜਿਸ ਦਿਨ ਡੁਲ੍ਹ ਗਈ ਆਖਰੀ ਦਿਨ ਆ ਗਿਆ ਐਨੀ ਕੁ ਪਈ ਸੀ, ਉਹ ਰੋਣ ਲਗ ਗਿਆ ਬਜ਼ੁਰਗ। ਕਹਿਣ ਲੱਗਿਆ, "ਆਹ ਆ ਗਿਆ ਤੇਰੇ ਤੇ ਮੇਰੇ ਵਿਚ ਪਾੜ੍ਹ ਪਾਉਣ ਵਾਲਾ, ਸ਼ਰਾਬ ਨਾਲ ਗੱਲ ਕਰਦੈ।" ਜਦ ਮੈਂ ਜੰਮਿਆ ਸੀ ਮੇਰੀ ਮਾਂ ਨੇ ਗੁੜ੍ਹਤੀ ਦਿਤੀ ਸੀ, ਤੂੰ ਮੇਰੀ ਜਮਾਂਦਰੂ ਸਾਥੀ, ਆਹ ਮੁੰਡਾ ਪਤਾ ਨਹੀਂ ਕਿਥੋਂ ਆ ਗਿਆ, ਤੇਰਾ ਤੇ ਮੇਰਾ ਇਹਨੇ ਦੁਫੇੜ ਪਾ ਦਿਤਾ। ਉਚੀ-ਉਚੀ ਰੋਇਆ। ਘੁਮਾ ਕੇ ਸ਼ਰਾਬ ਦੀ ਬੋਤਲ ਮਾਰੀ, ਕਹਿੰਦਾ ਲੈ ਹੁਣ ਤੇਰਾ ਤੇ ਮੇਰਾ ਪਿਆਰ ਟੁੱਟਿਆ। ਇਹ ਮੈਂ ਇਕ ਮਿਸਾਲ ਦੱਸਦਾ ਹਾਂ ਕਿ ਇਹ ਮੈਂ ਕੋਈ ਉਪਦੇਸ਼ ਨਾਲ ਨਹੀਂ ਸੀ ਉਸ ਦੀ ਸ਼ਰਾਬ ਛੁਡਾਈ। ਇਸ ਤਰ੍ਹਾਂ ਦੇ ਨਾਲ ਮੈਂ ਆਪਣਾ ਜੀਵਨ ਗੁਜ਼ਾਰ ਰਿਹਾ ਸੀ।

ਉਸ ਤੋਂ ਬਾਅਦ ਮੈਂ ਪਿੰਡ ਆਇਆ, ਪਿੰਡ ਵੀ ਓਹੀ ਕੰਮ ਸ਼ੁਰੂ ਕਰ ਲਿਆ। ਜਦੋਂ ਮੈਂ ਨੌਕਰੀ ਕਰੀ ਫੌਜ ਵਿਚ ਉਥੇ ਵੀ ਇਹੀ ਕੰਮ ਕਰਦਾ ਰਿਹਾ। ਜਦੋਂ ਮੈਂ ਸਿਵਲ 'ਚ ਆ ਗਿਆ, ਸੈਕਟਰੀਏਟ 1957 ਵਿਚ, ਪਹਿਲਾਂ ਪਟਿਆਲਾ ਹੁੰਦਾ ਸੀ। ਉਹਦੇ ਵਿਚ ਵੀ ਨੌਕਰੀ ਕਰਕੇ ਦੱਸੀ ਕਿ ਨੌਕਰੀ ਕਿਵੇਂ ਕਰੀਦੀ ਹੈ। ਮੇਰੇ ਕੋਲ ਪਰਚੇਜ਼ ਦੀ ਬਰਾਂਚ ਸੀ, ਜਿਹਦੇ ਵਿਚ ਲੱਖਾਂ ਹੀ ਰੁਪਿਆ ਕਮੀਸ਼ਨ ਮਿਲਦੈ। ਇਕ ਦਿਨ ਦੀ ਗੱਲ ਕਿ ਇਕ ਠੇਕਾ ਕਰਿਆ, ਉਹ ਮੈਂ ਲਿਖ ਦਿਤਾ ਕਿ ਮਹਿੰਗਾ ਹੈ। ਜਦ ਮੈਂ ਲਿਖ ਰਿਹਾ ਸੀ ਤਾਂ ਠੇਕੇਦਾਰ ਨੇ ਮੇਰੀ ਬਾਂਹ ਫੜ ਲਈ, ਕਹਿੰਦਾ ਬਾਹਰ ਆਇਓ। ਜਦ ਮੈਂ ਬਾਹਰ ਆਇਆ ਤਾਂ ਤਿੰਨ ਹਜ਼ਾਰ ਰੁਪਿਆ ਦੇਵੇ। ਤਿੰਨ ਹਜ਼ਾਰ ਨੂੰ ਦੋ ਸੌ ਨਾਲ ਗੁਣਾਂ ਦੇ ਲਓ ਛੇ ਲੱਖ ਹੋ ਗਿਆ। ਕਹਿੰਦਾ ਆਹ ਲੈ ਲਓ ਤੁਸੀਂ ਪਰ ਲਿਖੋ ਨਾ। ਮੈਂ ਕਿਹਾ, ਹੁਕਮ ਚੰਦ, ਮੈਂ ਤਾਂ ਲਿਖਣਾ ਹੈ ਮੇਰੀ ਡਿਊਟੀ ਹੈ ਇਹ। ਐਨੇ ਨੂੰ ਅੱਧੀ ਛੁੱਟੀ ਹੋ ਗਈ ਮੈਂ ਘਰ ਆ ਗਿਆ, ਉਥੇ ਦੱਸ ਹਜ਼ਾਰ ਰੁਪਿਆ ਲੈ ਆਇਆ ਅੱਜ ਦੇ 15 ਲੱਖ ਦੇ ਬਰਾਬਰ। ਕਹਿੰਦਾ ਅੱਧੇ ਦਿਨ ਤੋਂ ਬਾਅਦ ਦਫਤਰ ਨਹੀਂ ਜਾਣਾ, ਆ ਲਓ ਦੱਸ ਹਜ਼ਾਰ ਰੁਪਿਆ। ਅਫਸਰ ਤੋਂ ਛੁਟੀ ਕਰਵਾ ਕੇ ਲੈ ਆਇਆ, ਉਸ ਦੇ ਉਪਰ ਮੇਰੇ ਦਸਤਖਤ ਨਹੀਂ ਸੀ। ਕਹਿੰਦਾ ਦਸਤਖਤ ਕਰ ਦਿਓ। ਸਿਰਫ ਦਸਤਖਤ ਕਰਨ ਦੇ ਮੈਨੂੰ ਦੱਸ ਹਜ਼ਾਰ ਰੁਪਿਆ ਮਿਲਦਾ ਸੀ। ਕਹਿੰਦਾ ਤੁਹਾਡੇ ਤੋਂ ਕੰਮ ਮੈਂ ਬਾਅਦ ਵਿਚ ਕਰਾ ਲਵਾਂਗਾ। ਅਕਾਊਂਟੈਂਟ, ਜਨਰਲ ਤੱਕ ਸਾਰਿਆਂ ਨੂੰ ਮੈਂ ਪੈਸੇ ਦੇ ਚੁਕਿਆ ਹਾਂ। ਮੈਂ ਨਹੀਂ ਲਏ। ਮੈਨੂੰ ਡੇਗ ਨਹੀਂ ਸਕੀ ਮਾਇਆ। ਮੈਨੂੰ ਬੜੀ ਦੇਰ ਬਾਅਦ ਮਿਲਿਆ ਉਹ ਕਹਿੰਦਾ ਵਰਿਆਮ ਸਿੰਘ, ਜੇ ਤੂੰ ਉਸ ਵੇਲੇ ਪੈਸਾ ਲੈ ਲੈਂਦਾ, ਕਿੱਡਾ ਵੱਡਾ ਤੂੰ ਹੁੰਦਾ ਤੇ ਮੈਂ ਕਿੱਡਾ ਠੇਕੇਦਾਰ ਹੋਣਾ ਸੀ। ਇਸ ਤਰ੍ਹਾਂ ਮੈਂ ਨਹੀਂ ਪੈਸਾ ਲਿਆ ਕਿਸੇ ਤੋਂ ਵੀ। ਸੋ ਦਸਿਆ ਕਰਕੇ ਕਿ ਨੌਕਰੀ ਸਹੀ ਕਿਵੇਂ ਕਰੀਦੀ ਹੈ। ਦਿਨ ਰਾਤ ਕੰਮ ਕਰਿਆ। ਅਫਸਰ ਸਾਰੇ ਇਸ ਗੱਲ ਉਤੇ ਸੀਗੇ ਕਿ ਇਹ ਕੰਮ ਕਰ ਰਿਹਾ ਹੈ। ਇਸ ਤੋਂ ਬਾਅਦ ਮੈਂ ਸਿਵਲ 'ਚ ਆ ਗਿਆ, ਇਥੇ ਬਹੁਤ ਕੰਮ ਕਰਿਆ। ਇਥੇ ਮੇਰਾ ਜਿਹੜਾ ਅਫਸਰ ਸੀ ਉਹ ਕਹਿਣ ਲੱਗਿਆ ਮੈਂ ਤੇਰੇ ਨਾਲ ਗੱਲ ਕਰਨੀ ਹੈ, ਉਹਨੇ ਮੈਨੂੰ ਕੁਰਸੀ ਤੇ ਬਿਠਾਲ ਲਿਆ, ਕਹਿਣ ਲੱਗਿਆ ਆਹ ਦੇਖ, ਤੇਰੀਆਂ ਫਾਇਲਾਂ ਧਰਤੀ ਤੋਂ ਲਗ ਕੇ ਇਥੇ ਤਕ ਆ ਗਈਆਂ। ਮੇਰੇ ਥੱਲੇ ਦੋ ਬਰਾਂਚਾਂ ਹੋਰ ਨੇ, ਆਹ ਪਈਆਂ ਨੇ ਚਾਰ-ਚਾਰ ਫਾਇਲਾਂ। ਤੂੰ ਇਕੱਲਾ ਮੈਂ ਸਾਰਾ ਦਿਨ ਤੇਰਾ ਕੰਮ ਕਰਦਾਂ, ਤੂੰ ਸ਼ਿਕਾਇਤ ਕਿਉਂ ਨਹੀਂ ਕਰਦਾ। ਤੇਰੇ ਕੋਲ ਐਨਾ ਜ਼ਿਆਦਾ ਕੰਮ ਹੈ ਤੇ ਰੋਜ਼ ਦੀ ਰੋਜ਼ ਤੂੰ ਕੱਢਦੈ ਤੇ ਮੈਨੂੰ ਪਤਾ ਲੱਗਿਐ ਕਿ ਚਾਰ ਵਜੇ ਤੂੰ ਆਉਂਦੈ ਤੇ 11 ਵਜੇ ਰਾਤ ਨੂੰ ਜਾਂਦੈ। ਮੈਂ ਕਿਹਾ ਭਨੋਟ ਸਾਹਿਬ! ਤੈਨੂੰ ਇਕ ਗੱਲ ਦੱਸਾਂ, ਤੁਹਾਡਾ ਗਿਰਜਾ ਹੁੰਦੈ ਨਾ। ਕਹਿੰਦਾ ਹਾਂ। ਮੈਂ ਕਿਹਾ ਕਿੱਡਾ ਕੁ ਹੁੰਦੈ? 18 ਸੈਕਟਰ ਵਾਲਾ। ਮੈਂ ਕਿਹਾ, ਸਾਡਾ ਗੁਰਦੁਆਰਾ ਹੁੰਦੈ। ਇਕ ਗੁਰਦੁਆਰਾ ਉਹ ਹੈ ਜੋ ਅਸੀਂ ਬਣਾਉਂਦੇ ਹਾਂ, ਇਕ ਗੁਰਦੁਆਰਾ ਸਾਨੂੰ ਗੁਰੂ ਨੇ ਦੱਸਿਐ। ਉਹ ਗੁਰਦੁਆਰਾ ਸਾਡਾ ਦਿੱਲੀ ਤੋਂ ਜਮੁਨਾ ਦੇ ਨਾਲ ਤੁਸੀਂ ਲਾਈਨ ਕੱਢ ਲਓ ਤੇ ਤਿੱਬਤ ਤੱਕ ਚਲੇ ਜਾਓ

ਤੇ ਇਧਰ ਪਾਕਿਸਤਾਨ ਐ, ਹੇਠਾਂ ਚਲੇ ਜਾਓ ਜਾ ਕੇ ਦਿੱਲੀ ਤੋਂ ਥੱਲੇ ਹਰਿਆਣੇ ਦੇ ਮਹਿੰਦਰਗੜ੍ਹ, ਤੱਕ ਐਡਾ ਗੁਰਦੁਆਰਾ ਹੈ ਮੇਰਾ। ਮੇਰੇ ਕੋਲ ਹੈ ਕੁਦਰਤੀ ਆਫਤਾਂ ਦਾ ਮਹਿਕਮਾਂ। ਜੇ ਮੇਰੇ ਹੁੰਦੇ ਹੁੰਦੇ ਇਕ ਬੰਧ ਟੁੱਟ ਗਿਆ, ਇਕ ਬੰਦਾ ਰੁੜ੍ਹ ਗਿਆ, ਖੇਤੀ ਚਲੀ ਗਈ, ਪਸ਼ੂ ਰੁੜ੍ਹ ਗਏ, ਮੇਰਾ ਜਪੁਜੀ ਸਾਹਿਬ ਕੀ ਕਰੂਗਾ, ਮੇਰਾ ਭਜਨ ਕਰਨਾ ਕੀ ਕਰੂਗਾ ਤੇ ਮੇਰਾ ਭਜਨ ਹੁਣ ਇਹੀ ਹੈ ਕਿ ਮੈਂ ਤੜਕੇ ਚਾਰ ਵਜੇ ਲੱਗ ਜਾਨਾਂ, ਰਾਤ ਦੇ ਗਿਆਰ੍ਹਾਂ ਵਜੇ ਜਦ ਜਾਂਦਾ, ਜਦ ਮੈਨੂੰ ਤਸੱਲੀ ਹੋ ਜਾਂਦੀ ਹੈ ਕਿ ਐਸ ਵੇਲੇ ਸਭ ਠੀਕ ਹੈ। ਹੈਰਾਨ ਹੋ ਗਿਆ ਕਹਿਣ ਲੱਗਿਆ ਕਿ ਤੂੰ ਐਡੀ ਵੱਡੀ ਸੋਚ ਰਖਦੈਂ? ਮੈਂ ਕਿਹਾ ਹਾਂ ਮੇਰੇ ਗੁਰੂ ਨੇ ਦੱਸਿਐ ਕਿ –

***ਇਹ ਜਗੁ ਸਚੇ ਕੀ ਕੋਠੜੀ ਸਚੇ ਕਾ ਵਿਚ ਵਾਸੁ॥***

*ਅੰਗ - 463*

ਇਹ ਤਾਂ ਸੰਸਾਰ ਹੀ ਸਾਰਾ ਸੱਚੇ ਦੀ ਕੋਠੜੀ ਹੈ। ਵਾਹਿਗੁਰੂ ਦਾ ਗੁਰਦੁਆਰਾ ਹੈ ਤੇ ਮੈਂ ਇਹਦੀ ਸੇਵਾ ਕਰਦਾ ਹਾਂ। ਉਹਨੇ ਗੌਰਮਿੰਟ ਨੂੰ ਲਿਖ ਦਿਤਾ। ਪੰਜਾਬ ਗੌਰਮਿੰਟ ਦੀ ਮੈਨੂੰ ਚਿੱਠੀ ਆ ਗਈ ਕਿ 1958 ਦਾ ਤੇਰੇ ਕੰਮ ਦੀ ਗੌਰਮਿੰਟ ਸ਼ਲਾਘਾ ਕਰਦੀ ਹੈ। ਕੋਈ ਗਲਤੀ ਨਹੀਂ ਹੋਣ ਦਿਤੀ, ਕਦੇ ਕੋਈ ਭੋਰਾ ਨੁਕਸਾਨ ਨਹੀਂ ਹੋਇਆ। ਉਹਨੇ ਦੋ ਬਰਾਚਾਂ ਬਣਾ ਦਿਤੀਆਂ ਮੇਰੀ ਇਕੱਲੀ ਸੀਟ ਤੇ। ਉਹ ਮੈਂ ਕਰਕੇ ਦਿਖਾਇਆ ਕਿ ਜੇ ਨੌਕਰੀ ਕਰਨੀ ਹੈ ਤਾਂ ਐਸ ਤਰ੍ਹਾਂ ਕਰੀਦੀ ਹੈ। ਜੇ ਮੈਂ ਖੇਤੀ ਕੀਤੀ ਹੈ ਮੈਨੂੰ ਵਾਹਿਗੁਰੂ ਨੇ ਜ਼ਮੀਨ ਦਿਤੀ ਹੈ, ਮੇਰੇ ਖੇਤਾਂ ਦੇ ਵਿਚ ਇਕ ਕੁਇੰਟਲ ਤੋਂ ਘੱਟ ਫਸਲ ਨਹੀਂ ਹੋਣੀ ਚਾਹੀਦੀ। ਬੀਜੀ ਤੁਹਾਡੇ ਨਾਲ ਲੱਗੇ ਰਹਿੰਦੇ ਸੀ, ਮੈਨੂੰ ਆ ਕੇ ਦੱਸਣਾ ਕਿ ਫਲਾਣੇ ਥਾਉਂ ਪਾਣੀ ਖੜ੍ਹਾ ਹੈ। ਮੈਨੂੰ ਬਗੈਰ ਦੱਸੇ ਨੌਕਰਾਂ ਨੂੰ ਲੈ ਜਾਣਾ ਬਾਲਟੀਆਂ ਲੈ ਕੇ ਕਹਿਣਾ ਕੱਢੋ ਪਾਣੀ ਇਹਦਾ। ਪਾਣੀ ਨਹੀਂ ਸੀ ਖੜ੍ਹਨ ਦਿੰਦੇ। ਕਹਿੰਦੇ ਸੀ ਖੇਤ ’ਚ ਕਣਕ ਕਮਜ਼ੋਰ ਪੈ ਜਾਊ। ਖੇਤੀ ਵੀ ਅਸੀਂ ਇਸ ਤਰ੍ਹਾਂ ਕਰੀ। ਉਹਦੇ ਵਿਚ ਵੀ ਸਾਰੇ ਹੈਰਾਨ ਸੀ ਕਿ ਨਾਲੇ ਤਾਂ ਸਤਿਸੰਗ ਕਰਦੈ ਤੇ ਨਾਲੇ ਖੇਤੀ ਕਰ ਰਿਹਾ ਉਹ ਵੀ ਉਚ ਦਰਜੇ ਦੀ ਕਰ ਰਿਹਾ ਹੈ। ਉਸ ਤੋਂ ਬਾਅਦ ਮੈਂ ਇਥੇ ਆ ਗਿਆ, ਇਥੇ ਆਏ ਤਾਂ ਪਿੰਡਾਂ ’ਚ ਹਾਲ ਚਾਲ ਦੇਖਿਆ, ਬਹੁਤਾ ਹੀ ਮੰਦਾ ਹਾਲ ਸੀ। ਪੈਸਾ ਮੇਰੇ ਕੋਲ ਬਥੇਰਾ ਸੀ, ਥੋੜ੍ਹਾ ਨਹੀਂ ਸੀ, ਮੈਂ ਕਿਹਾ ਆਪਾਂ ਟਰੱਕ ਲੈ ਲੈਨੇ ਆਂ, ਉਹਦੇ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਲੈਨੇ ਆਂ, ਮੈਂ ਗੁਦਾਮ ਲਏ ਹੋਏ ਨੇ, 65 ਹਜ਼ਾਰ ਰੁਪਿਆ ਮਹੀਨਾ ਕਿਰਾਇਆ ਆਇਆ ਕਰੇਗਾ ਤੇ ਆਪਾਂ ਪ੍ਰਚਾਰ ਕਰੀਏ। ਬਾਕੀ ਬੰਦੇ ਮੈਂ ਤਨਖਾਹ ਤੇ ਰੱਖ ਲਵਾਂਗਾ। ਉਸੇ ਤਰ੍ਹਾਂ ਨਾਲ ਮੈਂ ਕੀਤਾ। ਮੈਨੂੰ ਪਤਾ ਲੱਗ ਗਿਆ ਕਿ ਮੇਰੇ ਤੋਂ ਦੋ ਕੰਮ ਨਹੀਂ ਚਲਣੇ, ਗੁਦਾਮਾਂ ਵਾਲਾ ਨਹੀਂ ਚੱਲਣਾ, ਗੁਦਾਮਾਂ ਵਾਲਾ ਗੌਰਮਿੰਟ ਆਫ਼ ਇੰਡੀਆ ਨੇ ਮਨਜ਼ੂਰ ਕਰ ਦਿਤਾ ਸੀ, ਉਹਦਾ 65 ਹਜ਼ਾਰ ਰੁਪਿਆ ਕਿਰਾਇਆ ਸੀ ਉਨ੍ਹਾਂ ਦਿਨਾਂ ਵਿਚ। 13 ਹਜ਼ਾਰ ਮੈਨੂੰ ਮਿਲਣਾ ਸੀ, 52 ਹਜ਼ਾਰ ਉਨ੍ਹਾਂ ਨੇ ਕਰਜ਼ੇ ਦਾ ਕੱਟਣਾ ਸੀ। ਮੈਂ ਕਿਹਾ ਛੱਡੋ ਪਰ੍ਹੇ ਇਹ ਵੀ ਮੈਨੂੰ ਫੁਰਨਾ ਹੀ ਰਹੇਗਾ, ਮੈਂ ਦਿਨ ਰਾਤ ਇਕ ਕਰਨੈ। ਆਹ ਲੋਕ ਤਾਂ ਬਿਲਕੁਲ ਹੀ ਗਏ ਆਏ। ਉਥੇ ਮੈਂ ਗੁਰੂ ਸਾਹਿਬ ਕੋਲ ਜਾ ਕੇ ਮੈਂ ਜੁੱਤੀਆਂ ਖਾਣੀਐ। ਮੈਨੂੰ ਇਕੱਲੇ ਨੂੰ ਫਿਕਰ ਪਿਆ ਸੀ ਕਿ ਮੇਰੇ ਜੁੱਤੀਆਂ ਪੈਣਗੀਆਂ। ਉਹ ਫਿਕਰ ਕਿਉਂ ਸੀ ਕਿਉਂਕਿ ਮੇਰੇ ਅੰਦਰ ਐਉਂ ਆ ਜਾਂਦਾ ਸੀ ਕਿ ਤੂੰ ਕਰ ਸਕਦੈ। ਤੂੰ ਕਰ ਸਕਦਾ ਸੀ ਤੇ ਤੂੰ ਕਿਉਂ ਨਾ ਕਰਿਆ। ਮੈਂ ਗੁਰੂ ਮਹਾਰਾਜ ਤੋਂ ਡਰਦਾ ਸੀ। ਉਹਦੇ ਨਾਲ ਫੇਰ ਦਿਨ ਰਾਤ ਇਕ ਹੋਇਆ। ਕਾਰ ਮੈਂ ਆਪ ਡਰਾਈਵ ਕਰਦਾ ਸੀ ਜਾਂ ਜੀਪ ਡਰਾਈਵ ਕਰਦਾ ਸੀ। ਰਾਤ ਨੂੰ ਇਕ ਵਜੇ ਆਉਣਾ। ਮੈਨੂੰ ਕਈਆਂ ਨੇ ਕਿਹਾ ਕਿ ਤੁਹਾਨੂੰ ਤਿੰਨ-ਚਾਰ ਘੰਟੇ ਕੀਰਤਨ ਕਰਦਿਆਂ ਨੂੰ ਹੋ ਗਏ, ਤੁਸੀਂ ਹੁਣ ਕਾਰ ਚਲਾਓਂਗੇ ਜਾਂ ਜੀਪ ਚਲਾਓਂਗੇ। ਇਹ ਤੁਸੀਂ ਆਪਣੇ ਆਪ ਨੂੰ ਬਹੁਤ ਹੀ ਦੇਖ ਦੇ ਰਹੇ ਹੋ। ਮੈਂ ਹੱਸ ਪਿਆ ਮੈਂ ਕਿਹਾ ਕੋਈ ਨਾ ਜੇ ਲੇਖੇ ’ਚ ਲਗ ਜਾਏ ਦੇਹੀ ਏਸੇ ਤਰ੍ਹਾਂ ਚੰਗਾ ਹੀ ਹੈ। ਸੋ ਉਹਦਾ ਨਤੀਜਾ ਹੋਇਆ ਕਿ ਅੱਜ ਤੁਸੀਂ ਮੈਨੂੰ ਕਿੰਨਾ ਪਿਆਰ ਦਿਤਾ ਹੈ। ਕਿੰਨਾ ਤੁਹਾਡੇ ਅੰਦਰ ਸਿੱਖੀ ਦਾ ਜਜ਼ਬਾ ਹੈ, ਕਿੰਨਾ ਜਿਗਰਾ ਹੈ। ਇਕ ਆਦਮੀ ਉਠਣ ਨੂੰ ਵੀ ਤਿਆਰ ਨਹੀਂ, ਲੰਗਰ ਦਾ ਟਾਈਮ ਹੋ ਗਿਆ ਹੈ। ਸੋ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਵੀ ਕਰਦਾ ਹਾਂ, ਮੇਰਾ ਜੀਅ ਨਹੀਂ ਕਰਦਾ ਕਿ ਅਸੀਂ ਚਲੇ ਜਾਈਏ ਪਰ ਜਿਸ ਦਿਨ ਬੁਲਾ ਲਏ ਉਸ ਦਿਨ ਰਹਿਣਾ ਨਹੀਂ ਹੈ। ਉਹ ਬੁਲਾਉਣ ਵਾਲਿਆਂ ਦਾ ਮੈਨੂੰ ਪਤਾ ਹੈ। ਹੁਣ ਸ. ਜਗੀਰ ਸਿੰਘ ਦਾ ਮੈਨੂੰ ਪਤਾ ਹੈ ਕਿ ਜਦੋਂ ਹਜ਼ੂਰ ਸਾਹਿਬ ਅੰਮ੍ਰਿਤ ਛਕਣ ਲੱਗਿਆ ਲਾਈਨ ਵਿਚੋਂ ਉਠਾ ਦਿਤਾ, ਕਹਿੰਦੇ ਉਥੇ ਵਰਿਆਮ ਸਿੰਘ ਭੇਜ ਦਿਤਾ ਉਥੇ ਜਾ ਕੇ ਛਕ ਲੈ। ਜਿੰਨੇ ਮੈਂ ਦੀਵਾਨ ਲਾਏ ਨੇ ਬਾਜ਼ ਬਡਹੇੜੀ ਉਤਰ ਆਇਆ, ਚਾਰ ਦਿਨ ਰਿਹਾ, ਉਸ ਤੋਂ ਬਾਅਦ ਹਮੇਸ਼ਾ ਹੀ ਆਉਂਦਾ ਰਿਹਾ, ਇਥੇ ਵੀ ਆਉਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਇਹ ਸਾਰੀ ਸਹਾਇਤਾ ਕੀਤੀ ਹੈ। ਸੋ ਹੁਣ ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹੋਇਆ ਫਤਹਿ ਬੁਲਾਉਂਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਬਾਣੀ ਵਿਚਾਰ - ਜਪੁਜੀ

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਵੇਖੋ, ਮਈ ਅੰਕ ਪੰਨਾ - 51)*

ਇਸ ਤਰ੍ਹਾਂ ਸਚਿਆਰ ਪੁਰਸ਼ ਨੂੰ ਪ੍ਰਭੂ ਦੀ ਅਨੰਤਤਾ ਤੇ ਬੇਅੰਤਤਾ ਦਰਸਾ ਕੇ ਉਸ ਨੂੰ ਪ੍ਰਭੂ ਦੀ ਸਿਫਤਿ ਸਾਲਾਹ ਨਾਲ ਜੋੜਿਆ ਹੈ, ਜੋ ਸੱਚੀ ਪਾਤਸ਼ਾਹੀ ਹੈ। ਇਸੇ ਉਲੇਖ ਵਿਚ ਅਕਾਲ ਪੁਰਖ ਦੀ ਬੇਅੰਤਤਾ ਦਾ ਇਕ ਹੋਰ ਪਹਿਲੂ ਦ੍ਰਿਸ਼ਟਮਾਨ ਕੀਤਾ ਹੈ। ਉਹ ਇਹ ਹੈ ਕਿ ਜਿਵੇਂ ਅਕਾਲਪੁਰਖ ਦੇ ਗੁਣ ਅਮੋਲਕ ਹਨ, ਤਿਵੇਂ ਹੀ ਇਨ੍ਹਾਂ ਗੁਣਾਂ ਨੂੰ ਵਿਹਾਝਣ ਵਾਲੇ ਵਪਾਰੀਏ ਵੀ ਅਮੋਲਕ ਹਨ। ਪ੍ਰਭੂ ਦੇ ਗੁਣਾਂ ਦੇ ਖਜ਼ਾਨੇ ਭੀ ਅਮੋਲਕ ਹਨ ਤੇ ਇਸ ਦੇ ਵਾਪਾਰੀ ਵੀ ਅਮੋਲਕ। ਉਸ ਦੇ ਪਿਆਰ ਦੇ ਵਾਪਾਰੀ ਉਸ ਵਿਚ ਹੀ ਲੀਨ ਹੋ ਜਾਂਦੇ ਹਨ -

*ਅਮੁਲ ਗੁਣ ਅਮੁਲ ਵਾਪਾਰ।।*
*ਅਮੁਲ ਵਾਪਾਰੀਏ ਅਮੁਲ ਭੰਡਾਰ॥*
*ਅਮੁਲ ਆਵਹਿ ਅਮੁਲ ਲੈ ਜਾਹਿ॥*
*ਅਮੁਲ ਭਾਇ ਅਮੁਲਾ ਸਮਾਹਿ॥*

ਅਕਾਲ ਪੁਰਖ ਦੇ ਕਾਨੂੰਨ, ਉਸ ਦੀਆਂ ਬਖਸ਼ਿਸ਼ਾਂ ਸਭ ਅਮੋਲਕ ਹਨ, ਅੰਦਾਜ਼ਿਆਂ ਤੋਂ ਪਰ੍ਹੇ ਹਨ। ਅਨੇਕਾਂ ਵਿਦਵਾਨ, ਧਾਰਮਿਕ ਗ੍ਰੰਥ, ਵੇਦ, ਪੁਰਾਣ, ਬ੍ਰਹਮਾ, ਇੰਦਰ, ਗੋਪੀਆਂ, ਸ਼ਿਵ, ਸਿੱਧ ਬੁੱਧ, ਰਾਕਸ਼ ਤੇ ਦੇਵਤੇ, ਮੁਨੀ ਆਦਿ ਅਕਾਲਪੁਰਖ ਦਾ ਅੰਦਾਜ਼ਾ ਲਾਂਦੇ ਹਨ ਪਰ ਲਾ ਨਹੀਂ ਸਕਦੇ ਕਿਉਂਕਿ ਪ੍ਰਮਾਤਮਾ ਜਿਤਨਾ ਚਾਹੁੰਦਾ ਹੈ ਉਤਨਾ ਹੀ ਵੱਡਾ ਹੋ ਜਾਂਦਾ ਹੈ, ਓਨੀ ਹੀ ਕੁਦਰਤ ਫੈਲਾ ਲੈਂਦਾ ਹੈ। ਉਸ ਮਨੁੱਖ ਨੂੰ ਹੋਛਾ ਸਮਝੋ ਜੋ ਪ੍ਰਭੂ ਦੀਆਂ ਦਾਤਾਂ ਤੇ ਗੁਣਾਂ ਦਾ ਹੱਦ-ਬੰਨਾ ਲੱਭ ਸਕਣ ਦਾ ਦਾਹਵਾ ਕਰੇ -

*ਅਮੁਲੁ ਧਰਮੁ ਅਮੁਲੁ ਦੀਬਾਣੁ॥*
*ਅਮੁਲੁ ਤੁਲੁ ਅਮੁਲੁ ਪਰਵਾਣੁ॥*
*ਅਮੁਲੁ ਬਖਸੀਸ ਅਮੁਲੁ ਨੀਸਾਣੁ॥*
*ਅਮੁਲੁ ਕਰਮੁ ਅਮੁਲੁ ਫੁਰਮਾਣੁ॥*
*ਅਮੁਲੋ ਅਮੁਲੁ ਆਖਿਆ ਨ ਜਾਇ॥*
*ਆਖਿ ਆਖਿ ਰਹੇ ਲਿਵ ਲਾਇ॥*
*ਆਖਹਿ ਵੇਦ ਪਾਠ ਪੁਰਾਣ॥*
*ਆਖਹਿ ਪੜੇ ਕਰਹਿ ਵਖਿਆਣ॥*
*ਆਖਹਿ ਬਰਮੇ ਆਖਹਿ ਇੰਦ॥*
*ਆਖਹਿ ਗੋਪੀ ਤੈ ਗੋਵਿੰਦ॥*
*ਆਖਹਿ ਈਸਰ ਆਖਹਿ ਸਿਧ॥*
*ਆਖਹਿ ਕੇਤੇ ਕੀਤੇ ਬੁਧ।।*
*ਆਖਹਿ ਦਾਨਵ ਆਖਹਿ ਦੇਵ॥*
*ਆਖਹਿ ਸੁਰਿ ਨ ਮੁਨਿ ਜਨ ਸੇਵ॥*
*ਕੇਤੇ ਆਖਹਿ ਆਖਣਿ ਪਾਹਿ॥*
*ਕੇਤੇ ਕਹਿ ਕਹਿ ਉਠਿ ਉਠਿ ਜਾਹਿ॥*
*ਏਤੇ ਕੀਤੇ ਹੋਰਿ ਕਰੇਹਿ॥*
*ਤਾ ਆਖਿ ਨ ਸਕਹਿ ਕੇਈ ਕੇਇ॥*
*ਜੇਵਡੁ ਭਾਵੈ ਤੇਵਡੁ ਹੋਇ॥*
*ਨਾਨਕ ਜਾਣੈ ਸਾਚਾ ਸੋਇ॥*
*ਜੇ ਕੋ ਆਖੈ ਬੋਲੁਵਿਗਾੜੁ॥*
*ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ ਪਉੜੀ 26*

ਜਗਤ ਵਿਚ ਬੇਅੰਤ ਗਿਆਨਵਾਨ, ਵਿਦਵਾਨ ਅਤੇ ਵਿਗਿਆਨੀ ਹੋ ਚੁੱਕੇ ਹਨ ਪਰ ਅਗੰਮ ਅਗੋਚਰ ਪ੍ਰਮਾਤਮਾ ਦੀ ਬੇਅੰਤਤਾ ਦਾ ਨਾਂਹ ਕੋਈ ਲੇਖਾ ਕਰ ਸਕਿਆ ਹੈ, ਨਾਂ ਹੀ ਅਗਾਂਹ ਕੋਈ ਕਰ ਸਕੇਗਾ ਕਿ ਪ੍ਰਭੂ ਵਿਚ ਕਿਤਨੀਆਂ ਵਡਿਆਈਆਂ ਹਨ ਅਤੇ ਉਸ ਦੀਆਂ ਜੀਵਾਂ ਉਪਰ ਕਿੰਨੀਆਂ ਬਖਸ਼ਿਸ਼ਾਂ ਹਨ। ਬੇਅੰਤ ਹਨ ਉਸ ਪ੍ਰਭੂ ਦੇ ਗੁਣ ਅਤੇ ਬੇਅੰਤ ਹਨ ਉਸਦੀਆਂ ਦਾਤਾਂ। ਬੇਅੰਤ ਹੈ ਉਸ ਦੀ ਕੁਦਰਤ ਅਤੇ ਅਦਭੁੱਤ ਹਨ ਉਸ ਦੇ ਕ੍ਰਿਸ਼ਮੇ।

ਐਸੇ ਅਸਚਰਜਤਾ ਭਰਪੂਰ ਵਾਤਾਵਰਣ ਨੂੰ ਉਸਾਰ ਕੇ ਪਉੜੀ 27 ਵਿਚ ਦ੍ਰਿਸ਼ਟਮਾਨ ਬ੍ਰਹਿਮੰਡ ਦੀ ਵਿਸਮਾਦਜਨਕ ਝਾਕੀ ਪੇਸ਼ ਕੀਤੀ ਹੈ। ਉਹ ਦਰ-ਘਰ ਵੀ ਕਿੰਨਾ ਅਸਚਰਜ ਤੇ ਅਗੰਮੀ ਸ਼ੋਭਾ ਵਾਲਾ ਹੋਵੇਗਾ ਜਿਥੇ ਬਹਿ ਕੇ, ਹੇ ਨਿਰੰਜਨ, ਨਿਰੰਕਾਰ! ਤੂੰ ਸਾਰੇ ਜੀਆਂ, ਸਾਰੀਆਂ ਰਚਨਾ ਦੀ ਸੰਭਾਲ ਕਰ ਰਿਹਾ ਹੈਂ। ***(ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ (ਪਉੜੀ - 27)*** ਵਾਹਿਗੁਰੂ ਤਾ ਸਾਰੀ ਰਚਨਾ ਵਿਚ ਪਰੀਪੂਰਨ ਹੈ, ਜ਼ਰੇ ਜ਼ਰੇ ਵਿਚ ਭਰਪੂਰ ਹੈ, ਇਸ ਲਈ ਸਾਰੀ ਰਚਨਾ ਹੀ ਅਦਭੁੱਤ ਹੈ, ਵਾਰਨੇ ਬਲਿਹਾਰੇ ਜਾਣ ਯੋਗ ਹੈ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਭਾਂਤ ਦੇ ਅਤੇ ਅਣਗਿਣਤ ਵਾਜੇ ਤੇ ਰਾਗ ਹਨ; ਮਨੁੱਖ ਦੇ ਗਲੇ ਵਿਚੋਂ ਨਿਕਲਦੀਆਂ ਅਨੇਕ ਧੁਨੀਆਂ, ਸੁਰ, ਸੰਗੀਤ, ਅਲਾਪ, ਮਿੱਠੇ ਰਸ ਭਿੰਨਣੇ ਗੀਤ ਮਨ ਨੂੰ ਮੁਗਧ ਕਰਦੇ ਹਨ। ਕੁਦਰਤ ਵਿਚ ਹੋ ਰਹੀਆਂ ਅਨੇਕ ਪ੍ਰਕਾਰ ਦੀਆਂ ਧੁਨੀਆਂ, ਦਰਿਆਵਾਂ, ਝਰਨਿਆਂ, ਰੁਖਾਂ, ਬ੍ਰਿਖਾਂ, ਜੰਗਲਾਂ, ਪੰਛੀਆਂ ਦੀਆਂ ਮਿੱਠੀਆਂ ਸੰਗੀਤਮਈ ਆਵਾਜ਼ਾਂ, ਧੁਨੀਆਂ ਸੰਗੀਤ ਵਿਸਮਾਦਜਨਕ ਹਨ। ਅਨਗਿਣਤ ਭਾਂਤ ਦੇ ਸੰਗੀਤ ਦੇ ਸਾਜ਼ ਹਨ, ਬੇਅੰਤ ਜੀਵ ਇਨ੍ਹਾਂ ਸਾਜ਼ਾਂ, ਵਾਜਿਆਂ ਨੂੰ ਵਜਾਣ ਵਾਲੇ ਹਨ। ਬੇਅੰਤ ਰਾਗ, ਬੇਅੰਤ ਰਾਗਣੀਆਂ ਹਨ ਅਤੇ ਬੇਅੰਤ ਜੀਵ ਇਨ੍ਹਾਂ ਰਾਗਾਂ ਨੂੰ ਗਾਉਣ ਵਾਲੇ ਹਨ ਜੋ ਤੇਰੇ ਹੀ ਜ਼ਹੂਰ ਨੂੰ ਗਾ ਰਹੇ ਹਨ, ਤੇਰੀ ਵਡਿਆਈ

ਹੀ ਪ੍ਰਗਟ ਕਰ ਰਹੇ ਹਨ ***(ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥)***

ਹੇ ਨਿਰੰਕਾਰ! ਜੋ ਆਪ ਜੀ ਨੇ ਪੰਜ ਤੱਤ ਪੈਦਾ ਕੀਤੇ ਹਨ, ਪਉਣ, ਪਾਣੀ, ਅਗਨੀ ਆਦਿ ਇਨ੍ਹਾਂ ਦੀ ਕਿਰਿਆ ਕਿੰਨੀ ਹੈਰਾਨੀਜਨਕ ਹੈ। ਜੀਆਂ ਦੇ ਜੀਵਨ ਦਾ ਆਧਾਰ ਵੀ ਹਨ ਤੇ ਸੰਸਾਰ ਦੀ ਸਾਰੀ ਕਿਰਿਆ ਦੀਆਂ ਸੰਚਾਲਕ ਤੇਰੀਆਂ ਰਚੀਆਂ ਸ਼ਕਤੀਆਂ ਜੋ ਤੇਰੇ ਹੀ ਗੁਣਾਂ ਦਾ ਗਾਇਨ ਕਰ ਰਹੀਆਂ ਹਨ। ***(ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ)*** ਅਸੰਖਾ ਜੀਵਾਂ ਦੇ ਕਰਮਾਂ ਦਾ ਨਿਰਣਾ ਕਰਨ ਵਾਲਾ ਧਰਮਰਾਜ ਵੀ ਤੇਰੇ ਦਰ ਤੇ ਖੜ੍ਹਾ ਤੈਨੂੰ ਹੀ ਵਡਿਆਈ ਰਿਹਾ ਹੈ ***(ਗਾਵੈ ਰਾਜਾ ਧਰਮੁ ਦੁਆਰੇ)*** ਉਹ ਚਿਤਰ-ਗੁਪਤ ਭੀ ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖ ਲਿਖਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਲੇਖਾਂ ਨੂੰ ਧਰਮਰਾਜ ਵੀਚਾਰਦਾ ਹੈ, ਉਹ ਭੀ ਹੇ ਵਾਹਿਗੁਰੂ! ਤੇਰੇ ਹੁਕਮ ਵਿਚ ਕਿਰਿਆਸ਼ੀਲ ਹੋ ਕੇ ਤੇਰੀਆਂ ਹੀ ਵਡਿਆਈਆਂ ਪ੍ਰਗਟ ਕਰ ਰਹੇ ਹਨ। ***(ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ)।*** ਸਮਾਧੀਆਂ ਵਿਚ ਜੁੜੇ ਸਿੱਧ ਪੁਰਸ਼, ਪਵਿੱਤਰਤਾ ਦੇ ਪੁੰਜ, ਅੱਠਾਂ ਸਿੱਧੀਆਂ ਦੇ ਮਾਲਕ, ਸਮਾਧੀਆਂ ਲਾ ਕੇ ਤੇਰਾ ਜਸ ਗਾਇਨ ਕਰ ਰਹੇ ਹਨ, ਸਾਧ ਜਨ ਵਿਚਾਰਾਂ ਰਾਹੀਂ, ਗਿਆਨ ਦੇ ਪ੍ਰਕਾਸ਼ ਰਾਹੀਂ ਤੇਰੀ ਸਿਫਤਿ-ਸਾਲਾਹ ਕਰ ਰਹੇ ਹਨ ***(ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ)*** ਜਤ-ਧਾਰੀ, ਸੱਚੇ-ਸੁੱਚੇ ਇਨਸਾਨ, ਸਤੀ, ਦਾਨ ਕਰਨ ਵਾਲੇ ਤੇ ਸੰਤੋਖੀ, ਸਬਰ-ਸੰਤੋਖ ਵਿਚ ਰਹਿਣ ਵਾਲੇ ਇਨਸਾਨ ਤੇਰੀਆਂ ਵਡਿਆਈਆਂ ਦਾ ਹੀ ਪ੍ਰਗਟਾਵਾ ਹਨ, ਤੇਰੇ ਗੁਣ ਗਾਇਨ ਕਰ ਰਹੇ ਹਨ ਅਤੇ ਬੇਅੰਤ ਤਕੜੇ ਸੂਰਮੇ, ਬਹਾਦਰ ਯੋਧੇ ਤੇਰਾ ਹੀ ਆਲਮ ਹਨ, ਤੈਨੂੰ ਹੀ ਗਾ ਰਹੇ ਹਨ ***(ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ)।*** ਪੰਡਿਤ ਤੇ ਮਹਾਂਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਣੇ ਤੈਨੂੰ ਗਾ ਰਹੇ ਹਨ। ਸੁਰਗ, ਮਾਤ-ਲੋਕ ਤੇ ਪਾਤਾਲ ਭਾਵ ਹਰ ਥਾਂ, ਮਨੁੱਖ ਦੇ ਮਨ ਨੂੰ ਮੋਹਣ ਵਾਲੀਆਂ ਸੁੰਦਰ ਇਸਤ੍ਰੀਆਂ ਵੀ ਤੇਰੇ ਹੀ ਗਾਇਨ ਵਿਚ ਮਸਤ ਹਨ। ਸਭਨਾਂ ਵਿਚ ਤੂੰ ਹੀ ਵਿਆਪਕ ਹੈਂ ਅਤੇ ਸਭਨਾਂ ਦੀ ਕਿਰਿਆ ਤੇਰੀ ਹੀ ਕਿਰਿਆ ਹੈ ***(ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ)***

ਹੇ ਨਿਰੰਕਾਰ! ਤੇਰੇ ਪੈਦਾ ਕੀਤੇ ਹੋਏ ਰਤਨ, ਅਠਸਠ ਤੀਰਥ, ਵੱਡੇ ਬਲ ਵਾਲੇ ਜੋਧੇ ਤੇ ਸੂਰਮੇ, ਚੌਹਾਂ ਹੀ ਖਾਣੀਆਂ ਦੇ ਜੀਅ ਜੰਤ, ਸਾਰੀ ਸ੍ਰਿਸ਼ਟੀ, ਸਾਰੇ ਖੰਡ, ਸਾਰੀਆਂ ਧਰਤੀਆਂ, ਸਾਰੇ ਚੱਕਰ (ਬ੍ਰਹਿਮੰਡ ਦਾ ਇਕ ਚੱਕਰ, ਜਿਸ ਵਿਚ ਇਕ ਸੂਰਜ, ਇਕ ਚੰਦਰਮਾ ਤੇ ਧਰਤੀ ਆਦਿ ਗਿਣੇ ਜਾਂਦੇ ਹਨ) ਜੋ ਤੇਰੀ ਹੀ ਰਚਨਾ ਹਨ ਅਤੇ ਤੂੰ ਆਪਣੇ ਦੈਵੀ-ਹੁਕਮ ਵਿਚ ਟਿਕਾ ਰੱਖੇ ਹਨ, ਸਭ ਤੇਰੀ ਹੀ ਵਡਿਆਈ ਹਨ, ਤੈਨੂੰ ਹੀ ਗਾ ਰਹੇ ਹਨ -

***ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥***
***ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥***
***ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥***

ਭਾਵੇਂ ਸਾਰੀ ਸ੍ਰਿਸਟੀ, ਸਾਰਾ ਬ੍ਰਹਿਮੰਡ, ਸਾਰੀ ਰਚਨਾ ਤੇਰਾ ਗਾਇਨ ਕਰ ਰਹੀ ਹੈ ਪਰ ਅਸਲ ਗਾਇਨ ਸੱਚਾ ਗਾਇਨ ਉਨ੍ਹਾਂ ਭਗਤ ਜਨਾ ਦਾ ਹੈ ਜੋ ਤੇਰੇ ਪਿਆਰ ਵਿਚ ਰੰਗ ਰਤੜੇ ਹਨ, ਰੰਗ-ਰਸ ਵਿਚ ਭਿੱਜ ਤੇਰੀ ਵਡਿਆਈ ਕਰਦੇ ਹਨ ਅਤੇ ਤੈਨੂੰ ਚੰਗੇ ਲਗਦੇ ਹਨ। ਅਨੇਕਾਂ ਹੋਰ ਜੀਅ ਜੰਤ ਤੇ ਰਚਨਾਵਾਂ ਹਨ ਜੋ ਤੈਨੂੰ ਗਾਉਂਦੇ ਹਨ, ਜੋ ਮੇਰੇ ਵਿਚਾਰ ਵਿਚ ਨਹੀਂ ਹਨ -

***ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ***
***ਰਤੇ ਤੇਰੇ ਭਗਤਿ ਰਸਾਲੇ॥***
***ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ॥***

ਸਚਾਈ ਇਹ ਹੈ ਕਿ ਜਿਸ ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਸਦਾ ਸਦਾ ਹੈ ***(ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ)*** ਉਹ ਹੁਣ ਵੀ ਮੌਜੂਦ ਹੈ, ਸਰਬ ਵਿਆਪਕ ਹੈ, ਉਹ ਨਾਂਹ ਕਦੀ ਜੰਮਿਆ ਹੈ, ਨਾ ਮਰੇਗਾ। ਉਹ ਸਦਾ ਸਦਾ ਸਥਿਰ ਹੈ, ਸਦਾ ਸੱਚ ਹੈ, ਉਸ ਦੀ ਵਡਿਆਈ, ਉਪਮਾ, ਗੁਣ-ਗਾਇਨ ਭੀ ਸੱਚ ਹੈ, ਅਟੱਲ ਹੈ -

***ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥***
***ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥***

ਐਸੇ ਅਕਾਲ ਪੁਰਖ, ਕਰਤਾ ਪੁਰਖ ਨੇ ਕਈ ਰੰਗਾਂ, ਅਨੇਕ ਕਿਸਮਾਂ ਅਤੇ ਜਿਨਸਾਂ ਦੀ ਮਾਇਆ ਰਚ ਦਿਤੀ ਹੈ ਅਤੇ ਉਹ ਉਸ ਦੀ ਆਪਣੀ ਰਜ਼ਾ ਅਰਥਾਤ ਹੁਕਮ ਅਨੁਸਾਰ ਸੋਹਣੀ ਸੁਚੱਜੀ ਸੰਭਾਲ ਕਰ ਰਿਹਾ ਹੈ। ਜੋ ਉਸ ਨੂੰ ਭਾਉਂਦਾ ਹੈ, ਓਹੀ ਹੀ ਉਹ ਕਰਦਾ ਹੈ, ਉਸ ਦੇ ਹੁਕਮ ਅਨੁਸਾਰ ਸਾਰੀ ਰਚਨਾ ਕ੍ਰਿਆਸ਼ੀਲ ਹੈ, ਕਿਸੇ ਹੋਰ ਦਾ, ਕਿਸੇ ਵੀ ਕਿਰਤ ਦਾ ਹੁਕਮ ਨਹੀਂ ਚਲਦਾ, ਨਾ ਚਲ ਸਕਦਾ ਹੈ। ਭਾਵ ਇਹ ਹੈ ਕਿ ਉਸ ਦੇ ਕੀਤੇ ਹੁਕਮ, ਰਜ਼ਾ ਉਤੇ ਕੋਈ ਕਿੰਤੂ ਪ੍ਰੰਤੂ ਸ਼ੋਭਾ ਨਹੀਂ ਦਿੰਦਾ। ਅਕਾਲਪੁਰਖ ਸੱਚਾ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ। ਸਾਨੂੰ ਸਭ ਜੀਵਾਂ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਹੀ ਸ਼ੋਭਾ ਦਿੰਦਾ ਹੈ।

***ਰੰਗੀ ਰੰਗੀ ਭਾਤੀ ਕਰਿ ਕਰਿ***
***ਜਿਨਸੀ ਮਾਇਆ ਜਿਨਿ ਉਪਾਈ॥***
***ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ॥***
***ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥***
***ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥***

***ਪਉੜੀ ੨੭***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

### ਹੁਕਮਨਾਮਾ

*ਟੋਡੀ ਮਹਲਾ ੫ ਘਰੁ ੫ ਦੁਪਦੇ*
*ੴ ਸਤਿਗੁਰ ਪ੍ਰਸਾਦਿ॥*
*ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥*
*ਪੰਚ ਦੋਖ ਅਰੁ ਅਹੰ ਰੋਗ*
*ਇਹ ਤਨ ਤੇ ਸਗਲ ਦੂਰਿ ਕੀਨ॥ਰਹਾਉ॥*
*ਬੰਧਨ ਤੋਰਿ ਛੋਰਿ ਬਿਖਿਆ ਤੇ*
*ਗੁਰ ਕੋ ਸਬਦੁ ਮੇਰੈ ਹੀਅਰੈ ਦੀਨ॥*
*ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ*
*ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ॥੧॥*
*ਪੇਖਿਓ ਲਾਲਨੁ ਪਾਟ ਬੀਚ ਖੋਏ*
*ਅਨਦ ਚਿਤਾ ਹਰਖੇ ਪਤੀਨ॥*
*ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ*
*ਸੋ ਠਾਕੁਰੁ ਤਿਸ ਹੀ ਕੋ ਧੀਨ॥੨॥੧॥੨੦॥*

*ਅੰਗ - 715*

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਬੱਚੇ ਦੇ ਜਨਮ ਦਿਨ ਦੇ ਸੰਬੰਧ ਵਿਚ ਹਰੀ ਦੇ ਜਸ ਲਈ ਇਸ ਸਮਾਗਮ ਦਾ ਪ੍ਰਬੰਧ ਹੋਇਆ ਹੈ ਤੇ ਸਾਨੂੰ ਸਾਰਿਆਂ ਨੂੰ ਅੰਮ੍ਰਿਤ ਵੇਲੇ ਜਾਗ ਕੇ ਗੁਰੂ ਦਰਬਾਰ ਵਿਚ ਹਰੀ ਦਾ ਜਸ ਸਰਵਣ ਕਰਨ ਦਾ ਸਮਾਂ ਪ੍ਰਾਪਤ ਹੋਇਆ ਹੈ। ਬੇਅੰਤ ਪੁੰਨਾਂ ਦਾ ਫਲ ਸਾਨੂੰ ਵੀ ਪ੍ਰਾਪਤ ਹੁੰਦਾ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ ਜੇ ਵਿਧੀ ਪੂਰਬਕ ਹਰੀ ਦਾ ਜਸ ਕੀਤਾ ਜਾਵੇ ਤਾਂ ਬਹੁਤ ਵੱਡਾ ਪੁੰਨ ਹੋਇਆ ਕਰਦਾ ਹੈ, ਥਾਂ ਪਿਆ ਕਰਦਾ ਹੈ। ਵੈਸੇ ਜੋ ਗਾਣਾ ਤੇ ਸੁਣਨਾ ਹੈ ਉਸ ਦੇ ਨਾਲੋਂ ਵੀ ਮਹਾਰਾਜ ਜੀ ਨੇ ਸਾਨੂੰ ਉਚਾ ਰਾਹ ਹੋਰ ਦੱਸਿਆ ਹੈ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ...॥*

*ਅੰਗ - 669*

ਇਥੇ ਸੰਕੇਤ ਦੇ ਦਿੱਤਾ ਮਹਾਰਾਜ ਜੀ ਨੇ। ਗਾਉਂਦੇ ਤਾਂ ਸਾਰੇ ਹੀ ਨੇ, ਸੁਣਦੇ ਵੀ ਸਾਰੇ ਨੇ ਪਰ ਥਾਂ ਕਿਸਦਾ ਪੈਂਦਾ ਹੈ, ਗਾਇਆ ਹੋਇਆ, ਸੁਣਿਆ ਹੋਇਆ? ਉਸ ਦੇ ਵਿਚ ਮਹਾਰਾਜ ਨੇ ਸਾਨੂੰ ਫੁਰਮਾਨ ਕਰ ਦਿੱਤਾ ਹੈ ਕਿ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*

*ਅੰਗ - 669*

ਆਦਮੀ ਦੇ ਅੰਦਰ ਦੋ ਬਿਰਤੀਆਂ ਨੇ, ਇਕ ਨੂੰ ਵਿਕਲਪ ਕਹਿੰਦੇ ਨੇ ਦੂਜੀ ਨੂੰ ਅਵਿਨਵੇਸ਼ ਕਹਿੰਦੇ ਨੇ। ਇਹ ਹਾਲਤਾਂ ਨੇ ਚਿਤ ਦੀਆਂ ਤੇ ਉਹ ਕੁਦਰਤੀ ਤੌਰ ਤੇ ਸਾਰਿਆਂ ਬੰਦਿਆ ਤੇ ਹਾਵੀ ਨੇ, ਕੋਈ ਹੀ ਹੈ ਜਿਹੜਾ ਇਸ ਤੋਂ ਬਚਿਆ ਹੋਇਆ ਹੋਵੇ। ਮਨ ਸਹੀ ਹੋ ਕੇ ਬਾਤ ਸੁਣਦਾ ਨਹੀਂ ਹੈ, ਸਾਵਧਾਨ ਨਹੀਂ ਹੁੰਦਾ। ਆਮ ਸਿਆਣਿਆਂ ਦਾ ਮੱਤ ਇਹ ਹੈ ਕਿ ਜਦੋਂ ਇਹ ਪ੍ਰਮੇਸ਼ਰ ਦੇ ਦਰ ਤੇ ਆਉਂਦਾ ਹੈ ਉਸ ਵੇਲੇ ਜੀਵ ਪੂਰਾ ਮਨ ਲੈ ਕੇ ਨਹੀਂ ਆਇਆ ਕਰਦਾ, ਬਹੁਤ ਸਾਰਾ ਮਨ ਪਿੱਛੇ ਛੱਡ ਆਉਂਦਾ ਹੈ। 10% ਮਨ ਬੜੀ ਮੁਸ਼ਕਲ ਨਾਲ ਗੁਰਦਵਾਰੇ ਵਿਚ ਪਹੁੰਚਦਾ ਹੈ। ਦੂਸਰੀ ਇਹ ਹੈ ਕਿ ਇਹ ਬਚਨਾਂ ਤੇ ਵਿਸ਼ਵਾਸ ਨਹੀਂ ਕਰਦਾ ਕਿਉਂਕਿ ਇਸ ਦਾ ਆਪਣਾ ਗਿਆਨ ਹੁੰਦਾ ਹੈ, ਆਪਣਾ ਤਜਰਬਾ ਹੁੰਦਾ ਹੈ, ਆਪਣੀ ਸੋਝੀ ਹੁੰਦੀ ਹੈ, ਆਪਣੇ ਸੰਸਕਾਰ ਹੁੰਦੇ ਨੇ। ਉਸ ਦੇ ਮੁਤਾਬਿਕ ਹੀ ਗੁਰੂ ਦੇ ਬਚਨਾਂ ਨੂੰ ਪਾਲਣਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਿਕਲਪ ਹੋਣ ਕਰਕੇ ਪੂਰੀ ਬਾਤ ਸਮਝ ’ਚ ਨਹੀਂ ਆਉਂਦੀ। ਮਨ ਹਿਲਦਾ ਰਹਿੰਦਾ ਹੈ, ਫੁਰਨੇ ਕਰਦਾ ਰਹਿੰਦਾ ਹੈ ਕਿਉਂਕਿ ਸਾਰਾ ਮਨ ਤਾਂ ਗੁਰੂ ਦਰਬਾਰ ਵਿਚ ਆਇਆ ਨਹੀਂ। ਕਾਰੋਬਾਰੀ ਮਨ ਜੋ ਹੈ, ਦੁਨੀਆਂ ਦੇ ਨਾਲ ਜਿਸ ਦਾ ਸੰਬੰਧ ਜੁੜਿਆ ਹੋਇਆ ਹੈ ਉਹ ਬਾਹਰ ਹੀ ਰਹਿੰਦਾ ਹੈ ਤੇ ਆਪਣਾ ਕਾਰਜ ਜਾਰੀ ਰੱਖਦਾ ਹੈ। ਜੇ ਸਾਰਾ ਆ ਜਾਵੇ ਤਾਂ ‘ਸਹਿਜ ਸਮਾਧ’ ਲੱਗ ਜਾਂਦੀ ਹੈ।

ਸੋ ਜੇ ਫੇਰ ਗੁਰੂ ਦੇ ਬਚਨ ਸੁਣਦਾ ਹੈ ਤਾਂ ਉਨ੍ਹਾਂ ਤੋਂ ਉਲਟ ਸੋਚਦਾ ਹੈ। ਉਨ੍ਹਾਂ ਬਚਨਾਂ ਨੂੰ ਸਤਿ ਕਰਕੇ ਨਹੀਂ ਮੰਨਦਾ। ਸੁਣ ਲੈਂਦਾ ਹੈ, ਸੁਣ ਕੇ ਅੱਗੇ ਨਹੀਂ ਜਾਣ ਦਿੰਦਾ। ਕਈ ਮਹਾਂਪੁਰਸ਼ ਇਹ ਕਹਿੰਦੇ ਨੇ ਕਿ ਆਦਮੀ ਦੇ ਕੰਨ ਜਿਹੜੇ ਨੇ ਉਹ ਕਈ ਵਾਰੀ ਕੰਧ ਦਾ ਕੰਮ ਕਰਨ ਲੱਗ ਜਾਂਦੇ ਨੇ। ਕੰਧ ਦੇ ਕੋਲ ਤੁਸੀਂ ਜਾ ਕੇ ਆਵਾਜ਼ ਦਿਓ ਉਹ ਨਹੀਂ ਹੁੰਦੀ ਤੇ ਉਸ ਦੀ ਗੂੰਜ ਪੈ ਕੇ ਬਾਹਰ ਹੀ ਆਵਾਜ਼ ਆਉਂਣੀ ਸ਼ੁਰੂ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਆਦਮੀ ਦੇ ਕੰਨ ਜੋ ਅੰਦਰਲੇ ਦਿਬਜ ਕੰਨ ਨੇ ਉਹ ਸੁਣਦੇ ਨਹੀਂ ਹਨ। ਥੋੜ੍ਹਾ ਜਿਹਾ ਸੁਣਿਆ ਹੋਇਆ ਅੰਦਰ ਨੂੰ ਜਾਏਗਾ ਲੇਕਿਨ ਛੇਤੀ ਨਾਲ ਉਥੇ ਹੀ ਕਟ ਜਾਏਗਾ, ਧੁਰ ਅੰਦਰ

ਨਹੀਂ ਜਾਂਦਾ। ਉਸ ਦਾ ਕਾਰਨ ਇਹ ਹੈ ਕਿ ਇਸ ਦੀਆਂ ਅਨੇਕ ਰੁਚੀਆਂ ਰਸਤੇ ਦੇ ਵਿਚ ਖੜ੍ਹੀਆਂ ਰੁਕਾਵਟਾਂ ਪਾਉਂਦੀਆਂ ਹਨ, ਉਸ ਨੂੰ ਪਾਸ ਨਹੀਂ ਹੋਣ ਦਿੰਦੀਆਂ। ਇਸ ਦੀ ਰੁਚੀ ਦੇ ਮੁਤਾਬਕ ਹੋਵੇ, ਭੋਰਾ ਕੁ ਗੱਲ ਕਹੋ, 100% ਧਿਆਨ ਦੇ ਕੇ ਸੁਣ ਲੈਂਦਾ ਹੈ। ਇਹੀ ਬੁੱਧੀ ਰੁਕਾਵਟ ਹੈ ਬਹੁਤ ਵੱਡੀ ਧਰਮ ਦੇ ਅੰਦਰ ਕਿ ਗੁਰੂ ਤਾਂ ਪੂਰਾ ਹੁੰਦਾ ਹੈ ਲੇਕਿਨ ਸਿੱਖ ਦੇ ਵਿਚ ਨੁਕਸ ਹੋਇਆ ਕਰਦਾ ਹੈ ਤੇ ਸਮਰੱਥ ਗੁਰੂ ਵੀ ਸਿੱਖ ਦੇ ਨੁਕਸ ਨੂੰ ਦੂਰ ਨਹੀਂ ਕਰਦਾ, ਨੁਕਸ ਦੂਰ ਕਰਨ ਵਾਸਤੇ ਯਤਨ ਸਿੱਖ ਵਲੋਂ ਹੀ ਕਰਨੇ ਪੈਂਦੇ ਨੇ। ਫੁਰਮਾਨ ਕੀਤਾ ਹੈ ਕਿ –

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥*

*ਅੰਗ - 1372*

ਕਹਿੰਦੇ ਐਡਾ ਵੱਡਾ ਉਪਦੇਸ਼ ਦਿੰਦੇ ਹਾਂ। ਇਕੋ ਹੀ ਉਪਦੇਸ਼ ਦੋ ਚਾਰ ਅੱਖਰ ਹੀ ਨੇ। ਜੇ ਇਹ ਸੁਣ ਕੇ ਮਨ ਵਿਚ ਵਸਾ ਲਏ ਜਾਣ ਤਾਂ ਇਸ ਦੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਕਾਂਸ਼ੀ ਵਿਚ ਪਹਿਲੇ ਜ਼ਮਾਨਿਆਂ ਵਿਚ ਜਦੋਂ ਆਦਮੀ ਦੁਨੀਆਂ ਤੋਂ ਜਾਣ ਲਗਦਾ ਸੀ ਉਸ ਵੇਲੇ ਇਕ ਉਪਦੇਸ਼ ਦਿੰਦੇ ਸੀ, ਮੰਤਰ ਕਹਿੰਦੇ ਸੀ ਉਸ ਨੂੰ, ਉਹ ਮਰਦੀਵਾਰ ਦਿਆ ਕਰਦੇ ਸੀ। ਫੇਰ ਉਸ ਤੋਂ ਬਾਅਦ ਰਸਮ ਬਣ ਗਈ। ਜਦੋਂ ਕੋਈ ਧਰਮ ਰਸਮ ਬਣ ਜਾਵੇ, ਉਸ ਦੇ ਵਿਚ ਜੋ ਪ੍ਰੇਰਨਾ ਹੁੰਦੀ ਹੈ, ਜਿੰਦ-ਜਾਨ ਹੁੰਦੀ ਹੈ ਉਹ ਰਸਮ ਦੇ ਵਿਚ ਆ ਜਾਂਦੀ ਹੈ, ਰਸਮਾਂ ਰਿਵਾਜਾਂ ਵਿਚ ਗਵਾਚ ਜਾਂਦੀ ਹੈ। ਉਹ ਚੀਜ਼ ਮਿਲਦੀ ਨਹੀਂ ਭਾਵੇਂ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ, ਕਿੱਡਾ ਵੱਡਾ ਹੀ ਮੰਤਰ ਕਿਉਂ ਨਾ ਹੋਵੇ, ਕਿੱਡਾ ਵੱਡਾ ਹੀ ਉਪਦੇਸ਼ ਕਿਉਂ ਨਾਂਹ ਹੋਵੇ।

ਸੋ ਇਸ ਤਰ੍ਹਾਂ ਇਹ ਦੋ ਬਿਰਤੀਆਂ ਜਿਹੜੀਆਂ ਆਦਮੀ ਦੇ ਅੰਦਰ ਨੇ, ਅਵਿਨਿਵੇਸ਼ ਹੈ ਤੇ ਵਿਖਸ਼ੇਪਤਾ ਹੈ, ਇਹ ਪੂਰੀ ਤਰ੍ਹਾਂ ਦੇ ਨਾਲ ਬਾਣੀ ਨੂੰ ਅੰਦਰ ਜਾਣ ਨਹੀਂ ਦਿੰਦੀਆਂ। ਮਹਾਰਾਜ ਕਹਿੰਦੇ ਜੇ ਅੰਦਰ ਚਲੀ ਜਾਏ ਬਾਣੀ ਫੇਰ ਇਕ ਕੰਮ ਇਹ ਰਹਿ ਜਾਂਦਾ ਹੈ ਕਿ ਸੁਣਨ ਤੋਂ ਬਾਅਦ ਮੰਨਣਾ ਪੈਂਦਾ ਹੈ। ਉਹ ਗੱਲ ਮੰਨਣੀ ਪੈਂਦੀ ਹੈ, ਮੰਨ ਕੇ ਫੇਰ ਜੀਵਨ ਵਿਚ ਘਟਾਉਣੀ ਪੈਂਦੀ ਹੈ। ਮਹਾਰਾਜ ਕਹਿੰਦੇ ਹਨ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*

*ਅੰਗ - 669*

ਜਦੋਂ ਕੋਈ ਆਦਮੀ ਮੰਨਦਾ ਹੈ ਆਗਿਆ ਨੂੰ, ਫੇਰ ਤੁਸੀਂ ਦੇਖ ਲਓ, ਕੋਈ ਆਦਮੀ ਕਹਿੰਦਾ ਹੈ ਤੂੰ ਫਲਾਣੇ ਥਾਂ ਜਾਹ। ਉਸ ਨੇ ਆਗਿਆ ਮੰਨੀ ਤੇ ਬਾਕੀ ਦਾ ਕੰਮ ਉਹ ਫੇਰ ਆਪ ਕਰਦਾ ਹੈ। ਇਹ ਨਹੀਂ ਕਿ ਹਾਂ ਜੀ! ਮੈਂ ਮੰਨ ਲਈ ਤੁਹਾਡੀ ਆਗਿਆ, ਪਰ ਹਰਕਤ ਵਿਚ ਆਉਣਾ ਹੀ ਆਗਿਆ ਮੰਨਣਾ ਹੁੰਦਾ ਹੈ। ਸੋ ਜਦੋਂ ਏਸ ਤਰ੍ਹਾਂ ਅਸੀਂ ਬਾਣੀ ਸੁਣਦੇ ਹਾਂ ਤਾਂ ਮਹਾਰਾਜ ਕਹਿੰਦੇ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਅੰਗ - 546*

ਜਿਹੜੇ ਏਸ ਤਰ੍ਹਾਂ ਵਿਧੀ ਦੇ ਨਾਲ ਸੁਣਦੇ ਤੇ ਗਾਉਂਦੇ ਨੇ, ਉਨ੍ਹਾਂ ਨੂੰ ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ। ਸਾਰੀ ਜ਼ਿੰਦਗੀ ਵਿਚ ਆਦਮੀ ਵੱਧ ਤੋਂ ਵੱਧ ਜੇ ਰੋਜ਼ ਜੱਗ ਕਰੇ ਤੇ 100 ਸਾਲ ਦੀ ਉਮਰ ਹੋਵੇ ਤਾਂ 36,500 ਜੱਗ ਹੁੰਦਾ ਹੈ ਇਕ ਲੱਖ ਵੀ ਨਹੀਂ ਹੁੰਦਾ। ਇਕ ਹਜ਼ਾਰ ਜਨਮ ਧਾਰੇ ਤਾਂ ਜਾ ਕੇ ਇਕ ਕਰੋੜ ਜੱਗ ਹੁੰਦਾ ਹੈ। ਲੇਕਿਨ ਕਿੰਨਾ ਵੱਡਾ ਪੁੰਨ ਹੈ ਅੰਮ੍ਰਿਤ ਵੇਲੇ ਦਾ। ਬ੍ਰਹਮ ਮਹੂਰਤ ਵਿਚ ਜਾਗ ਕੇ ਗੁਰੂ ਦੀ ਬਾਣੀ ਸੁਣ ਕੇ ਮੰਨ ਲੈਣੀ, ਕਰੋੜਾਂ ਜੱਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਉਸ ਪੁੰਨ ਕਰਕੇ ਗੁਰੂ ਨਾਲ ਬਣ ਆਉਂਦੀ ਹੈ। ਗੁਰੂ ਤੋਂ ਫੇਰ ਉਪਦੇਸ਼ ਮਿਲਦਾ ਹੈ ਕਿਉਂਕਿ ਗੁਰੂ ਫੇਰ ਦਇਆਲ ਹੋ ਜਾਇਆ ਕਰਦਾ ਹੈ। ਜਦੋਂ ਗੁਰੂ ਉਪਦੇਸ਼ ਦਿੰਦਾ ਹੈ ਉਸ ਦੇ ਨਾਲ ਇਸ ਦਾ ਜੀਵ ਭਾਵ ਕੱਟ ਜਾਂਦਾ ਹੈ, ਜੀਵ ਭਾਵ ਮੁੜ ਕੇ ਨਹੀਂ ਰਹਿੰਦਾ, ਫੇਰ ਇਹ ਬ੍ਰਹਮ ਭਾਵ ਦੇ ਵਿਚ ਆ ਜਾਂਦਾ ਹੈ।

ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਸਾਨੂੰ ਇਹੀ ਦੱਸਿਆ ਹੈ ਕਿ ਜੋ ਪੰਜ ਦੋਖ ਲੱਗੇ ਹੋਏ ਸੀ, ਬੜੇ ਸੀ ਜਬਰਦਸਤ, ਜਿਹੜੇ ਪਿੱਛਾ ਹੀ ਨਹੀਂ ਸੀ ਛਡਦੇ ਕਿਸੇ ਤਰੀਕੇ ਦੇ ਨਾਲ, ਕਿਸੇ ਨਾ ਕਿਸੇ ਸ਼ਕਲ ਵਿਚ ਛੁਪੇ ਬੈਠੇ ਰਹਿੰਦੇ ਸੀ। ਜੇ ਅਸੀਂ ਦੱਬਦੇ ਵੀ ਸੀ ਤਾਂ ਵੀ ਉਠ ਖੜ੍ਹਦੇ ਸੀ – ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ। ਸਾਰੀ ਸ੍ਰਿਸ਼ਟੀ ਜਿੰਨੀ ਵੀ ਮਨੁੱਖ ਜਾਤੀ ਹੈ ਇਸ ਦੇ ਰਸਤੇ ਦੇ ਵਿਚ ਰੁਕਾਵਟ ਹੀ ਇਹ ਪੰਜ ਨੇ। ਮਹਾਰਾਜ ਅੱਗੇ ਜਾ ਕੇ ਫੁਰਮਾਨ ਕਰਦੇ ਨੇ ਕਿ ਇਕ ਅਨੂਪ ਵਸਤੂ ਇਸ ਸਰੀਰ ਦੇ ਅੰਦਰ ਪਈ ਹੈ ਪਰ ਛੁਪੀ ਹੋਈ ਹੈ, ਲੁਕੀ ਹੋਈ ਹੈ ਉਹ। ਜਦੋਂ ਗੁਰੂ ਨੇ ਕਿਰਪਾ ਕਰ ਦਿੱਤੀ ਫੇਰ ਇਨ੍ਹਾਂ ਪੰਜ ਦੋਖਾਂ ਤੋਂ ਛੁਟਕਾਰਾ ਹੋ ਗਿਆ ਤੇ ਇਹ ਪੰਜੇ ਦੋਖ ਫੇਰ ਦੋਖ ਨਾ ਰਹੇ, ਸੇਵਾਦਾਰ ਬਣ ਗਏ। ਇਨ੍ਹਾਂ ਦੀ ਭਾਵਨਾ ਬਦਲ ਗਈ। ਜੋ ਇਸ ਦੇ ਵਿਚ ਅਹੰਕਾਰ ਸੀ ਉਹ ਅਹੰਕਾਰ ਬਦਲ ਗਿਆ, ਕ੍ਰੋਧ ਬਦਲ ਗਿਆ, ਵਿਰੋਧੀ ਚੀਜ਼ਾਂ ਆ ਗਈਆਂ। ਮੋਹ ਬਦਲ ਕੇ ਪਿਆਰ ਆ ਗਿਆ, ਸੰਸਾਰੀ ਲੋਭ ਬਦਲ ਕੇ ਹਰੀ ਦੇ ਜਸ ਕਰਨ ਦਾ ਲੋਭ ਪੈਦਾ ਹੋ ਗਿਆ ਕਿ ਮੈਂ ਨਾਮ ਬਹੁਤ ਇਕੱਠਾ ਕਰਾਂ, ਮੇਰੇ ਕੋਲ ਬਹੁਤ ਵੱਡਾ ਭੰਡਾਰਾ ਆ ਜਾਵੇ ਨਾਮ ਦਾ ਤੇ ਜਦੋਂ ਮੈਂ ਸੰਸਾਰ ਤੋਂ ਜਾਵਾਂ ਤਾਂ ਬਹੁਤ ਵੱਡਾ ਭੰਡਾਰਾ ਮੇਰੇ ਪਾਸ ਹੋਵੇ –

*ਲਾਦਿ ਖੇਪ ਸੰਤਹ ਸੰਗਿ ਚਾਲੁ॥*

*ਅਵਰ ਤਿਆਗਿ ਬਿਖਿਆ ਜੰਜਾਲ॥* *ਅੰਗ - 283*

ਅਹੰਕਾਰ ਦੀ ਥਾਂ ਤੇ ਨਿਮਰਤਾ ਆ ਗਈ ਉਹ ਵੀ ਐਨੀ ਆ ਗਈ ਕਿ ਆਪਣਾ ਆਪ ਮਿਟਾ ਦਿੱਤਾ ਤੇ ਉਸ ਦੇ ਵਿਚ ਇਕ ਹੋਰ ਚੀਜ਼ ਪੈਦਾ ਹੋਈ ਜਿਸ ਨੂੰ ਬ੍ਰਹਮ ਭਾਵ ਕਹਿੰਦੇ ਨੇ। ਉਹ ਜੀਵ ਭਾਵ ਦਾ ਜੋ 'ਅਹੰ' ਰੋਗ ਲੱਗਿਆ ਹੋਇਆ ਸੀ। ਪੰਜ ਦੋਖ ਨੇ ਤੇ ਇਕ ਰੋਗ ਦਾ ਮਹਾਰਾਜ ਜੀ ਨੇ ਬਚਨ ਕੀਤਾ ਹੈ। ਉਹ ਇਹ ਹੈ ਕਿ ਉਸ ਤੋਂ ਸਾਰਾ ਹੀ ਸੰਸਾਰ ਪੀੜਤ ਹੈ, ਕੋਈ ਵਿਰਲਾ ਹੈ ਜੋ ਉਸ ਰੋਗ ਤੋਂ ਬਚਦਾ ਹੈ, ਜਿਸ ਨੂੰ 'ਅਹੰ' ਰੋਗ ਕਹਿੰਦੇ ਨੇ।

ਕਈ ਵਾਰ ਇਹ ਖਿਆਲ ਆਉਂਦਾ ਹੈ ਜਦੋਂ ਭਜਨ (ਬੰਦਗੀ) ਕਰਦਾ ਹੈ ਆਦਮੀ, ਅੰਦਰਲੇ ਪਾਸੇ ਬਿਬੇਕ ਮੰਡਲ ਵਿਚ ਜਦੋਂ ਬਿਰਤੀ ਪਹੁੰਚਦੀ ਹੈ, ਉਥੇ ਸਾਰਾ ਕੁਝ ਹੀ ਬਦਲ ਜਾਇਆ ਕਰਦਾ ਹੈ। ਨਾਮ ਆਪਣੇ ਥਾਂ ਤੇ ਚਲਦਾ ਹੈ ਤੇ ਅੰਦਰਲੇ ਪਾਸੇ ਇਕ ਬੁੱਧੀ ਪੈਦਾ ਹੁੰਦੀ ਹੈ –

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥* *ਅੰਗ - 339*

ਜੋ ਜਿਸ ਨੂੰ ਪ੍ਰਾਪਤ ਹੁੰਦੀ ਹੈ ਉਸੇ ਨੂੰ ਇਸ ਗੱਲ ਦਾ ਪਤਾ ਹੈ, ਦੂਸਰੇ ਨੂੰ ਨਹੀਂ ਪਤਾ। ਗੁਰੂ ਮਹਾਰਾਜ ਜੀ ਵੀ ਇਸ ਤਰ੍ਹਾਂ ਹੀ ਸਾਨੂੰ ਸਮਝਾਉਂਦੇ ਨੇ, ਕਿਉਂਕਿ ਬੜੇ ਸੂਖਸ਼ਮ ਨੁਕਤੇ ਨੇ, ਇਕ ਇਕ ਲਾਈਨ ਦੇ ਨੇ, ਜੇ ਅਸੀਂ ਇਨ੍ਹਾਂ ਨੂੰ ਵਿਚਾਰੀਏ ਤਾਂ ਬਹੁਤ ਵੱਡੀਆਂ ਵਿਚਾਰਾਂ ਨੇ। ਮਹਾਰਾਜ ਨੇ ਦੱਸਿਆ ਕਿ 'ਸਰਮ ਖੰਡ' ਦੇ ਮੰਡਲ ਵਿਚ ਜਦੋਂ ਜੀਵ ਪ੍ਰਵੇਸ਼ ਕਰਦਾ ਹੈ, ਜਾਂ ਸਾਡੀ ਸੁਰਤੀ ਪ੍ਰਵੇਸ਼ ਕਰਦੀ ਹੈ ਤਾਂ ਉਥੇ ਸੁਰਤੀ ਤੇ ਬੁਧੀ ਕੰਮ ਨਹੀਂ ਕਰਦੀਆਂ। ਇਹ ਹੇਠਾਂ ਰਹਿ ਜਾਂਦੀਆਂ ਨੇ। 'ਗਿਆਨ ਖੰਡ' ਤੱਕ ਤਾਂ ਪਹੁੰਚ ਜਾਂਦੀਆਂ ਹਨ ਲੇਕਿਨ 'ਸਰਮ ਮੰਡਲ' ਵਿਚ ਨਹੀਂ ਪ੍ਰਵੇਸ਼ ਕਰ ਸਕਦੀਆਂ। ਉਥੇ 'ਬੁਧ' ਬਦਲਦੀ ਹੈ –

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥* *ਅੰਗ - 8*

ਜਿਹੜੀ ਸੁਰਤ ਸਾਡੇ ਅੰਦਰ ਹੈ ਇਹ ਵੀ ਚਲੀ ਜਾਂਦੀ ਹੈ। ਜਿਹੜੀ ਸਾਡੇ ਅੰਦਰ ਮਤ ਹੈ ਵੀ, ਧਰਮ ਦੀ ਹੈ ਜਿਹੜੀ ਮਨ ਨੂੰ ਨਿਯਮਤ ਕਰਦੀ ਹੈ ਹਰ ਵਕਤ, ਇਕ ਗਿਆਨ ਹੁੰਦਾ ਹੈ ਇਕ ਬੁੱਧੀ ਹੋਇਆ ਕਰਦੀ ਹੈ। ਇਕ ਉਹ ਸ਼ਕਤੀ ਹੈ ਜਿਹੜੀ ਹਰ ਵਕਤ ਮਨ ਦੇ ਨਾਲ ਵਾਹ ਪਾ ਕੇ ਰੱਖਦੀ ਹੈ। ਮਨ ਕਹਿੰਦਾ ਹੈ ਕਿ ਉਠੀਏ, ਚਲੀਏ ਦਿਨ ਚੜ੍ਹ ਗਿਆ ਘਰ ਜਾਣਾ ਹੈ ਛੇਤੀ, ਬੁੱਧੀ ਕਹਿੰਦੀ ਨਹੀਂ ਪ੍ਰਸ਼ਾਦ ਵੰਡਣਗੇ ਫੇਰ ਜਾਵਾਂਗੇ, ਚੰਗਾ ਨਹੀਂ ਲਗਣਾ। ਇਕ ਹੋਇਆ ਕਰਦੀ ਹੈ 'ਮੱਤ' –

*ਜੈਸੀ ਮਤਿ ਦੇਇ ਤੈਸਾ ਪਰਗਾਸ॥* *ਅੰਗ - 275*

ਉਹ ਵੀ ਘੜੀ ਜਾਂਦੀ ਹੈ –

*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥* *ਅੰਗ - 8*

ਉਥੇ ਦੇਵਤਿਆਂ ਵਾਲੀ ਬੁੱਧੀ ਪ੍ਰਾਪਤ ਹੁੰਦੀ ਹੈ। ਉਹ ਵੀ ਘੜ ਕੇ ਇਕ ਐਸੀ ਬੁੱਧੀ ਆਉਂਦੀ ਹੈ ਜਿਸ ਦੇ ਨਾਲ ਪ੍ਰਮੇਸ਼ਰ ਨੂੰ ਜਾਣ ਸਕਦੇ ਹਾਂ, ਅਨੁਭਵ ਕਰ ਸਕਦੇ ਹਾਂ ਤੇ ਉਸ ਦੇ ਦਰਸ਼ਨ ਕਰ ਸਕਦੇ ਹਾਂ। ਸੋ ਉਹ ਚੀਜ਼ ਪ੍ਰਾਪਤ ਹੁੰਦੀ ਹੈ। ਉਸ ਥਾਂ ਤੇ 'ਅਹੰ' ਰੋਗ ਨਹੀਂ ਹੋਇਆ ਕਰਦਾ, 'ਅਹੰ' ਰੋਗ ਹੇਠਾਂ ਰਹਿ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਕਿ ਜਿਹੜੇ 5 ਦੋਖ ਨੇ ਤੇ ਜਿਹੜਾ ਸਾਰਿਆਂ ਤੋਂ ਵੱਡਾ 'ਹਉਮੈ' ਦਾ ਰੋਗ ਸਾਰੇ ਹੀ ਸੰਸਾਰ ਨੂੰ ਲੱਗਿਆ ਹੋਇਆ ਹੈ ਕਿਉਂਕਿ ਦਿੱਤਾ ਗਿਆ ਹੈ –

*ਹਉਮੈ ਰੋਗੁ ਮਾਨੁਖ ਕਉ ਦੀਨਾ॥* *ਅੰਗ - 1140*

ਬਾਣੀ ਵੀ ਪੜ੍ਹੀ ਜਾਂਦਾ ਹੈ, ਅੰਮ੍ਰਿਤ ਵੇਲੇ ਵੀ ਜਾਗਦਾ ਹੈ, ਭਜਨ ਵੀ ਕਰਦਾ ਹੈ ਲੇਕਿਨ 'ਅਹੰ' ਰੋਗ ਤੋਂ ਨਹੀਂ ਬਚਦਾ। ਜਦੋਂ ਬਿਬੇਕ ਮੰਡਲ ਵਿਚ ਬਿਰਤੀ ਪਹੁੰਚਦੀ ਹੈ ਤਾਂ ਉਥੇ ਜਾ ਕੇ ਇਸ ਦੀ ਸੋਝੀ ਆਉਂਦੀ ਹੈ। ਆਪਣੇ ਆਪ ਹੀ ਗਿਆਨ ਦਾ ਫੁਆਰਾ ਫੁੱਟ ਪੈਂਦਾ ਹੈ। ਉਥੇ ਤਰਕ-ਵਿਤਰਕ ਸ਼ੁਰੂ ਹੋ ਜਾਂਦੀ ਹੈ ਵਿਚਾਰ ਜਿਸ ਨੂੰ ਕਹਿੰਦੇ ਨੇ ਕਿਉਂਕਿ ਚਾਰ ਦਰਵਾਜੇ ਨੇ ਤੇ ਵਿਚਾਰ ਆਖਰੀ ਦਰਵਾਜਾ ਹੈ ਪ੍ਰਮੇਸ਼ਰ ਦੇ ਦਰ ਤੇ ਪਹੁੰਚਣ ਦਾ। ਉਥੇ ਸਵਾਲ ਆਉਂਦਾ ਹੈ ਕਿ ਜਦੋਂ ਸੰਸਾਰ ਨਹੀਂ ਸੀ ਬਣਿਆ, ਇਥੇ ਕੁਝ ਵੀ ਨਹੀਂ ਸੀ ਤੇ ਮੈਨੂੰ ਪ੍ਰਮੇਸ਼ਰ ਨੇ ਬਣਾ ਦਿੱਤਾ ਜਿਸ ਨੂੰ 'ਮੈ' ਕਹਿੰਦਾ ਹਾਂ। ਮੇਰਾ ਵਿਛੋੜਾ ਕਿਵੇਂ ਹੋ ਗਿਆ? ਮੈਂ ਕਰਮ ਤਾਂ ਕੋਈ ਕਰਿਆ ਨਹੀਂ ਸੀ ਜਿਸ ਦਾ ਮੇਰੇ ਤੇ ਅਸਰ ਪੈ ਜਾਂਦਾ ਤੇ ਮੈਨੂੰ ਅਗਿਆਨ ਕਿਵੇਂ ਹੋ ਗਿਆ? ਮਹਾਰਾਜ ਫੁਰਮਾਨ ਕਰਦੇ ਹਨ ਕਿ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥*
*ਅੰਗ - 999*

ਜਿਸ ਨੇ ਇਹ ਰਚਨਾ ਰਚੀ ਸੀ ਉਸ ਨੇ ਇਕ ਤੱਤ ਸੰਸਾਰ ਵਿਚ ਇਹ ਪੈਦਾ ਕਰ ਦਿੱਤਾ ਜਿਸ ਨੂੰ 'ਮੈ' ਕਹਿੰਦੇ ਨੇ। ਜਿੰਨਾ ਚਿਰ ਮੈਂ ਨਹੀਂ ਸੀ ਆਉਂਦੀ ਉਨਾ ਚਿਰ ਪ੍ਰਮੇਸ਼ਰ ਅਨੇਕਾਂ ਰੂਪਾਂ ਵਿਚ ਬਣਦਾ ਨਹੀਂ ਸੀ। ਉਹ ਆਪੇ ਆਪ ਰਹਿੰਦਾ ਸੀ, ਕੋਈ ਖੇਲ ਨਹੀਂ ਸੀ ਬਣਦੀ। 'ਮੈ' ਦਾ ਜਜ਼ਬਾ ਪਾ ਦਿੱਤਾ ਤੇ 'ਮੈ' ਦਾ ਜਜ਼ਬਾ ਸਭ ਨਾਲੋਂ ਵੱਧ ਮਨੁੱਖ ਦੇ ਵਿਚ ਆ ਗਿਆ, ਮਨੁੱਖ ਨੇ ਲੈ ਲਿਆ। ਜਦੋਂ ਮਨੁੱਖ ਨੇ ਲੈ ਲਿਆ ਤਾਂ ਇਸ ਦੀ ਆਪਣੀ ਹੋਂਦ ਕਾਇਮ ਹੋ ਗਈ 'ਮੈ' ਬਣ ਗਿਆ ਇਹ। ਸਮੁੱਚੇ ਦੇ ਨਾਲੋਂ ਟੁੱਟ ਗਿਆ ਇਹ। ਟੁੱਟ ਕੇ ਇਕਾਈ ਬਣਦੀ ਸਾਰ ਇਸ ਦੇ ਵਿਚ ਚੇਤੰਨਤਾ ਜਿਹੜੀ ਆਈ ਉਹ 'ਮੈ' ਦੀ ਆ ਗਈ। 'ਮੈ' ਨੇ ਫੇਰ ਜਿਹੜੇ ਕਰਮ ਕਰੇ ਉਨ੍ਹਾਂ ਨਾਲ ਇਹ ਬੰਨ੍ਹਿਆ ਗਿਆ। ਕਰਮ ਚੰਗੇ ਵੀ ਕਰੇ ਤੇ ਮਾੜੇ ਵੀ ਕਰੇ। ਚੰਗਿਆ ਦਾ ਚੰਗਾ ਫਲ ਮਿਲਣ ਲੱਗ ਗਿਆ, ਮਾੜਿਆਂ ਦਾ ਮਾੜਾ ਫਲ

ਮਿਲਣ ਲੱਗ ਗਿਆ। ਚੱਕਰ ਚੱਲ ਪਿਆ ਉਸ ਵੇਲੇ ਤੋਂ ਹੀ, ਉਸ ਵੇਲੇ ਤੋਂ ਹੀ ਇਸ ਰੋਗ ਨੇ ਸਾਨੂੰ ਕਰੋੜਾਂ ਜਨਮਾਂ 'ਚ ਸੰਸਾਰ ਦੇ ਅੰਦਰ ਘੁੰਮੇਟਣੀਆਂ ਦੇ ਰਿਹਾ ਹੈ। ਮਹਾਰਾਜ ਕਹਿੰਦੇ ਜਿਸ ਵਕਤ ਗੁਰੂ ਦੀ ਕਿਰਪਾ ਹੋਈ, ਗੁਰੂ ਦੀ ਕਿਰਪਾ ਨੂੰ ਮਹਾਰਾਜ ਕਹਿੰਦੇ –

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਅੰਗ - 306*

ਭੇਖ ਦੇ ਨਾਲ ਤਾਂ ਗੁਰੂ ਦੇ ਮਨ ਬਿਲਕੁਲ ਨਹੀਂ ਭਾਉਂਦਾ, ਇਹ ਤਾਂ ਦਿਮਾਗ ਵਿਚੋਂ ਹੀ ਕੱਢ ਦਿਓ। ਜੇ ਕੋਈ ਦੁਨੀਆਂ ਦਾ ਬੰਦਾ ਕਹੇ ਕਿ ਮੈਂ ਤਿਲਕ ਲਾ ਕੇ, ਜਾਂ ਮੈਂ ਇਹੋ ਜਿਹੇ ਕੱਪੜੇ ਪਾ ਕੇ ਜਾਂ ਇਹੋ ਜਿਹਾ ਭੇਖ ਧਾਰ ਕੇ ਰੱਬ ਨੂੰ ਰਿਝਾ ਲਵਾਂਗਾ ਪਰ ਰੱਬ ਦੇ ਨਾਲ ਸੰਬੰਧ ਨਹੀਂ ਹੈ ਇਨ੍ਹਾਂ ਚੀਜ਼ਾਂ ਦਾ। ਰੱਬ ਦੇ ਨਾਲ ਸਾਡੇ ਅੰਦਰਲੀ ਚੀਜ਼ ਦਾ ਸੰਬੰਧ ਹੈ ਬਾਹਰਲੀ ਦਾ ਨਹੀਂ ਹੈ। ਇਹ ਤਾਂ ਸਰੀਰ ਹੈ ਇਸ ਦੇ ਉਤੇ ਜਿਹੋ ਜਿਹਾ ਦਿਲ ਕਰਦਾ ਹੈ ਕੱਪੜੇ ਪਾ ਲਓ, ਜਿਹੋ ਜਿਹਾ ਭੇਖ ਬਣਾਉਣਾ ਹੈ ਬਣਾ ਲਓ। ਕੋਠੀਆਂ ਨੇ ਜਿਹੋ ਜਿਹੀ ਕੋਠੀ ਬਣਾਉਣੀ ਹੈ ਬਣਾ ਲਓ ਲੇਕਿਨ ਜਿਹੜਾ ਅੰਦਰ ਬੈਠਾ ਹੈ ਉਸ ਨਾਲ ਬਾਹਲੀ ਰੂਪ ਰੇਖਾ ਦਾ, ਕੋਠੀ ਦਾ ਕੋਈ ਵੀ ਸੰਬੰਧ ਨਹੀਂ ਹੈ, ਅੰਦਰ ਤਾਂ ਇਹ ਹੈ ਕਿ ਜੇ ਉਸ ਕੋਲ ਮਾਲ ਹੈ, ਧਨ ਹੈ, ਸੁਖ ਦੇ ਸਾਧਨ ਨੇ, ਉਸ ਦੇ ਮਨ ਦੇ ਅੰਦਰ ਟਿਕਾਓ ਹੈ ਫੇਰ ਤਾਂ ਉਸ ਕੋਠੀ ਦਾ ਕੋਈ ਅਸਰ ਹੈ, ਨਹੀਂ ਤਾਂ ਕੋਈ ਅਸਰ ਨਹੀਂ ਹੈ। ਸੋ ਇਹ ਚੀਜ਼ ਤਾਂ ਨਹੀਂ ਭਾਉਂਦੀ ਪ੍ਰਮੇਸ਼ਰ ਦੇ ਦਰ ਤੇ, ਪ੍ਰਮੇਸ਼ਰ ਦੇ ਦਰ ਤੇ ਤਾਂ ਸਾਡੇ ਅੰਦਰ ਬਹੁਤ ਵੱਡੀ ਮਨੋਵਿਗਿਆਨ ਹੈ ਉਹ ਭਾਉਂਦੀ ਹੈ। ਉਸ ਦੇ ਵਿਚੋਂ ਜਿਹੜੇ ਸਾਡੇ ਕਰਮ ਨੇ ਤੇ ਅਸੀਂ ਉਨ੍ਹਾਂ ਨੂੰ ਅਪਣਾਉਂਦੇ ਚਲੇ ਜਾਂਦੇ ਹਾਂ, ਚੰਗਿਆਂ ਨੂੰ ਵੀ ਤੇ ਮੰਦਿਆ ਨੂੰ ਵੀ ਤੇ ਅਸੀਂ ਕਹਿੰਦੇ ਹਾਂ ਕਿ ਮੈਂ ਕਰਦਾ ਹਾਂ। ਉਹ 'ਮੈਂ ਕਰਦਾ' ਹੀ ਸਾਨੂੰ ਬੰਨ੍ਹ ਕੇ ਤੁਰਿਆ ਆਉਂਦਾ ਹੈ।

ਸੋ ਗੁਰਬਾਣੀ ਦੇ ਅੰਦਰ ਮਹਾਰਾਜ ਕਹਿੰਦੇ 'ਸਾਸਿ' ਤੇ 'ਗਿਰਾਸਿ' ਨਾਮ ਦੀ ਅਰਾਧਨਾ ਹੁੰਦੀ ਹੈ, ਨਾਮ ਦਾ ਧਿਆਨ ਰਹਿੰਦਾ ਹੈ, ਨਾਮ ਦੇ ਬੜੇ ਹਿੱਸੇ ਨੇ। ਨਾਮ ਜਪਣਾ ਹੈ, ਨਾਮ ਦਾ ਧਿਆਨ ਲਾਉਣਾ ਹੈ, ਨਾਮ ਹਿਰਦੇ ਵਿਚ ਵਸਾਉਣਾ ਹੈ ਤੇ ਨਾਮ ਦੇ ਵਿਚ ਪ੍ਰਵੇਸ਼ ਕਰਨਾ ਹੈ ਤੇ ਨਾਮ ਦੇ ਵਿਚ ਰਹਿਣਾ ਹੈ। ਜੋ ਨਾਮ ਦੇ ਵਿਚ ਨਿਵਾਸ ਕਰ ਲੈਂਦਾ ਹੈ ਮਹਾਰਾਜ ਉਸ ਦੀ ਪਦਵੀ ਦਸਦੇ ਨੇ –

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਉਹ ਪ੍ਰਮੇਸ਼ਰ ਵਰਗੇ ਹੋ ਜਾਂਦੇ ਨੇ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ –

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਅੰਗ - 306*

ਕਹਿੰਦੇ ਸਿਰਫ ਓਹੀ ਗੁਰਸਿਖ ਜੋ ਹੈ ਉਹ ਗੁਰੂ ਦੇ ਮਨ ਭਾਉਂਦਾ ਹੈ। ਨਾਮ ਤੋਂ ਬਗੈਰ ਸੇਵਾ ਕੀਤੀ ਹੋਈ ਹਉਮੈ ਦੇ ਮੰਡਲ ਵਿਚ ਚਲੀ ਜਾਂਦੀ ਹੈ। ਮੈਂ ਸੇਵਾ ਕਰਦਾ ਹਾਂ ਉਸ ਨੂੰ ਥੋੜ੍ਹਾ ਜਿਹਾ ਟੋਕ ਦਿਓ, ਉਸ ਦੀ ਮਹਿਮਾ ਨਾ ਕਰੋ, ਤਾਂ ਉਸ ਦੇ ਅੰਦਰ ਨਰਾਜ਼ਗੀ ਪੈਦਾ ਹੋ ਜਾਏਗੀ, ਗੁੱਸਾ ਪੈਦਾ ਹੋ ਜਾਏਗਾ ਕਿ ਮੈਂ ਕਰਦਾ ਹਾਂ ਸੇਵਾ ਤੇ ਮੈਨੂੰ ਗਿਣਦਾ ਹੀ ਕੋਈ ਨਹੀਂ ਹੈ, ਮੇਰੀ ਕੋਈ ਪ੍ਰਸੰਸਾ ਨਹੀਂ। ਮੈਂ ਆਪਣਾ ਧਨ ਵੀ ਸਾਰਾ ਖਰਚ ਦਿੱਤਾ, ਆਪਣਾ ਸਮਾਂ ਵੀ ਸਾਰਾ ਖਰਚ ਦਿੱਤਾ ਤੇ ਇਹ ਮੈਨੂੰ ਕੁਝ ਕਹਿੰਦਾ ਹੀ ਨਹੀਂ ਹੈ ਕਿਉਂਕਿ ਉਸ ਨੂੰ ਨਾਮ ਦੇ ਨਾਲ ਅੰਦਰ ਸੋਝੀ ਨਹੀਂ ਆਈ, ਜਾਗ ਨਹੀਂ ਆਈ ਕਿ ਸੇਵਾ ਥਾਂ ਕਿਵੇਂ ਪਿਆ ਕਰਦੀ ਹੈ।

ਜਿਸ ਦੇ ਅੰਦਰ ਹਉਮੈ ਹੈ ਉਸ ਦੀ ਸੇਵਾ ਥਾਂ ਨਹੀਂ ਪੈਂਦੀ। ਜੇ ਉਹ 10 ਕਦਮਾਂ ਵਧ ਜਾਂਦਾ ਹੈ ਤਾਂ ਹਉਮੈ ਦੇ ਨਾਲ ਉਹ 20 ਕਦਮਾਂ ਪਿਛੇ ਚਲਿਆ ਜਾਂਦਾ ਹੈ। ਘਾਟੇ ਵਾਲਾ ਬਜਟ ਹੋ ਜਾਂਦਾ ਹੈ ਉਸ ਦਾ ਕਿਉਂ ਜੇ ਨਾਮ ਹੈ ਤਾਂ ਨਾਮ ਕੁਦਰਤੀ ਤੌਰ ਤੇ ਜਦੋਂ ਹਿਰਦੇ ਵਿਚ ਆਏਗਾ ਉਸ ਵੇਲੇ ਅਵਸਥਾ ਐਸੀ ਹੋ ਜਾਂਦੀ ਹੈ ਜਿਹੜੀ ਦੱਸਣ ਤੋਂ ਬਾਹਰ ਹੈ ਪ੍ਰਗਟ ਨਹੀਂ ਕਰਦੇ ਮਹਾਤਮਾ ਕਿਉਂਕਿ –

*ਊਚਾ ਨਹੀ ਕਹਣਾ ਮਨ ਮਹਿ ਰਹਣਾ..........॥*
*ਅੰਗ - 580*

ਉਨ੍ਹਾਂ ਦੇ ਅੰਦਰ ਕੁਰਬਾਨੀ ਦੀ ਭਾਵਨਾ ਆ ਜਾਂਦੀ ਹੈ। ਆਪਣਾ ਜੀਵਨ ਵਿਕਲੋਤਰਾ ਨਹੀਂ ਰਹਿੰਦਾ ਉਹ ਸਮੁੱਚੇ ਸੰਸਾਰ ਦੇ ਜੀਵਨ ਨੂੰ ਅਪਣਾ ਲੈਂਦੇ ਨੇ। ਉਹ ਜਿਹੜੀ ਸੇਵਾ ਕਰਦੇ ਨੇ ਉਹ ਕਿਸੇ ਦੇ ਉਤੇ ਅਹਿਸਾਨ ਨਹੀਂ ਕਰਦੇ, ਉਹ ਸੇਵਾ ਆਪਣੇ ਆਪ ਤੇ ਹੀ ਕਰਦੇ ਨੇ। ਸੇਵਾ ਦੁਨੀਆਂ ਦੀ ਕਰਦੇ ਹੋਣਗੇ ਲੇਕਿਨ ਕਰਦੇ ਆਪ ਦੀ ਹੀ ਹੋਣਗੇ। ਲੇਕਿਨ ਸੰਸਾਰ ਸੇਵਾ ਕਰਦਾ ਨਜ਼ਰ ਆਏਗਾ ਲੇਕਿਨ ਸੇਵਾ ਨਹੀਂ ਕਰ ਰਿਹਾ ਹੁੰਦਾ, ਉਹ ਹਉਮੈ ਵਿਚ ਹੁੰਦਾ ਹੈ, ਆਪਣੇ ਵਾਸਤੇ ਜੀਉਂਦਾ ਹੈ ਉਹ। ਜਿਹੜਾ ਗੁਰਸਿਖ ਹੈ ਉਹ ਸੰਸਾਰ ਵਾਸਤੇ ਜੀਉਂਦਾ ਹੈ।

ਸੋ ਮਹਾਰਾਜ ਕਹਿੰਦੇ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ .............॥*
*ਅੰਗ - 306*

ਜਦੋਂ ਸਤਿਗੁਰੂ ਦਇਆਲ ਹੋ ਗਿਆ ਫੇਰ –

*............... ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਅੰਗ - 306*

ਗੁਰੂ ਉਪਦੇਸ਼ ਦਿੰਦਾ ਹੈ ਉਸ ਵੇਲੇ ਅਧਿਕਾਰ ਹੋਇਆ ਕਰਦਾ ਹੈ। ਪਹਿਲਾਂ ਸੰਸਕਾਰ ਅੰਮ੍ਰਿਤ ਹੁੰਦਾ ਹੈ ਜਿਸ ਨੂੰ

'ਜਨਮ ਅੰਮ੍ਰਿਤ' ਕਹਿੰਦੇ ਨੇ। ਉਸ ਦੇ ਵਿਚ 'ਜਪੁਜੀ ਸਾਹਿਬ' ਪੜ੍ਹ ਕੇ, ਪਾਣੀ ਸ਼ੁਧ ਕਰਕੇ ਉਸ ਜੀਵ ਦੇ ਮੁੱਖ ਵਿਚ ਪਾਇਆ ਜਾਂਦਾ ਹੈ, ਉਸ ਨੂੰ 'ਜਨਮ ਸੰਸਕਾਰ ਅੰਮ੍ਰਿਤ' ਕਹਿੰਦੇ ਨੇ। ਦੂਸਰਾ ਹੁੰਦਾ ਹੈ ਨਾਮ ਅੰਮ੍ਰਿਤ। ਨਾਮ ਅੰਮ੍ਰਿਤ ਦਾ ਤਰੀਕਾ ਗੁਰੂ ਘਰ ਦੇ ਅੰਦਰ ਪੰਜ ਪਿਆਰੇ ਨਾਮ ਅੰਮ੍ਰਿਤ ਦਿੰਦੇ ਨੇ, ਮੰਤ੍ਰ ਦਿੰਦੇ ਨੇ 'ਵਾਹਿਗੁਰੂ' ਕਿ ਤੂੰ ਇਸ ਦਾ ਜਾਪ ਕਰ ਤੇਰੇ ਅੰਦਰੋਂ ਨਾਮ ਨੇ ਪ੍ਰਗਟ ਹੋ ਜਾਣਾ ਹੈ, ਹੈ ਤੇਰੇ ਅੰਦਰ ਹੀ। ਤੀਸਰਾ ਹੋਇਆ ਕਰਦਾ ਹੈ ਜਦੋਂ ਗੁਰੂ ਦਇਆਲ ਹੋ ਜਾਵੇ, ਪੂਰਾ ਦਇਆਲ ਹੋ ਜਾਵੇ ਤੇ ਉਸ ਦੀ ਕਸਵੱਟੀ ਪਾਰ ਕਰ ਜਾਵੇ ਗੁਰਸਿਖ ਕਿਉਂਕਿ ਕਸੌਟੀ ਬਹੁਤ ਔਖੀ ਹੈ, ਰਾਮ ਦੀ ਕਸੌਟੀ ਹੈ ਜੋ ਉਹ ਨਹੀਂ ਕੋਈ ਸਹਿ ਸਕਦਾ =

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***

***ਅੰਗ - 948***

ਉਥੇ ਝੂਠਾ ਟਿਕ ਹੀ ਨਹੀਂ ਸਕਦਾ, ਨਾ ਦਿਖਾਵੇ ਵਾਲਾ ਰਹਿ ਸਕਦਾ ਹੈ, ਨਾ ਇਕੱਲੀ ਗਿਆਨ, ਬੁੱਧੀ ਵਾਲਾ ਰਹਿ ਸਕਦਾ ਹੈ। ਉਥੇ ਤਾਂ ਜਿਹੜਾ ਉਨ੍ਹਾਂ ਦੇ ਮੁਤਾਬਕ ਹੁੰਦਾ ਹੈ ਉਹੀ ਪਾਸ ਹੁੰਦਾ ਹੈ, ਉਹ ਕੌਣ ਹੈ? ਕਹਿੰਦੇ –

***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***

***ਅੰਗ - 948***

ਜਿਸ ਨੇ ਹਉਮੈ ਨੂੰ ਖਤਮ ਕਰਨ ਦੀ ਮੰਨ ਲਈ ਪੂਰੀ ਤਰ੍ਹਾਂ ਦੇ ਨਾਲ ਉਹ ਤਾਂ ਸਹਿ ਜਾਂਦਾ ਹੈ, ਦੂਸਰੇ ਤੋਂ ਨਹੀਂ ਸਹਿ ਹੁੰਦੀ। ਉਸ ਵੇਲੇ ਗੁਰੂ ਪ੍ਰੀਖਿਆ ਲੈ ਕੇ ਫੇਰ ਆਖਰੀ ਉਪਦੇਸ਼ ਦਿੰਦਾ ਹੈ ਇਸ ਨੂੰ। ਉਪਦੇਸ਼ ਦੇ ਕੇ ਇਸ ਨੂੰ ਚੁੱਕ ਕੇ ਪ੍ਰਮੇਸ਼ਰ ਦਾ ਰੂਪ ਬਣਾ ਦਿੰਦਾ ਹੈ, ਬ੍ਰਹਮ ਬਣਾ ਦਿੰਦਾ ਹੈ। ਸੋ ਉਸ ਦਾ ਭਾਵ ਜੋ ਹੈ ਗੁਰੂ ਮਹਾਰਾਜ ਜੀ ਨੇ ਪਹਿਲੀਆਂ ਦੋ ਲਾਈਨਾਂ ਵਿਚ ਪ੍ਰਗਟ ਕਰਿਆ ਹੈ ਕਿ ਪੰਜ ਦੋਖਾਂ ਤੋਂ ਮੈਨੂੰ ਮੇਰੇ ਸਤਿਗੁਰੂ ਨੇ ਰੱਖ ਲਿਆ ਤੇ ਮੈਨੂੰ ਸਭ ਤੋਂ ਵੱਡੇ 'ਅਹੰ' ਰੋਗ ਤੋਂ ਬਚਾ ਲਿਆ ਜਿਸ ਤੋਂ ਕੋਈ ਬਚ ਹੀ ਨਹੀਂ ਸਕਦਾ, ਜਿਸ ਤੋਂ ਬੱਚਣ ਦਾ ਕੋਈ ਵੀ ਸਾਧਨ ਨਹੀਂ ਹੈ ਸੰਸਾਰ ਦੇ ਅੰਦਰ। ਹੁਣ ਮੈਨੂੰ ਪਤਾ ਲੱਗ ਗਿਆ ਕਿ ਆਤਮ ਵਸਤੂ ਪ੍ਰਮੇਸ਼ਰ ਤਾਂ ਮੇਰੇ ਅੰਦਰ ਹੀ ਸੀ ਪਰ ਇਹ ਹਉਮੈ ਦੇ ਪੜਦੇ ਓਹਲੇ ਛੁਪਿਆ ਹੋਇਆ ਸੀ। ਜਦੋਂ ਹਉਮੈ ਦਾ ਪੜ੍ਹਦਾ ਪਾਟ ਗਿਆ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***

***ਅੰਗ - 624***

ਸੋ ਗੁਰੂ ਮਹਾਰਾਜ ਨੇ ਜਦੋਂ ਉਹ ਹਉਮੈ ਦੂਰ ਕਰ ਦਿੱਤੀ, 'ਅਹੰ' ਰੋਗ ਦੂਰ ਕਰ ਦਿੱਤਾ ਤਾਂ 'ਸਤਿ' ਦੀ ਪ੍ਰਾਪਤੀ ਹੋ ਗਈ, 'ਸਤਿ' ਦਾ ਪਤਾ ਲੱਗ ਗਿਆ, ਸੋਝੀ ਹੋ ਗਈ ਪਰਮ ਤੱਤ ਦੀ ਕਿ ਇਥੇ ਸੰਸਾਰ ਵਿਚ ਤਾਂ ਆਪੇ ਆਪ ਪ੍ਰਮੇਸ਼ਰ ਹੈ ਦੂਜਾ ਕੋਈ ਹੈ ਹੀ ਨਹੀਂ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਅੰਗ - 1291***

ਸੋ ਸਾਧ ਸੰਗਤ ਜੀ! ਗੁਰਬਾਣੀ ਦੀਆਂ ਜੋ ਛੋਟੀਆਂ-ਛੋਟੀਆਂ ਤੁਕਾਂ ਨੇ ਇਨ੍ਹਾਂ ਵਿਚ ਇਕ ਇਕ ਤੱਤ ਗਿਆਨ ਲੁਕਿਆ ਹੋਇਆ ਹੈ, ਬਹੁਤ ਵੱਡੀ ਵਿਚਾਰ ਹੈ, ਗੁਰਬਾਣੀ ਜੋ ਹੈ ਇਹ ਕੇਵਲ ਪੜ੍ਹਨ ਵਾਸਤੇ ਨਹੀਂ ਹੈ। ਇਹ ਵੀ ਮੈਂ ਬੇਨਤੀ ਤੁਹਾਨੂੰ ਕਰ ਦੇਵਾਂ ਕਿਉਂਕਿ ਬਹੁਤ ਸਾਰੇ ਇਸੇ ਗੱਲ ਦੇ ਵਿਚ ਰਹਿੰਦੇ ਨੇ ਕਿ ਮੈਂ ਸੁਖਮਨੀ ਸਾਹਿਬ ਦੇ 5 ਪਾਠ ਕਰਦਾ ਹਾਂ, ਮੈਂ ਐਨੀ ਬਾਣੀ ਰੋਜ਼ ਪੜ੍ਹਦਾ ਹਾਂ। ਬਾਣੀ ਪੜ੍ਹਨੀ ਹੋਰ ਚੀਜ਼ ਹੈ। ਬਾਣੀ ਦੇ ਵਿਚ ਅਸਲੀ ਚੀਜ਼ ਜਿਹੜੀ ਹੈ ਮਹਾਰਾਜ ਕਹਿੰਦੇ –

***ਨਾਨਕ ਕੈ ਘਰਿ ਕੇਵਲ ਨਾਮੁ॥ ਅੰਗ - 1136***

ਜ਼ਮੀਨ ਵਾਹ ਲੈਣੀ ਹੋਰ ਚੀਜ਼ ਹੈ, ਵਾਹੀ ਜਾਓ ਜਿੰਨਾ ਜੀਅ ਕਰਦਾ ਹੈ, ਬਰੀਕ ਬਣਾ ਲਈ। ਜੇ ਕਿਸਾਨ ਬੀਜ ਨਹੀਂ ਪਾਉਂਦਾ ਉਸ ਦੇ ਵਿਚ ਤਾਂ ਫਸਲ ਕਿਥੋਂ ਹੋ ਕੇ ਆਏਗੀ। ਬਾਣੀ ਸਾਡਾ ਮਨ ਪ੍ਰਮੇਸ਼ਰ ਵੱਲ ਲਾਉਂਦੀ ਹੈ ਮੋੜ ਮੋੜ ਕੇ, ਬੇਅੰਤ ਤਰੀਕਿਆਂ ਨਾਲ ਸਮਝਾਉਂਦੀ ਹੈ। ਇਸ ਦੇ ਵਿਚ ਤਿੰਨ ਚੀਜ਼ਾਂ ਪਈਆਂ ਹਨ – ਕਰਮ ਪਿਆ ਹੈ, ਉਪਾਸ਼ਨਾ ਪਈ ਹੈ ਤੇ ਗਿਆਨ ਪਿਆ ਹੈ, ਲੇਕਿਨ ਅਸੀਂ ਕਿਥੇ ਕੁ ਚਲਣਾ ਹੈ। ਜਿਉਂ ਜਿਉਂ ਸਾਡੀ ਅਵਸਥਾ ਆਉਂਦੀ ਹੈ ਕਿਸੇ ਮੌਕੇ ਅਸੀਂ ਨਰਕ ਤੋਂ ਡਰਦੇ ਹਾਂ, ਕੋਈ ਮੌਕਾ ਆ ਜਾਂਦਾ ਹੈ ਜਦੋਂ ਕਹਿ ਦਿੰਦੇ ਨੇ ਕਿ ਨਰਕ ਜਿਹੜਾ ਹੈ –

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥***

***ਅੰਗ - 969***

ਉਨ੍ਹਾਂ ਨੇ ਰੱਦ ਕਰ ਦਿੱਤੇ ਕਿਉਂਕਿ ਅਵਸਥਾ ਬਦਲ ਗਈ ਉਨ੍ਹਾਂ ਦੀ ਨਰਕ ਸਵਰਗ ਤੋਂ ਉਚੇ ਲੰਘ ਗਏ। ਉਥੇ ਜਾਂਦੇ ਹੀ ਨਹੀਂ। ਸੋ ਅਵਸਥਾ ਬਦਲਦੀ ਤੁਰੀ ਜਾਂਦੀ ਹੈ। ਕਿਤੇ ਪਿਆਰ ਦੀ ਅਵਸਥਾ ਆਉਂਦੀ ਹੈ, ਕਿਤੇ ਜਾ ਕੇ ਅਭੇਦ ਅਵਸਥਾ ਦੇ ਸ਼ਬਦ ਆਉਂਦੇ ਨੇ ਬਾਣੀ ਦੇ ਅੰਦਰ। ਉਥੇ ਪਹੁੰਚਦਾ ਕਿਵੇਂ ਹੈ ਇਹ ਤਾਂ ਮਾਰਗ ਦਰਸ਼ਨ ਕਰਦੀ ਹੈ ਗੁਰਬਾਣੀ ਲੇਕਿਨ ਪਹੁੰਚਦਾ ਇਹ ਨਾਮ ਜਪ ਕੇ ਹੈ। ਇਸ ਨੂੰ ਆਪਣੇ ਅੰਦਰ ਜਾਣਾ ਪੈਂਦਾ ਹੈ। ਜਿੰਨੀ ਦੇਰ ਤੱਕ ਇਹ ਅੰਦਰਲੀ ਖੇਡ ਨੂੰ ਨਹੀਂ ਜਾਣਦਾ ਓਨੀ ਦੇਰ ਤੱਕ ਇਸ ਦਾ ਸਫਰ ਨਹੀਂ ਮੁਕਦਾ, ਫਸਲ ਇਸ ਦੇ ਹੱਥ ਵਿਚ ਨਹੀਂ ਆਉਂਦੀ, ਬੀਜ ਇਸਦੇ ਹੱਥ ਵਿਚ ਨਹੀਂ ਆਉਂਦਾ।

ਸੋ ਇਸ ਕਰਕੇ ਬਾਣੀ ਤਾਂ ਅਸੀਂ ਪੜ੍ਹਦੇ ਹਾਂ, ਬਾਣੀ

(ਬਾਕੀ ਪੰਨਾ 56 ਤੇ)

# ਸਿਹਤ ਵਿਗਿਆਨ

*ਕੈਪਟਨ ਸ਼ਮਸ਼ੇਰ ਸਿੰਘ*

## ਪੁਨਰਨਵਾ

ਇਹ ਇਕ ਬਹੁਤ ਹੀ ਪ੍ਰਸਿੱਧ ਤੇ ਗੁਣਕਾਰੀ ਬੂਟੀ ਹੈ। ਇਹ ਆਮ ਕਰਕੇ ਬਰਸਾਤ ਦੇ ਮੌਸਮ ਵਿਚ ਵੱਧ ਹੁੰਦੀ ਹੈ। ਇਸ ਨੂੰ ਪੰਜਾਬੀ ਵਿਚ ਇਟਸਿਟ ਭੀ ਕਹਿੰਦੇ ਹਨ। ਇਹ ਬੂਟੀ ਦੋ ਪ੍ਰਕਾਰ ਦੀ ਮਸ਼ਹੂਰ ਹੈ। ਲਾਲ ਰੰਗ ਦੀ ਤੇ ਸਫੇਦ ਰੰਗ ਦੀ। ਆਮ ਕਰਕੇ ਪੰਜਾਬ ਵਿਚ ਇਹ ਲਾਲ ਰੰਗ ਦੀ ਹੀ ਮਿਲਦੀ ਹੈ। ਹਿੰਦੀ ਵਿਚ ਇਸ ਨੂੰ ਸਾਂਠ ਗਦਹਪੁਰਾਣਾ ਜਾਂ ਵਿਸਖਪਰਾ ਭੀ ਕਹਿੰਦੇ ਹਨ। ਅੰਗਰੇਜ਼ੀ ਵਿਚ Hogwead ਨਾਲ ਜਾਣੀ ਜਾਂਦੀ ਹੈ। ਇਨ੍ਹਾਂ ਬਾਰੇ ਸ਼ਾਸਤਰਾਂ ਵਿਚ ਵੀ ਕਾਫੀ ਉਲੇਖ ਮਿਲਦਾ ਹੈ।

ਜ਼ਿਮੀਦਾਰ ਇਸ ਨੂੰ ਖਰਪਤਵਾਰ ਸਮਝਦੇ ਹਨ ਤੇ ਇਸ ਦੀ ਜੜ੍ਹ ਕੱਢ ਕੇ ਸੁੱਟ ਦਿੰਦੇ ਹਨ। ਪਰ ਇਹ ਬੂਟੀ ਬਹੁਤ ਹੀ ਉਪਯੋਗੀ ਹੈ।

**ਉਪਯੋਗੀ ਅੰਗ** - ਇਸ ਬੂਟੀ ਦੇ ਸਾਰੇ ਹੀ ਅੰਗ ਜਿਸ ਤਰ੍ਹਾਂ ਪੱਤੇ, ਸ਼ਾਖਾ, ਜੜ੍ਹਾਂ, ਬੀਜ, ਛਿਲਕਾ ਸਭ ਹੀ ਕੰਮ ਆਉਂਦਾ ਹੈ।

ਇਸ ਨੂੰ ਸੁਕਾ ਕੇ ਬੰਦ ਕਰਕੇ ਇਕ ਸਾਲ ਤੱਕ ਰੱਖਿਆ ਜਾ ਸਕਦਾ ਹੈ। ਇਸ ਦਾ ਤਾਜ਼ਾ ਰਸ ਮਿੱਠਾ  ਕੜਵਾ ਹੁੰਦਾ ਹੈ। ਇਹ ਤਰਿਦੋਸ਼ ਵਿਕਾਰਾਂ ਨੂੰ ਦੂਰ ਕਰਦਾ ਹੈ।

ਆਯੁਰਵੈਦ ਵਿਚ ਇਸ ਦੇ ਕਈ ਮੁੱਖ ਯੋਗ ਹਨ. ਜਿਵੇਂ ਕਿ ਪੁਨਰਨਵਾ ਮੰਡੂਰ, ਪੁਨਰਨਵਾ ਗੁਗਲ, ਪੁਨਰਨਵਾ ਦਾ ਚੂਰਣ ਤੇ ਕਨਾਥ (ਕਾੜ੍ਹਾ) ਆਦਿ।

**ਸੋਜਿਸ਼ ਵਿਚ** - ਸੋਜਿਸ਼ ਚਾਹੇ, ਮਿਹਦਾ ਖਰਾਬ ਹੋਣ ਕਰਕੇ, ਦਿਲ ਦੀ ਬੀਮਾਰੀ ਕਾਰਨ ਜਾਂ ਗੁਰਦੇ ਦੇ ਨੁਕਸਾਂ ਕਰਕੇ ਹੱਥਾਂ ਪੈਰਾਂ ਚਿਹਰੇ ਜਾਂ ਪੂਰੇ ਸਰੀਰ ਤੇ ਆ ਜਾਵੇ ਉਸ ਲਈ ਇਹ ਇਕ ਉਤਮ ਦਵਾ ਹੈ। ਇਸ ਦੀਆਂ ਜੜ੍ਹਾਂ ਜਾਂ ਪੂਰੇ ਪੌਦੇ ਦਾ ਕਾੜ੍ਹਾ ਬਣਾ ਕੇ ਦਿਨ ਵਿਚ ਦੋ ਵਾਰ ਲੈਣ ਨਾਲ ਬਹੁਤ ਚੰਗੇ ਅਸਰ ਦੇਖੇ ਗਏ ਹਨ।

**ਪਿਸ਼ਾਬ ਦੀ ਬੀਮਾਰੀ ਲਈ** - ਇਹ ਪੇਸ਼ਾਬ ਦੀ ਰੁਕਾਵਟ ਨੂੰ ਦੂਰ ਕਰਦੀ ਹੈ ਤੇ ਪੇਸ਼ਾਬ ਦੀ ਗਰਮੀ ਨੂੰ ਦੂਰ ਕਰਦੀ ਹੈ। ਇਹ ਪੱਥਰੀ ਤੇ ਪੇਸ਼ਾਬ ਲਗ ਕੇ ਆਉਣ ਵਾਲੀ ਸ਼ਿਕਾਇਤ ਵਿਚ ਬਹੁਤ ਫਾਇਦਾ ਕਰਦੀ ਹੈ ਤੇ ਪੇਸ਼ਾਬ ਤੇ ਪਰਜਨਣ ਅੰਗਾਂ ਲਈ ਇਕ ਟਾਨਿਕ ਭੀ ਹੈ ਅਤੇ ਇਹ ਪੇਸ਼ਾਬ ਰੋਗਾਂ ਦੀ ਇਕ ਉਤਮ ਦਵਾ ਹੈ।

**ਫੋੜਾ** - ਸਫੇਦ ਪੁਨਰਨਵਾ ਦੀ ਜੜ੍ਹ ਦਾ ਕਾੜ੍ਹਾ ਦਿਨ ਵਿਚ ਦੋ ਵਾਰ ਪੀਣ ਨਾਲ ਹੀ ਫੋੜਾ ਪੱਕ ਕੇ ਫੁੱਟ ਜਾਂਦਾ ਹੈ ਤੇ ਸਾਫ ਹੋ ਜਾਂਦਾ ਹੈ। ਅੱਖਾਂ ਦੀਆਂ ਬੀਮਾਰੀਆਂ ਵਿਚ ਭੀ ਇਹ ਬਹੁਤ ਸਹਾਈ ਹੁੰਦਾ ਹੈ ਰਾਤ ਅੰਧਿਆ ਲਈ ਚੌਲਾਂ ਦੀ ਪਿੱਛ ਨਾਲ ਇਸਤੇਮਾਲ ਕਰਨ ਨਾਲ ਫਾਇਦਾ ਹੁੰਦਾ ਹੈ। ਜੋੜਾਂ ਦੇ ਦਰਦਾਂ ਵਿਚ ਇਸ ਦੇ ਪੱਤਿਆਂ ਦੀ ਸਬਜ਼ੀ ਬਣਾ ਕੇ ਖਾਣ ਨਾਲ ਬਹੁਤ ਫਾਇਦਾ ਹੁੰਦਾ ਹੈ।

ਸੱਪ ਅਤੇ ਬਿੱਛੂ ਦੇ ਜ਼ਹਿਰ ਨੂੰ ਬੇਅਸਰ ਕਰਦਾ ਹੈ। ਪੀਲੀਆ ਰੋਗ ਦੀ ਵੀ ਇਹ ਇਕ ਉਤਮ ਦਵਾਈ ਹੈ ਅਤੇ ਲੀਵਰ ਵਧਣ ਦੀ ਸ਼ਿਕਾਇਤ ਭੀ ਦੂਰ ਕਰਦੀ ਹੈ। ਪੀਲੀਆ ਦੀ ਹਾਲਤ ਵਿਚ ਪੁਨਰਨਵਾ ਦੀ ਮਾਲਾ ਗਲ ਵਿਚ ਪਾਉਣ ਨਾਲ ਬਹੁਤ ਫਾਇਦਾ ਹੁੰਦਾ ਹੈ।

## ਗੰਨਾ

ਗੰਨਾ ਇਕ ਬਹੁਉਪਯੋਗੀ ਪੌਦਾ ਹੈ। ਇਸ ਤੋਂ ਗੁੜ, ਚੀਨੀ ਆਦਿ ਬਣਦੇ ਹਨ ਜਿਨ੍ਹਾਂ ਬਿਨਾਂ ਅੱਜ ਦੀ ਜ਼ਿੰਦਗੀ ਅਧੂਰੀ ਹੋ ਕੇ ਰਹਿ ਜਾਵੇਗੀ। ਪਰ ਇਸ ਤੋਂ ਅੱਗੇ ਗੰਨਾ ਇਕ ਮਿੱਠਾ ਪੌਦਾ ਹੀ ਨਹੀਂ ਇਸ ਵਿਚ ਕਈ ਦਵਾਈ ਦੇ ਗੁਣ ਵੀ ਹਨ। ਕੁਝ ਗੁਣ ਹੇਠ ਲਿਖੇ ਹਨ, ਜਿਨ੍ਹਾਂ ਤੋਂ ਫਾਇਦਾ ਉਠਾਇਆ ਜਾ ਸਕਦਾ ਹੈ।

1. **ਪੀਲੀਏ ਦੇ ਰੋਗ ਵਿਚ** - ਗੰਨੇ ਨੂੰ ਰਾਤ ਨੂੰ ਓਸ ਵਿਚ ਰੱਖ ਕੇ ਸਵੇਰੇ ਚੂਪਣ ਨਾਲ ਪੀਲੀਆ ਰੋਗ ਠੀਕ ਹੋਣ ਵਿਚ ਬਹੁਤ ਉਪਯੋਗੀ ਹੈ। ਗੰਨੇ ਦਾ ਰਸ, ਨਿੰਬੂ ਦੇ ਰਸ ਵਿਚ ਮਿਲਾ ਕੇ ਪੀਣ ਨਾਲ ਕੁਝ ਦਿਨਾਂ ਵਿਚ ਪੀਲੀਆ ਖਤਮ ਹੋ ਜਾਂਦਾ ਹੈ।

2. ਖੂਨ ਦੀ ਕਮੀ ਵਿਚ ਗੰਨਾ ਚੂਪਣ ਜਾਂ ਰਸ ਪੀਣ ਨਾਲ ਰਕਤ ਵਧਦਾ ਤੇ ਸਾਫ ਹੁੰਦਾ ਹੈ।

3. ਪਿਸ਼ਾਬ ਦੀਆਂ ਬੀਮਾਰੀਆਂ ਵਿਚ ਗੰਨੇ ਦਾ ਰਸ ਬਹੁਤ ਸਹਾਈ ਹੁੰਦਾ ਹੈ, ਗੰਨਾ ਚੂਸਣ ਨਾਲ ਜਾਂ ਰਸ ਪੀਂਦੇ ਰਹਿਣ ਨਾਲ ਪਿਸ਼ਾਬ ਦੀ ਜਲਣ ਤੇ ਹੋਰ ਨੁਕਸ ਦੂਰ ਹੁੰਦੇ ਹਨ।

4. ਦੁੱਧ ਪੀਂਦੇ ਬੱਚਿਆਂ ਦੀਆਂ ਮਾਵਾਂ ਜੇ ਰਸ ਦਾ ਇਸਤੇਮਾਲ ਕਰਦੀਆਂ ਰਹਿਣ ਤਾਂ ਦੁੱਧ ਜ਼ਿਆਦਾ ਉਤਰਦਾ ਹੈ ਤੇ ਦੁੱਧ ਦੀਆਂ ਨਾੜੀਆਂ ਨੂੰ ਭੀ ਸਾਫ ਰੱਖਦਾ ਹੈ।

ਲੈਬੋਰੇਟਰੀ ਵਿਚ ਟੈਸਟਾਂ ਤੋਂ ਭੀ ਇਹ ਸਾਬਤ ਹੋ ਗਿਆ ਹੈ ਕਿ ਗੰਨੇ ਦਾ ਰਸ ਪਿਸ਼ਾਬ ਦੇ ਸਾਰੇ ਰੋਗਾਂ ਵਿਚ ਸਹਾਈ ਹੁੰਦਾ ਹੈ।

ਗੰਨੇ ਦਾ ਇਸਤੇਮਾਲ ਮਿੱਠਾ ਸਵਾਦੀ ਅਤੇ ਨਾਲ ਹੀ ਬੀਮਾਰੀਆਂ ਤੋਂ ਬਚਾਅ ਕਰਨ ਵਾਲਾ ਹੁੰਦਾ ਹੈ।

## ਟਰਸਟ ਰਤਵਾੜਾ ਸਾਹਿਬ ਵੱਲੋਂ ਸਿਹਤ ਸਹੂਲਤਾ ਪ੍ਰਦਾਨ ਕਰਨ ਸਬੰਧੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਵੱਲੋਂ ਜਨ ਸਮੂੰਹ ਦੇ ਪਰਉਪਕਾਰ ਵਾਸਤੇ ਅਨੇਕਾਂ ਹੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੇ ਜਨਮ ਨਗਰ ਵਿਚ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਆਪਣੇ ਨਿਜ ਦੀ ਕਿਰਤ ਕਮਾਈ ਵਿਚੋਂ ਲੱਖਾਂ ਰੁਪਏ ਖਰਚ ਕੇ ਮੁਢਲਾ ਸਿਹਤ ਕੇਂਦਰ ਹਸਪਤਾਲ ਨਗਰ ਧਮੋਟ ਤਹਿਸੀਲ ਪਾਈਲ ਜਿਲ੍ਹਾ ਲੁਧਿਆਣਾ ਪੰਜਾਬ ਵਿਚ ਕਾਇਮ ਕੀਤਾ ਹੈ।

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਨਿਰੰਤਰ ਨੈਚਰੋਪੈਥੀ ਆਯੁਰਵੈਦਿਕ ਹੋਮਿਓਪੈਥੀ ਦੇ ਇਲਾਜ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪਿੰਡ ਚਾਹੜਮਾਜਰਾ ਦੀ ਜੂਹ ਅੰਦਰ ਪੰਚਾਇਤ ਵੱਲੋਂ ਦਾਨ ਕੀਤੀ ਗਈ ਪੰਜ ਏਕੜ ਭੂਮੀ ਵਿਚ ਆਪਣੀ ਕਿਸਮ ਦਾ ਨਿਵੇਕਲਾ ਹਸਪਤਾਲ ਬਣਾਇਆ ਜਾ ਰਿਹਾ ਹੈ ਜਿਸ ਉਤੇ ਹੁਣ ਤੱਕ 25 ਲੱਖ ਰੁਪਏ ਖਰਚ ਹੋ ਚੁਕੇ ਹਨ ਇਸ ਹਸਪਤਾਲ ਵਿਚ ਅਤਿ ਆਧੁਨਿਕ ਢੰਗ ਤਰੀਕਿਆਂ ਦੀ ਵਰਤੋਂ ਦੇ ਨਾਲ ਨਾਲ ਨਾਮ ਬਾਣੀ ਦੇ ਰਾਹੀਂ ਅਸਾਧ ਰੋਗਾਂ ਦਾ ਇਲਾਜ ਕੀਤਾ ਜਾਵੇਗਾ ਜਿਵੇਂ ਕਿ ਮਹਾਂਪੁਰਸ਼ਾਂ ਦੇ ਨਿਜ ਦੇ ਤਜਰਬੇ ਵਿਚ ਕਿੰਨੀਆਂ ਹੀ ਲਾ-ਇਲਾਜ ਬਿਮਾਰੀਆਂ ਦਾ ਇਲਾਜ 'ਸਰਬ ਰੋਗ ਕਾ ਅਉਖਦੁ ਨਾਮੁ॥' ਰਾਹੀਂ ਹੋਇਆ ਹੈ।

ਉਪਰੋਕਤ ਹਸਪਤਾਲ ਉਪਰ 25 ਲਖ ਰੁਪਏ ਖਰਚ ਹੋ ਚੁਕੇ ਹਨ ਪਰਵਾਸੀ ਪ੍ਰੇਮੀਆਂ ਵੱਲੋਂ ਲੱਖਾਂ ਹੀ ਰੁਪਏ ਭੇਜ ਕੇ ਨਮੂਨੇ ਦਾ ਹਸਪਤਾਲ ਛੇਤੀ ਤੋਂ ਛੇਤੀ ਨੇਪਰੇ ਚੜ੍ਹਾਉਣ ਦੀ ਖਾਹਿਸ਼ ਹੈ। ਜਿਸ ਵਿਚ ਅਤਿ ਆਧੁਨਿਕ ਢੰਗ ਤਰੀਕੇ ਨੂੰ ਵਰਤਦਿਆਂ ਹੋਇਆਂ ਨਾਮ ਬਾਣੀ ਦੇ ਕੁਦਰਤੀ ਢੰਗ ਤਰੀਕੇ ਨਾਲ ਇਲਾਜ ਕੀਤੇ ਜਾਣਗੇ। ਗੁਰੂ ਪੀਰਾਂ ਮਹਾਂਪੁਰਸ਼ਾਂ ਦੀ ਕ੍ਰਿਪਾ ਬਖਸ਼ਿਸ਼ ਸਦਕੇ ਸੰਸਾਰ ਦੇ ਵਿਚ ਇਹ ਨਿਵੇਕਲਾ ਸਿਹਤ ਸਹੂਲਤਾਂ ਦੇਣ ਵਾਲਾ ਹਸਪਤਾਲ ਛੇਤੀ ਹੀ ਤਿਆਰ ਹੋ ਜਾਵੇਗਾ।

ਟਰਸਟ ਵੱਲੋਂ ਗੁਰਦੁਆਰਾ ਰਤਵਾੜਾ ਸਾਹਿਬ ਪਿੰਡ ਚਾਹੜਮਾਜਰਾ ਪੰਚਾਇਤ ਨੂੰ 1,06,42,500/- ਰੁਪਏ 27 ਏਕੜ ਭੂਮੀ ਦੇ ਚਾਰ ਲੱਖ ਫੀ ਏਕੜ ਦੇ ਹਿਸਾਬ ਦੇ ਨਾਲ ਭੁਗਤਾਨ ਕੀਤੇ ਗਏ ਹਨ। ਇਸ ਪੈਸੇ ਨਾਲ ਪੰਚਾਇਤ ਵੱਲੋਂ ਪਸ਼ੂ ਹਸਪਤਾਲ, ਮੁਫਤ ਐਲੀਮੇਟਰੀ ਸਕੂਲ ਆਦਿ ਦੀ ਇਮਾਰਤ ਬਣ ਚੁਕੀ ਹੈ ਨਗਰ ਦੇ ਸੁਧਾਰ ਹਿਤ ਸੀਵਰੇਜ਼ ਪਾਇਆ ਜਾ ਰਿਹਾ ਹੈ ਛੇਤੀ ਹੀ ਕਮਿਊਨਟੀ ਸੈਂਟਰ ਸਟੇਡੀਅਮ ਯੋਗਾ ਸੈਂਟਰ ਆਦਿ ਦੀ ਉਸਾਰੀ ਅਰੰਭੀ ਜਾਣ ਦੀਆਂ ਸਕੀਮਾਂ ਬਣ ਚੁਕੀਆਂ ਹਨ।

(ਪੰਨਾ 54 ਦੀ ਬਾਕੀ)

ਦੇ ਨਾਲ ਹੀ ਸਾਨੂੰ ਬੰਦਗੀ ਕਰਨੀ, ਨਾਮ ਜਪਣਾ ਬਹੁਤ ਹੀ ਜ਼ਰੂਰੀ ਹੋਇਆ ਕਰਦਾ ਹੈ। ਪੁਰਾਣੇ ਗੁਰਸਿਖ ਢਾਈ ਘੰਟੇ ਬੈਠੇ ਕੇ ਨਾਮ ਜਪਿਆ ਕਰਦੇ ਸੀ। ਪਿੰਡਾਂ ਵਿਚ ਵੀ ਅਸੀਂ ਬਚਪਨ ਵਿਚ ਦੇਖਦੇ ਰਹੇ ਹਾਂ। ਉਸ ਤੋਂ ਪਹਿਲਿਆਂ ਦੀਆਂ ਵੀ ਸੁਣਦੇ ਰਹੇ ਹਾਂ ਕਿ ਇਸ ਤਰ੍ਹਾਂ ਬਹਿੰਦੇ ਸੀ, ਬੈਠ ਕੇ ਨਾਮ ਜਪਦੇ ਸੀ। ਹੁਣ ਜਿਉਂ ਜਿਉਂ ਅਕਲ ਤੇਜ ਹੁੰਦੀ ਜਾਂਦੀ ਹੈ, ਨਾਮ ਘਟਦਾ ਜਾਂਦਾ ਹੈ, ਇਥੇ ਹੀ ਸੰਤੁਸ਼ਟ ਹੋ ਗਏ ਜੀ ਮੈਂ 5 ਬਾਣੀਆਂ ਪੜ੍ਹ ਲੈਂਦਾ ਹਾਂ। ਪੰਜ ਬਾਣੀਆਂ ਕਿੰਨੇ ਚਿਰ ਦੀਆਂ ਨੇ? ਐਨੀ ਛੋਟੀਆਂ ਕਰ ਦਿੱਤੀਆਂ ਕਿ ਅੱਧਾ ਘੰਟਾ ਵੀ ਨਹੀਂ ਲਗਦਾ, ਪੱਚੀ ਕੁ ਮਿੰਟ ਲਗਦੇ ਨੇ। ਪੱਚੀ ਮਿੰਟ ਤਾਂ ਲਾਏ ਬਾਕੀ 23 ਘੰਟੇ 35 ਮਿੰਟ ਕਿਥੇ ਲਗਣੇ ਨੇ? ਇਹ ਨਹੀਂ। ਪਹਿਲਾਂ ਢਾਈ ਘੰਟੇ ਬਹਿੰਦੇ ਸੀ ਗੁਰਸਿਖ। ਉਸ ਤੋਂ ਬਾਅਦ ਜਿਹੜੀ ਬਾਣੀ ਪੜ੍ਹਦੇ ਸੀ। ਉਹ ਤੁਰਦੇ ਫਿਰਦੇ ਹੀ ਪੜ੍ਹ ਲੈਂਦੇ ਸੀ। ਸੁਖਮਨੀ ਸਾਹਿਬ ਦਾ ਵੀ ਚਲਦੇ ਫਿਰਦੇ ਪਾਠ ਕਰੀ ਜਾਣਾ। ਮੈਂ ਦੇਖਿਆ ਹੈ ਸਾਡੇ ਪਿਤਾ ਜੀ ਹੱਲ ਚਲਾਉਂਦੇ ਪੜ੍ਹੀ ਜਾਂਦੇ ਸੀ, ਘਰ ਵਿਚ ਕੰਮ ਕਰਦੇ ਨੇ ਉਸ ਵੇਲੇ ਵੀ ਪਰ ਪਹਿਲਾਂ ਸਿਮਰਨ ਕਰਦੇ ਸੀ ਸਾਰੇ।

ਸੋ ਇਹ ਦੋ ਚੀਜ਼ਾਂ ਨੇ। ਬਾਣੀ ਇਸ ਨੂੰ ਸਮਝਾਉਂਦੀ ਹੈ, ਮੋੜ ਮੋੜ ਕੇ ਰੱਬ ਵੱਲ ਲਾਉਂਦੀ ਹੈ, ਬੜੇ ਹੀ ਸਿਧਾਂਤ ਪ੍ਰਗਟ ਕਰਦੀ ਹੈ। ਇਹ ਜਿਹੜੇ ਸਿਧਾਂਤ ਨੇ ਬਾਣੀ ਦੇ ਜਿੰਨਾ ਚਿਰ ਅੰਦਰੋਂ ਜਾਗ ਨਾ ਆਵੇ ਇਹ ਪ੍ਰਗਟ ਨਹੀਂ ਹੋਇਆ ਕਰਦੇ। ਇਨ੍ਹਾਂ ਦੀ ਅੰਦਰੋਂ ਅਨੁਭਵ ਦੇ ਵਿਚ ਸੋਝੀ ਨਹੀਂ ਆਉਂਦੀ, ਪਤਾ ਨਹੀਂ ਲਗਦਾ ਕਿ ਮਹਾਰਾਜ ਕੀ ਕਹਿ ਗਏ -

***ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥***
***ਅੰਗ - 716***

ਬਸ ਇਹ 'ਪੰਚ ਦੋਖ' ਹੀ ਦੁਖੀ ਕਰਦੇ ਸੀ, 'ਅਹੰ ਰੋਗ' ਨੇ ਮੈਨੂੰ ਪ੍ਰਮੇਸ਼ਰ ਨਾਲੋਂ ਤੋੜਿਆ ਸੀ ਇਹ ਮੇਰੇ ਸਤਿਗੁਰੂ ਨੇ ਦੂਰ ਕਰ ਦਿੱਤੇ। ਇਸ ਤਰ੍ਹਾਂ ਸਾਧ ਸੰਗਤ ਜੀ ਕੋਸ਼ਿਸ਼ ਕਰਿਆ ਕਰੋ। ਸੰਗਤ ਦੀ ਅਸੀਸ ਹੈ ਬੱਚੇ ਦਾ ਜਨਮ ਦਿਨ ਮਨਾਇਆ ਹੈ ਮਹਾਰਾਜ ਜੀ ਬੱਚੇ ਨੂੰ ਗੁਰਸਿਖੀ ਦਾ ਦਾਨ ਬਖਸ਼ਣ, ਸੋਝੀ ਬਖਸ਼ਣ, ਪੜ੍ਹਾਈ ਲਿਖਾਈ ਦੇ ਵਿਚ ਕਿਰਪਾ ਕਰਨ ਤੇ ਗੁਰਸਿਖੀ ਦੀ ਸੋਝੀ ਦੇਣ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਨੀਂਦ

ਸਵੇਰੇ ਤਿੰਨ ਵਜੇ ਤੋਂ ਪੰਜ ਵਜੇ ਵਿਚ ਉਠਣ ਦੀ ਆਦਤ ਬਹੁਤ ਹੀ ਸੋਹਣੀ ਆਦਤ ਹੈ। ਜੇ ਤੁਸੀਂ ਸੁਸਤੀ ਛੱਡਣੀ ਚਾਹੁੰਦੇ ਹੋ, ਆਲਸ ਛੱਡਣਾ ਚਾਹੁੰਦੇ ਹੋ, ਸਿਥਿਲਤਾ ਛੱਡਣਾ ਚਾਹੁੰਦੇ ਹੋ ਤਾਂ ਸਵੇਰੇ ਉਠੋ। ਆਲਸ ਨੂੰ, ਸੁਸਤੀ ਨੂੰ ਆਪਣੇ ਉਤੇ ਕਾਬੂ ਨਾ ਪਾਉਣ ਦਿਓ। ਸੁਸਤੀ, ਆਲਸ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਬਹੁਤੀ ਨੀਂਦ ਦੀ ਜ਼ਰੂਰਤ ਨਹੀਂ ਹੁੰਦੀ। ਨੀਂਦ ਕੀ ਕਰਦੀ ਹੈ? ਬਹੁਤ ਸੌਂ ਕੇ ਤੁਸੀਂ ਕੋਈ ਬਹੁਤ ਬਦਲ ਨਹੀਂ ਜਾਂਦੇ, ਤੁਹਾਡਾ ਵਿਅਕਤਿਤ੍ਵ ਨਹੀਂ ਬਦਲ ਜਾਂਦਾ, ਤੁਹਾਡੀ ਆਰਥਕ ਹਾਲਤ ਨਹੀਂ ਬਦਲ ਜਾਂਦੀ। ਨੀਂਦ ਨਾਲ ਦਿਮਾਗ ਨੂੰ ਜ਼ਰੂਰ ਆਰਾਮ ਮਿਲਦਾ ਹੈ, ਨਾੜੀਆਂ ਨੂੰ ਆਰਾਮ ਮਿਲਦਾ ਹੈ, ਪੱਠਿਆਂ ਨੂੰ ਆਰਾਮ ਮਿਲਦਾ ਹੈ, ਚੇਤਨ ਮਨ ਨੂੰ ਆਰਾਮ ਮਿਲਦਾ ਹੈ। ਨੀਂਦ ਅਚੇਤ ਮਨ ਨੂੰ ਆਰਾਮ ਨਹੀਂ ਦਿੰਦੀ, ਨਾ ਹੀ ਸਾਰੇ ਦਿਮਾਗ ਨੂੰ ਪੂਰੀ ਤਰ੍ਹਾਂ, ਨਾ ਹੀ ਮਨ ਨੂੰ ਪੂਰਨ ਆਰਾਮ ਦਿੰਦੀ ਹੈ।

ਸੌਣ ਤੋਂ ਪਹਿਲਾਂ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਕੇ ਸੋਵੋ। ਜੇ ਸੰਸਾਰ ਦਾ ਸਾਰਾ ਬੋਝ ਲੈ ਕੇ ਸੌਂਵੋਗੇ ਤਾਂ ਤੁਹਾਨੂੰ ਭਿਆਨਕ ਸੁਪਨੇ ਆਉਣਗੇ, ਡਰ ਲਗੇਗਾ, ਸਵੇਰੇ ਉਠਣ ਤੇ ਇਸ ਤਰ੍ਹਾਂ ਲਗੇਗਾ ਜਿਵੇਂ ਤੁਸੀਂ ਥੱਕੇ ਪਏ ਹੋ।

ਸੌਣ ਤੋਂ ਪਹਿਲਾਂ ਕੁਝ ਸੁਆਸਾਂ ਦਾ ਵਿਆਮ ਕਰ ਲੈਣਾ ਚੰਗਾ ਹੋਵੇਗਾ। ਇਸ ਨਾਲ ਤੁਹਾਨੂੰ ਭਿਆਨਕ ਸੁਪਨੇ ਨਹੀਂ ਆਉਣਗੇ, ਤੁਹਾਨੂੰ ਚੰਗੀ ਗੂੜ੍ਹੀ ਨੀਂਦ ਆਵੇਗੀ, ਸਿਰ ਥੱਲੇ ਸਰ੍ਹਾਣਾ ਰੱਖ ਕੇ ਸਿਰ ਥੋੜ੍ਹਾ ਉਚਾ ਰੱਖੋ, ਸਿਰ ਸਰੀਰ ਤੋਂ ਥੋੜ੍ਹਾ ਉਪਰ ਹੀ ਹੋਣਾ ਚਾਹੀਦਾ ਹੈ, ਜੇ ਸਿਰ ਉਚਾ ਨਹੀਂ ਰੱਖੋਗੇ ਤਾਂ ਪੇਟ ਵਿਚੋਂ ਹਵਾ ਜਾਂ ਜਿਹੜੇ ਰਸ ਬਣਦੇ ਹਨ ਉਹ ਤੁਹਾਨੂੰ ਤੰਗ ਕਰ ਸਕਦੇ ਹਨ, ਤੁਹਾਨੂੰ ਇਸ ਤਰ੍ਹਾਂ ਲਗੇਗਾ ਕਿ ਤੁਹਾਨੂੰ ਹਾਰਟ ਦੀ ਸਮੱਸਿਆ ਹੈ। ਸਰ੍ਹਾਣਾ ਨਰਮ ਹੋਣਾ ਚਾਹੀਦਾ ਹੈ, ਬਿਸਤਰਾ ਸਖਤ ਹੋਣਾ ਚਾਹੀਦਾ ਹੈ। ਜੇ ਮੰਜਾ ਸਖਤ ਨਹੀਂ ਹੋਵੇਗਾ ਤਾਂ ਤੁਹਾਨੂੰ ਰੀੜ੍ਹ ਦੀ ਹੱਡੀ ਦੀ ਸਮੱਸਿਆ ਹੋ ਸਕਦੀ ਹੈ।

ਖੱਬੇ ਪਾਸੇ ਲੇਟ ਕੇ ਅੱਖਾਂ ਬੰਦ ਕਰੋ, ਉਸ ਨਾਲ ਸੱਜੀ ਨਾਸਕਾ ਖੁਲ੍ਹ ਜਾਵੇਗੀ, ਇਸ ਨਾਲ ਤੁਹਾਨੂੰ ਖਾਣਾ ਪਚਾਉਣ ਦੀ ਵਧੇਰੀ ਸ਼ਕਤੀ ਮਿਲੇਗੀ, ਵਧੇਰੇ ਗਰਮਾਈ ਮਿਲੇਗੀ। ਲੰਮੇ ਲੰਮੇ ਸੁਆਸ ਲਵੋ ਜਿੰਨੇ ਲੰਮੇ ਲੈ ਸਕਦੇ ਹੋ, ਪੇਟ ਦੀ ਹਰਕਤ ਵਲ ਧਿਆਨ ਦਿਓ, ਸੁਆਸ ਬਾਹਰ ਕੱਢਦੇ ਸਮੇਂ ਆਰਾਮ ਨਾਲ ਕੱਢੋ, ਸੁਆਸ ਅੰਦਰ ਲਵੋ, ਬਾਹਰ ਕੱਢੋ, ਸੁਆਸਾਂ ਨੂੰ ਅੰਦਰ ਨਹੀਂ ਰੱਖੋ, ਸੁਆਸ ਅੰਦਰ ਕਰਦੇ ਦਸ ਗਿਣੋ, ਬਾਹਰ ਕੱਢਦੇ ਦਸ ਗਿਣੋ, ਫੇਰ ਸੱਜੇ ਪਾਸੇ ਲੇਟੋ, ਹਾਰਟ ਨੂੰ ਆਰਾਮ ਦਿਓ। ਇਸ ਦੇ ਬਾਅਦ ਸਿੱਧੇ ਲੇਟੋ, ਸ਼ਵਆਸਨ ਕਰੋ, ਡਾਇਫਰਮੈਟਿਕ ਤਰੀਕੇ ਨਾਲ ਸੁਆਸ ਲਵੋ (ਪੇਟ ਰਾਹੀਂ)। ਦਸ ਵਾਰੀ ਅੰਦਰ ਸੁਆਸ ਲਵੋ, ਦਸ ਵਾਰੀ ਬਾਹਰ ਕੱਢੋ, ਸੁਆਸ ਇਸ ਤਰ੍ਹਾਂ ਲਵੋ ਜਿਵੇਂ ਤੁਸੀਂ ਸਿਰ ਤੋਂ ਪੈਰਾਂ ਤਕ ਸੁਆਸ ਲੈ ਰਹੇ ਹੋਵੋ, ਸੁਆਸਾਂ ਵਿਚ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ, ਕੋਈ ਝਟਕੇ ਨਹੀਂ ਲਗਣੇ ਚਾਹੀਦੇ। ਸੁਆਸ ਅੰਦਰ ਕਰਦੇ ਜਾਂ ਬਾਹਰ ਕੱਢਦੇ ਕੋਈ ਆਵਾਜ਼ ਨਹੀਂ ਹੋਣੀ ਚਾਹੀਦੀ। ਸੁਆਸ ਬਹੁਤ ਹੀ ਸਹਿਜ ਵਿਚ ਤੇ ਹਲਕੇ ਹੋਣੇ ਚਾਹੀਦੇ ਹਨ। ਤੁਸੀਂ ਮਨ ਨੂੰ ਸੁਆਸਾਂ ਨਾਲ ਜੋੜੋ, ਸੁਆਸ ਬਾਹਰ ਕੱਢਦੇ ਸਮੇਂ ਸਾਰੀ ਚਿੰਤਾ ਬਾਹਰ ਕੱਢੋ। ਸੁਆਸ ਅੰਦਰ ਕਰਦੇ ਸਮੇਂ ਪੈਰਾਂ ਤੋਂ ਸਿਰ ਤਕ ਮਹਿਸੂਸ ਕਰੋ। ਇਸ ਤਰ੍ਹਾਂ ਦਸ ਵਾਰੀ ਕਰੋ। ਪਹਿਲਾਂ ਦਸ ਵਾਰੀ ਖੱਬੇ ਪਾਸੇ ਲੇਟ ਕੇ ਕਰੋ, ਫੇਰ ਦਸ ਵਾਰੀ ਸੱਜੇ ਪਾਸੇ ਲੇਟ ਕੇ ਕਰੋ, ਫੇਰ ਸਿੱਧੇ ਲੇਟ ਕੇ ਕਰੋ। ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਂਤ ਹੋ ਜਾਓਗੇ, ਸਿਥਲ ਹੋ ਜਾਓਗੇ ਤੇ ਚੰਗੀ ਨੀਂਦ ਸੌਂ ਸਕੋਗੇ।

## ਤੇਰ੍ਹਵਾਂ ਅਧਿਆਇ

## ਵੱਡੀ ਥਾਂ ਦੀ ਭਾਲ

ਸਵਾਮੀ ਜੀ ਇਕ ਉਚੀ ਥਾਂ ਤੇ ਬੈਠੇ ਹਨ। ਮੈਂ ਉਨ੍ਹਾਂ ਦੇ ਕੋਲ ਖੜ੍ਹਾਂ ਹਾਂ, ਸਵਾਮੀ ਜੀ ਇਕ ਦਮ ਹੇਠਾਂ ਉਤਰਨ ਲਗ ਪਏ ਜਦੋਂ ਉਹ ਘਾਹ ਵਾਲੀ ਥਾਂ ਤੋਂ ਹੇਠਾ ਆ ਰਹੇ ਸੀ ਮੈਨੂੰ ਲੱਗਾ ਸਵਾਮੀ ਜੀ ਨੂੰ ਕੋਈ ਕੰਮ ਹੈ ਤੇ ਉਹ ਹੇਠਾਂ ਜਾ ਰਹੇ ਹਨ, ਮੈਂ ਖੱਬੇ ਪਾਸੇ ਵਲ ਦੇਖਿਆ ਕਿ ਬਜ਼ੁਰਗ ਪਾਤਾ ਖੜ੍ਹੀ ਹੈ, ਉਸ ਦੇ ਲੰਮੇ ਕਾਲੇ ਬਾਲ ਹਨ। ਉਸ ਨੇ ਆਪਣਾ ਹੱਥ ਅੱਗੇ ਕੀਤਾ ਤੇ ਮੇਰੇ ਮੋਢੇ ਤੇ ਰੱਖਿਆ ਤੇ ਕਹਿਣ ਲੱਗੇ, "ਤਿਆਰ ਹੋ ਜਾਓ, ਕੁਝ ਬਹੁਤ ਹੀ ਚੰਗਾ ਹੋਣ ਵਾਲਾ ਹੈ।"

"ਜਸਟਿਨ ਕੀ ਤੂੰ ਸਾਡੇ ਲਈ ਚੰਗੀ ਥਾਂ ਲੱਭ ਸਕਦਾ ਹੈਂ?" ਮੈਂ ਉਪਰ ਦੇਖਿਆ, ਮੈਂ ਹੈਰਾਨ ਸੀ, ਸੋਚ ਰਿਹਾ ਸੀ ਕਿ ਸ਼ਾਇਦ ਸਵਾਮੀ ਜੀ ਮਖ਼ੌਲ ਕਰ ਰਹੇ ਹਨ ਪਰ ਜਦੋਂ ਮੈਂ ਦੇਖਿਆ ਸਵਾਮੀ ਜੀ ਤਾਂ ਸੁੱਚਮੁੱਚ ਹੀ ਕਹਿ ਰਹੇ ਸਨ ਤੇ ਬੜੇ ਹੀ ਗੰਭੀਰ ਰੂਪ ਵਿਚ ਕਹਿ ਰਹੇ ਸਨ। ਸਾਨੂੰ ਹੁਣ ਰਹਿੰਦਿਆਂ ਕੰਮ ਕਰਦਿਆਂ ਗਲੈਨਵਿਊ ਵਿਚ ਇਕ ਸਾਲ ਹੋ ਗਿਆ ਸੀ। ਮੈਨੂੰ ਲਗਦਾ ਸੀ ਸਭ ਕੁਝ ਠੀਕ ਠਾਕ ਹੈ। ਸਵਾਮੀ ਦੇ ਵਿਚਾਰ ਕੁਝ ਹੋਰ ਸੀ। ਮੈਂ ਹੋਰ ਥਾਵਾਂ ਤੇ ਜਗ੍ਹਾ ਲੱਭਣ ਲਗ ਪਿਆ। ਸਾਰੇ ਉਤਰ-ਮਧ ਵਿਚ ਘੁੰਮਣ ਲਗ ਪਿਆ ਤੇ ਵੱਡੀ ਥਾਂ ਢੂੰਡਣ ਲਗ ਪਿਆ। ਬਾਕੀ ਦੇ

ਜਗਿਆਸੂ ਵੀ ਥਾਵਾਂ ਦੇਖਣ ਲਗ ਪਏ। ਅਸੀਂ ਸਾਰੇ ਖੁਸ਼ ਸੀ ਕਿ ਗਲੈਨਵਿਊ ਦਾ ਸੈਂਟਰ ਬਹੁਤ ਚੰਗਾ ਕੰਮ ਕਰ ਰਿਹਾ ਸੀ ਤੇ ਸਵਾਮੀ ਜੀ ਦੀ ਸਿਖਿਆ ਬਹੁਤ ਚੰਗੀ ਤਰ੍ਹਾਂ ਫੈਲ ਰਹੀ ਸੀ ਤੇ ਜੜ੍ਹਾਂ ਪਕੜ ਰਹੀ ਸੀ, ਵਾਸਤਵ ਵਿਚ ਸਵਾਮੀ ਜੀ ਦੀ ਸਿਖਿਆ ਅਮਰੀਕਨ ਸਭਿਆਚਾਰ ਦਾ ਹਿੱਸਾ ਬਣ ਰਹੀ ਸੀ। ਸਵਾਮੀ ਜੀ ਦੇ ਵਿਚਾਰ, ਸੁਪਨੇ ਕੁਝ ਹੋਰ ਸੀ ਜਿਨ੍ਹਾਂ ਨੂੰ ਉਹ ਸਾਕਾਰ ਕਰਨਾ ਚਾਹੁੰਦੇ ਸਨ। ਸਵਾਮੀ ਜੀ ਇਕ ਬਹੁਪੱਖੀ ਕੇਂਦਰ ਦੀ ਸਥਾਪਨਾ ਕਰਨਾ ਚਾਹੁੰਦੇ ਸੀ। ਉਹ ਬਹੁਤ ਵੱਡਾ ਕੇਂਦਰ ਬਨਾਉਣਾ ਚਾਹੁੰਦੇ ਸੀ ਜੋ ਕਿ ਕਈ ਏਕੜਾਂ ਵਿਚ ਹੋਵੇ ਜਿਥੇ ਜਗਿਆਸੂ ਆਪਣੇ ਘਰ ਬਣਾ ਕੇ ਰਹਿ ਸਕਣ, ਜਿਥੇ ਵੱਖ ਵੱਖ ਯੋਗ ਸਾਧਨਾਵਾਂ ਹੋ ਸਕਣ। ਇਕ ਕਾਲਜ ਹੋਵੇ। ਉਥੇ ਸਾਰੀਆਂ ਚਿਕਤਸਿਕ ਪਦਤੀਆਂ ਨਾਲ ਇਲਾਜ ਹੋ ਸਕੇ। ਇਹ ਮਨੋਸਰੀਰਕ ਖੋਜ ਪ੍ਰਯੋਗਸ਼ਾਲਾ ਹੋਵੇ। ਆਉਣ ਵਾਲੇ ਸਦਸਿਆ ਦੇ ਰਹਿਣ ਲਈ ਚੰਗੇ ਸੋਹਣੇ ਬਣੇ ਛੋਟੇ ਫਲੈਟ ਹੋਣ। ਇਕ ਵੱਡਾ ਸਾਰਾ ਆਪਣਾ ਪ੍ਰੈਸ ਹੋਵੇ। ਪੂਰੀਆਂ ਵਿਦਿਅਕ ਸੰਸਥਾਵਾਂ ਹੋਣ ਜੋ ਮਨ ਸਰੀਰ ਤੇ ਆਤਮਾ ਨੂੰ ਖੇੜਾ ਦੇ ਸਕਣ।

ਸਵਾਮੀ ਜੀ ਨੇ ਆਪਣੇ ਲੈਕਚਰ ਵਿਚ ਕਿਹਾ ਕਿ ਅਸੀਂ ਗਲੈਨਵਿਊ ਕੇਂਦਰ ਰੱਖਾਂਗੇ ਪਰ ਹੋਰ ਵੱਡੀ ਥਾਂ ਲੈਣੀ ਬਹੁਤ ਅਵੱਸ਼ਕ ਹੈ। ਹੋਰ ਬਹੁਤ ਸਾਰੇ ਵਿਵਸਾਏ ਸ਼ੁਰੂ ਕਰਨੇ ਬਹੁਤ ਹੀ ਜ਼ਰੂਰੀ ਹਨ। ਵੱਡੀ ਥਾਂ ਹੋਣੀ ਬਹੁਤ ਹੀ ਅਵੱਸ਼ਕ ਹੈ। ਇਕ ਗੱਲੋਂ ਅਸੀਂ ਖੁਸ਼ ਕਿਸਮਤ ਸੀ ਕਿਉਂਕਿ ਇਹ ਉਹ ਸਮਾਂ ਸੀ ਜਦੋਂ ਬਹੁਤ ਸਾਰੇ ਸਕੂਲ, ਸੰਸਥਾਵਾਂ ਕਈ ਕਾਨਫਰੰਸ ਹਾਲ ਕਈ ਰਿਹਾਇਸ਼ੀ ਸਕੂਲ ਵਿਕਾਊ ਸੀ।

ਮੈਂ ਕੋਈ ਦਰਜਨ ਤੋਂ ਵੱਧ ਥਾਵਾਂ ਤੇ ਗਿਆ ਹੋਵਾਂਗਾ ਕਈ ਕੈਥੋਲਿਕਾਂ ਦੀ ਰਿਹਾਇਸ਼ੀ ਥਾਵਾਂ ਤੇ ਹੋਰ ਕਈ ਥਾਵਾਂ ਤੇ। ਹਰ ਇਕ ਨੂੰ ਦੇਖਦਿਆਂ ਮੈਨੂੰ ਤਿੰਨ ਤੋਂ ਚਾਰ ਘੰਟੇ ਲਗਦੇ ਰਹੇ ਹਨ।

ਇਕ ਬੜੀ ਹੀ ਹੈਰਾਨੀ ਦੀ ਗੱਲ ਸੀ ਕਿ ਕਦੀ ਵੀ ਕਿਸੇ ਪਾਦਰੀ ਨੇ ਕਿਸੇ ਨੋਨ ਨੇ ਕਦੀ ਵੀ ਇਕ ਚਾਹ ਦਾ ਪਿਆਲਾ ਵੀ ਪੀਣ ਨੂੰ ਨਹੀਂ ਕਿਹਾ। ਮੈਨੂੰ ਲਗਦਾ ਸੀ ਕਿ ਇਨ੍ਹਾਂ ਨੇ ਈਸਾ ਜੀ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ। ਸੈਂਟ ਬੈਨੀਡਿਕਟ ਨੂੰ ਨਹੀਂ ਪੜ੍ਹਿਆ ਜਿਨ੍ਹਾਂ ਨੇ ਇਹ ਲਿਖਿਆ ਹੈ ਕਿ ਘਰ ਆਏ ਪ੍ਰਾਹੁਣੇ ਨੂੰ ਈਸਾ ਹੀ ਜਾਣ ਕੇ ਉਸ ਦੀ ਆਓ ਭਗਤ ਕਰੋ। ਇਸ ਤਰ੍ਹਾਂ ਇਕ ਸਾਲ ਤਕ ਵੱਡੇ ਥਾਂ ਲਈ ਖੋਜ ਚਲਦੀ ਰਹੀ।

ਐਨੀ ਦੇਰ ਵਿਚ ਸਵਾਮੀ ਜੀ ਦੇ ਲੈਕਚਰ ਚਲਦੇ ਰਹੇ। ਸ਼ਿਕਾਗੋ ਪੁਲਿਸ ਦਾ ਇਕ ਬੰਦਾ ਵੀ ਸਵਾਮੀ ਜੀ ਦਾ ਚੇਲਾ ਸੀ ਜਿਸ ਦਾ ਨਾਂ ਫਰੈਕ ਸੀ। ਉਹ ਸਾਡੇ ਘਰ ਤੋਂ ਕੁਝ ਮੀਲ ਦੂਰ ਹੀ ਰਹਿੰਦਾ ਸੀ। ਬਹੁਤ ਵਾਰੀ ਉਹ ਹੀ ਸਵਾਮੀ ਜੀ ਨੂੰ ਹਵਾਈ ਅੱਡੇ ਤੇ ਛੱਡ ਕੇ ਆਉਂਦਾ ਸੀ ਖਾਸ ਤੌਰ ਤੇ ਜਦੋਂ ਕੋਈ ਲੇਟ ਪ੍ਰੋਗਰਾਮ ਹੋਣਾ ਹੋਵੇ। ਫਰੈਕ ਦੇ ਇਕ ਦੋਸਤ ਨੇ ਫਰੈਕ ਨੂੰ ਟੈਲੀਫੋਨ ਕਰਕੇ ਕਿਹਾ ਉਹ ਤੇ ਉਸ ਦੀ ਪਤਨੀ ਬਹੁਤ ਖੁਸ਼ ਹਨ ਕਿ ਸਵਾਮੀ ਜੀ ਉਨ੍ਹਾਂ ਦੇ ਚਰਚ ਆ ਕੇ ਪ੍ਰਵਚਨ ਕਰ ਰਹੇ ਹਨ। ਇਨ੍ਹਾਂ ਸਭ ਨੇ ਫੈਸਲਾ ਕੀਤਾ ਕਿ ਇਹ ਸਾਰੇ ਬੈਠ ਕੇ ਸੁਣਨਗੇ।

ਥੋੜ੍ਹੇ ਦਿਨਾਂ ਬਾਅਦ ਫਰੈਂਕ ਨੂੰ ਸੈਂਟਰ ਤੋਂ ਟੈਲੀਫੋਨ ਆਇਆ ਕਿ ਕੀ ਉਹ ਸ਼ੁਕਰਵਾਰ ਸ਼ਾਮ ਨੂੰ ਸਵਾਮੀ ਜੀ ਨੂੰ ਹਵਾਈ ਅੱਡੇ ਤੇ ਲੈ ਜਾਏਗਾ ਕਿਉਂਕਿ ਸਵਾਮੀ ਜੀ ਨੇ ਸਪਤਾਹ ਦੇ ਆਖਿਰ ਵਿਚ ਨਿਊਯਾਰਕ ਸੈਮੀਨਾਰ ਦੇਣਾ ਹੈ। ਫਰੈਂਕ ਨੇ ਸੋਚਿਆ ਉਸ ਦੇ ਦੋਸਤ ਵਾਲਾ ਲੈਕਚਰ ਕੈਂਸਲ ਹੋ ਗਿਆ ਹੈ। ਸ਼ੁਕਰਵਾਰ ਸ਼ਾਮ ਨੂੰ ਫਰੈਕ ਸਵਾਮੀ ਜੀ ਨੂੰ ਹਵਾਈ ਅੱਡੇ ਲੈ ਗਿਆ। ਉਹ ਅੰਦਰ ਤਕ ਸਵਾਮੀ ਜੀ ਦਾ ਬੈਗ ਲੈ ਕੇ ਗਿਆ, ਸਵਾਮੀ ਜੀ ਨੇ ਉਸ ਦਾ ਧੰਨਵਾਦ ਕੀਤਾ ਤੇ ਉਹ ਵਾਪਸ ਆ ਗਿਆ, ਸਵਾਮੀ ਜੀ ਜਹਾਜ਼ ਚੜ੍ਹ ਗਏ।

ਅਗਲੇ ਦਿਨ ਸਵੇਰੇ ਫਰੈਕ ਨੂੰ ਟੈਲੀਫੋਨ ਆਇਆ, "ਤੂੰ ਕਿਥੇ ਸੀ ਕੱਲ੍ਹ ਰਾਤ?" ਫਰੈਕ ਦੇ ਦੋਸਤ ਨੇ ਪੁਛਿਆ। ਅਸੀਂ ਤੇਰੇ ਲਈ ਸੀਟ ਰੱਖ ਛੱਡੀ।

ਫਰੈਂਕ ਹੈਰਾਨ ਹੋ ਕੇ ਪੁੱਛਣ ਲੱਗਾ, "ਕੀ ਮਤਲਬ? ਸਵਾਮੀ ਜੀ ਨੇ ਤਾਂ ਰਾਤੀਂ ਚਰਚ ਵਿਚ ਲੈਕਚਰ ਨਹੀਂ ਦਿਤਾ।"

"ਬਿਲਕੁਲ ਦਿਤਾ" ਦੋਸਤ ਕਹਿਣ ਲੱਗਾ ਹਰ ਇਕ ਨੂੰ ਸਵਾਮੀ ਜੀ ਦਾ ਲੈਕਚਰ ਬਹੁਤ ਹੀ ਪਸੰਦ ਆਇਆ, ਸਵਾਮੀ ਜੀ ਨੇ ਅਗਲੀਆਂ ਗਰਮੀਆਂ ਆਉਣ ਦਾ ਵਾਇਦਾ ਕੀਤਾ ਹੈ।

ਫਰੈਂਕ ਨੇ ਆਪਣੇ ਦੋਸਤ ਤੋਂ ਮਾਫੀ ਮੰਗੀ ਤੇ ਫਰੈਂਕ ਟੈਲੀਫੋਨ ਫੜ ਕੇ ਬੈਠ ਗਿਆ। ਫੇਰ ਉਸ ਨੇ ਮੈਨੂੰ ਟੈਲੀਫੋਨ ਕੀਤਾ ਤੇ ਅਸੀਂ ਬਹੁਤ ਦੇਰ ਤਕ ਯੋਗੀਆਂ ਦੇ ਕੌਤਕ ਦੀਆਂ ਗੱਲਾਂ ਕਰਦੇ ਰਹੇ, ਰਾਤ ਸਾਨੂੰ ਕਿੰਨੀ ਦੇਰ ਇਹੋ ਹੀ ਗੱਲਾਂ ਕਰਦਿਆਂ ਲੰਘ ਗਈ।

## ਗੁਰੂ ਜੀ ਨਾਲ ਅੱਧੀ ਰਾਤ ਤਕ

ਗਲੈਨਵਿਓ ਵਾਪਸ ਆ ਕੇ ਸਵਾਮੀ ਜੀ ਨੇ ਕੰਮ ਸ਼ੁਰੂ ਕੀਤਾ ਤੇ ਹੁਣ ਵਿਸ਼ੇਸ਼ ਤੌਰ ਤੇ ਪਰਾ ਚੇਤਨਾ ਤੇ ਮੈਡੀਟੇਸ਼ਨ ਸ਼ੁਰੂ ਕੀਤੀ। ਮੈਂ ਹਮੇਸ਼ਾ ਦੀ ਤਰ੍ਹਾਂ ਇਹ ਪੂਰਾ

ਕੋਰਸ ਕੀਤਾ ਤੇ ਨੋਟਸ ਵੀ ਲਏ ਪਰ ਇਸ ਵਾਰੀ ਮੈਂ ਨੋਟਸ ਹੋਰ ਤਰ੍ਹਾਂ ਨਾਲ ਲਏ ਕੇਵਲ ਜੋ ਸਵਾਮੀ ਜੀ ਬੋਲ ਰਹੇ ਸੀ ਉਹ ਹੀ ਨਹੀਂ ਲਿਖਿਆ, ਮੈਂ ਆਪਣੇ ਮਨ ਵਿਚ ਜੋ ਪ੍ਰਸ਼ਨ ਆਏ ਉਹ ਵੀ ਲਿਖੇ। ਲੈਕਚਰ ਤੋਂ ਬਾਅਦ ਲੋਕੀ ਸਵਾਮੀ ਜੀ ਦੇ ਪਿਛੇ ਪਿਛੇ ਨਿਕਲਦੇ। ਸਵਾਮੀ ਜੀ ਉਨ੍ਹਾਂ ਨਾਲ ਪਰੀਚਾ ਕਰਦੇ, ਉਨ੍ਹਾਂ ਨਾਲ ਗੱਲਬਾਤ ਕਰਦੇ ਜੇ ਕੋਈ ਮਿਲਣਾ ਚਾਹੁੰਦਾ, ਉਸ ਨੂੰ ਸਮਾਂ ਦਿੰਦੇ ਇਹ ਵੀ ਕਹਿੰਦੇ ਕਿ ਉਨ੍ਹਾਂ ਦਾ ਬੂਹਾ ਹਰ ਇਕ ਲਈ ਖੁਲ੍ਹਾ ਹੈ, ਜਦੋਂ ਮਰਜ਼ੀ ਆਓ। ਜਦੋਂ ਉਹ ਅੱਧਾ ਹਾਲ ਲੰਘ ਆਏ, ਉਨ੍ਹਾਂ ਨੇ ਮੈਨੂੰ ਤੇ ਥਰੀਸਾ ਨੂੰ ਦੇਖਿਆ ਤੇ ਕਹਿਣ ਲੱਗੇ, "ਚਲੋ ਚੱਲੀਏ।"

ਅਸੀਂ ਸਵਾਮੀ ਜੀ ਦੇ ਘਰ ਵਲ ਤੁਰ ਪਏ, ਥਰੀਸਾ ਨੇ ਰਸੋਈ ਵਿਚ ਜਾ ਕੇ ਟਿਲਕ ਬਣਾਇਆ। ਸਵਾਮੀ ਜੀ ਨੇ ਮੈਨੂੰ ਪੁਛਿਆ ਕਿ ਉਨ੍ਹਾਂ ਦੀ ਅੰਗ੍ਰੇਜ਼ੀ ਕਿਵੇਂ ਸੀ, ਮੈਂ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਅੰਗ੍ਰੇਜ਼ੀ ਅੱਗੇ ਨਾਲੋਂ ਕਿਤੇ ਵੱਧ ਚੰਗੀ ਸੀ, ਪਿਛਲੇ ਸਾਲ ਨਾਲੋਂ ਤਾਂ ਬਹੁਤ ਹੀ ਫਰਕ ਹੈ। ਫੇਰ ਕਈ ਸਾਲ ਇਸ ਤਰ੍ਹਾਂ ਹੀ ਹੁੰਦਾ ਰਿਹਾ, ਜਦੋਂ ਸਵਾਮੀ ਜੀ ਨੇ ਲੈਕਚਰ ਖਤਮ ਕਰਨਾ ਉਨ੍ਹਾਂ ਨੇ ਮੇਰੇ ਕੋਲ ਆਉਣਾ ਤੇ ਪੁੱਛਣਾ, "ਕਿਵੇਂ ਰਿਹੈ?"

ਜਿਵੇਂ ਹੀ ਅਸੀਂ ਆਰਾਮ ਨਾਲ ਸਵਾਮੀ ਜੀ ਦੇ ਕਮਰੇ ਵਿਚ ਬੈਠੇ ਸਵਾਮੀ ਜੀ ਨੇ ਇਕ ਘਟਨਾ ਦੱਸਣੀ ਸੁਰੂ ਕੀਤੀ, "ਇਕ ਵਾਰੀ ਦੀ ਗੱਲ ਹੈ ਕਿ ਇਕ ਯਾਤਰੀ ਜਹਾਜ਼ ਵਿਚ ਬੈਠਾ ਸੀ ਮੇਰੇ ਨਾਲ ਉਹ ਮੇਰੇ ਨਾਲ ਗੁਸੇ ਹੋ ਗਿਆ। ਮੈਂ ਘੁਰਾੜੇ ਮਾਰ ਰਿਹਾ ਸੀ ਤੇ ਹਵਾਈ ਜਹਾਜ਼ ਦਾ ਇਕ ਸੱਜੇ ਪਾਸੇ ਦਾ ਇੰਜਨ ਖਰਾਬ ਹੋ ਗਿਆ। ਉਹ ਕਹਿਣ ਲੱਗਾ ਇਹ ਇੰਜਨ ਤੁਹਾਡੇ ਘੁਰਾੜਿਆਂ ਨਾਲ ਹੀ ਖਰਾਬ ਹੋਇਆ ਹੈ। ਉਸ ਨੇ ਮੈਨੂੰ ਉਠਾ ਕੇ ਕਿਹਾ ਉਹ ਬਹੁਤ ਹੀ ਦੁਖੀ ਸੀ ਕਹਿਣ ਲੱਗਾ, "ਸ੍ਰੀ ਮਾਨ ਤੁਹਾਡੇ ਘੁਰਾੜਿਆਂ ਨਾਲ ਜਹਾਜ਼ ਦਾ ਸੱਜੇ ਪਾਸੇ ਦਾ ਇੰਜਨ ਖਰਾਬ ਹੋ ਗਿਆ ਹੈ।"

ਮੈਂ ਉਸ ਬੰਦੇ ਦੇ ਚਿਹਰੇ ਤੇ ਚਿੰਤਾ ਦੇਖੀ ਤੇ ਉਸ ਦੀਆਂ ਅੱਖਾਂ ਵਿਚ ਡਰ ਦੇਖਿਆ ਤੇ ਮੈਂ ਉਸ ਨੂੰ ਜਵਾਬ ਦਿਤਾ, ਬਾਕੀ ਦੇ ਇੰਜਨ ਇਸ ਕਰਕੇ ਹੀ ਚਲ ਰਹੇ ਹਨ ਕਿ ਮੈਂ ਸੁੱਤਾ ਪਿਆ ਹਾਂ ਤੇ ਸ਼ਾਂਤ ਹਾਂ, ਇੰਨਾਂ ਕਹਿ ਕੇ ਮੈਂ ਸੌਂ ਗਿਆ।

ਅਸੀਂ ਸਾਰੇ ਬਹੁਤ ਹਸੇ ਜਦੋਂ ਥਰੀਸਾ ਟਿਲਕ ਲੈ ਕੇ ਆਈ, ਸਵਾਮੀ ਜੀ ਓਸੇ ਲੋਰ ਵਿਚ ਅੱਗੇ ਚੱਲੇ।

ਕਦੀ ਵੀ ਕੋਈ ਵੀ ਚਿੰਤਾ ਵਾਸਤਵਿਕ ਨਹੀਂ ਹੁੰਦੀ, ਸਵਾਮੀ ਜੀ ਨੇ ਇਹ ਕਹਿ ਕੇ ਥਰੀਸਾ ਵਲ ਦੇਖਿਆ ਤੇ ਕਹਿਣ ਲੱਗੇ ਅਸੀਂ ਸਦਾ ਹੀ ਭਵਿੱਖ ਦੀ ਚਿੰਤਾ ਕਰਦੇ ਰਹਿੰਦੇ ਹਾਂ ਤੇ ਕਦੀ ਵੀ ਵਰਤਮਾਨ ਵਿਚ ਰਹਿ ਕੇ ਇਸ ਨੂੰ ਮਾਣਦੇ ਨਹੀਂ। ਜਦੋਂ ਵੀ ਤੁਹਾਨੂੰ ਚਿੰਤਾ ਹੋਵੇ ਇਹ ਯਾਦ ਰੱਖੋ ਕਿ ਸੰਸਾਰ ਦਾ ਸਭ ਕੁਝ ਤੁਹਾਡੇ ਹੀ ਵਰਤਣ ਲਈ ਹੈ ਪਰ ਕੋਈ ਵੀ ਚੀਜ਼ ਕਬਜ਼ੇ ਲਈ ਨਹੀਂ ਹੈ। ਇਹ ਜੀਵਨ ਦਾ ਇਕ ਨਿਯਮ ਜੀਵਨ ਵਿਚ ਸਮਝ ਕੇ ਉਤਾਰਨਯੋਗ ਹੈ। ਜੇ ਇਹ ਨਿਯਮ ਨਾ ਸਮਝਿਆ ਜਾਵੇ ਜੀਵਨ ਵਿਚ ਨਾ ਉਤਾਰਿਆ ਜਾਵੇ ਕਿ ਸੰਸਾਰ ਤੋਂ ਤੁਹਾਨੂੰ ਕਈ ਔਖੇ ਸਮੇਂ ਦੇਖਣੇ ਪੈ ਸਕਦੇ ਹਨ। ਜੀਵਨ ਨੂੰ ਕਦੀ ਵੀ ਇਸ ਤਰ੍ਹਾਂ ਨਾਲ ਲੌਅ ਵਿਚ ਮਾਨਸਿਕ ਹਸਪਤਾਲਾਂ ਵਿਚ ਚਿਕਿਤਸਕ ਲੈਂਦੇ ਹਨ, ਇਕ ਬਿਮਾਰੀ ਫੜ ਲਈ ਤੇ ਫੇਰ ਉਸ ਨੂੰ ਮਰੀਜ਼ ਤੇ ਲਾਗੂ ਕਰਨ ਲਗ ਪਏ ਜਾਂ ਕਹਿ ਲਓ ਕਿ ਮਰੀਜ਼ ਉਸ ਵਿਚ ਫਿੱਟ ਕਰ ਦਿਤਾ।

ਮੈਂ ਟਿਲਕ ਦਾ ਘੁੱਟ ਭਰ ਕੇ ਕਿਹਾ, "ਭਾਵਨਾਵਾਂ ਤੇ ਸੰਵੇਗਾਂ ਨੂੰ ਸਾਂਭਣਾ ਐਨਾ ਔਖਾ ਕਿਉਂ ਹੁੰਦਾ ਹੈ?"

ਤੁਰੰਤ ਜਵਾਬ ਮਿਲਿਆ ਭਾਵਨਾਵਾਂ ਬਹੁਤ ਸਮੱਸਿਆ ਪੈਦਾ ਕਰਦੀਆਂ ਹਨ ਕਿਉਂਕਿ ਉਨ੍ਹਾਂ ਦਾ ਕਾਰਣ ਆਪਣੇ ਤੋਂ ਬਾਹਰ ਹੁੰਦਾ ਹੈ ਤੇ ਤੁਸੀਂ ਬਹੁਤ ਹੀ ਆਪਣੇ ਆਪ ਨੂੰ ਮਜ਼ਬੂਰ ਸਮਝਦੇ ਹੋ। ਜਿਸ ਤਰ੍ਹਾਂ ਨਾਲ ਤੁਸੀਂ ਚੀਜ਼ਾਂ ਨੂੰ ਦੇਖਦੇ ਹੋ, ਸਮਝਦੇ ਹੋ ਉਹ ਤਰੀਕਾ ਬਦਲਣਾ ਪਵੇਗਾ। ਇਨ੍ਹਾਂ ਨੂੰ ਸਮਝੇ ਬਿਨਾਂ ਤੁਸੀਂ ਦੁਖੀ ਹੋਵੋਗੇ ਤੁਹਾਨੂੰ ਧੱਕਾ ਲੱਗੇਗਾ ਤੇ ਤੁਹਾਡੀ ਸਿਹਤ ਵੀ ਖਰਾਬ ਹੋ ਸਕਦੀ ਹੈ।

ਸਵਾਮੀ ਜੀ ਦੀ ਇਹ ਗੱਲ ਸੁਣ ਕੇ ਮੈਨੂੰ ਅਖਬਾਰ ਵਿਚ ਦਿਤੀ ਇਕ ਘਟਨਾ ਯਾਦ ਆਈ ਤੇ ਮੈਂ ਉਸ ਗਰੁੱਪ ਨਾਲ ਸਾਂਝੀ ਕੀਤੀ। ਰੇਡੀਓ ਵਿਚ ਇਹ ਸੁਣ ਕੇ ਉਸ ਦੇ ਬੰਦੇ ਨੂੰ ਗੋਲੀ ਲਗ ਗਈ ਹੈ ਇਕ ਪਿਤਾ ਦਾ ਓਥੇ ਹੀ ਹਾਰਟ ਫੇਲ੍ਹ ਹੋ ਗਿਆ ਸੀ, ਭਾਵੇਂ ਪਿਛੋਂ ਪਤਾ ਲੱਗਾ ਸੀ ਕਿ ਉਹ ਕੋਈ ਹੋਰ ਸੀ।

ਜੇ ਤੁਸੀਂ ਗੱਲ ਸਮਝ ਲੈਂਦੇ ਹੋ ਤਾਂ ਤੁਹਾਨੂੰ ਦੁਖ ਜ਼ਰੂਰ ਹੁੰਦਾ ਹੈ ਪਰ ਧੱਕਾਂ ਨਹੀਂ ਲਗਦਾ, ਇਕ ਦਮ ਜਦੋਂ ਧੱਕਾ ਲਗਦਾ ਹੈ ਉਹ ਤੁਹਾਡੀ ਸਿਹਤ ਨੂੰ ਬਹੁਤ ਹੀ ਨੁਕਸਾਨ ਪਹੁੰਚਾਉਂਦਾ ਹੈ ਤੇ ਉਸ ਧੱਕੇ ਦਾ ਕੋਈ ਡਾਕਟਰੀ ਇਲਾਜ ਨਹੀਂ ਹੈ ਆਪਣੇ ਆਪ ਨੂੰ ਕਾਬੂ ਕਰਕੇ ਤੁਸੀਂ ਸੁਤੰਤਰ ਹੋ ਸਕਦੇ ਹੋ।

# ਜੇਲ੍ਹ ਚਿੱਠੀਆਂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

### ਭਾਈ ਸੱਜਣ ਸਿੰਘ ਨਮਿੱਤ ਜਪੁਜੀ ਸਾਹਿਬ ਦੇ ਪੰਜ ਪੰਜ ਪਾਠ ਤੇ ਅਰਦਾਸਾ

ਭਾਈ ਸੱਜਣ ਸਿੰਘ ਜੀ ਦੀ ਉਂਗਲੀ ਕੱਟ ਜਾਣੀ ਤੇ ਉਪਰੇਸ਼ਨ ਨਾ ਹੋਣ ਦੀ ਅਜੀਬ ਘਟਨਾ

ਇਕ ਵਾਰੀ ਮੇਰੇ ਲਾਗੇ ਦੀ ਕੋਠੀ ਵਿਚ ਵੀਰ ਸੱਜਣ ਸਿੰਘ ਨਾਰੰਗਵਾਲ ਅਸ਼ਨਾਨ ਕਰਕੇ ਮੈਨੂੰ ਬਾਣੀ ਦਾ ਪਾਠ ਕਰਕੇ ਸੁਣਾਉਣ ਲੱਗੇ ਤਾਂ ਸਾਧੂ ਰਾਧਾ ਸਿੰਘ ਨੇ (ਜੋ ਉਸ ਵੇਲੇ ਪਹਿਰੇ ਤੇ ਸਨ) ਮੇਰੀ ਕੋਠੀ ਅੰਦਰ ਆ ਕੇ ਮੈਨੂੰ ਦੱਸਿਆ ਕਿ ਸਾਧੂ ਜੀ! ਇਕ ਅਸਚਰਜ ਘਟਨਾ ਹੋ ਗਈ ਹੈ। ਮੈਂ ਤੋ ਦੇਖ ਕਰ ਦੰਗ ਰਹਿ ਗਿਆ ਹੂੰ। ਸੱਜਣ ਸਿੰਘ ਕੀ ਉਂਗਲੀ ਕਟ ਗਈ ਹੈ ਔਰ ਉਸ ਮੇਂ ਸੇ ਖ਼ੂਨ ਜਾਰੀ ਹੈ ਪਰ ਵੁਹ ਆਪ ਕੋ ਪਾਠ ਐਸਾ ਅਨੰਦ ਸੇ ਸੁਣਾਇ ਜਾ ਰਿਹਾ ਹੈ ਜੈਸੇ ਉਸ ਕੀ ਉਂਗਲੀ ਕਟੀ ਹੀ ਨਹੀਂ, ਧੰਨ ਹੈਂ ਸਤਿਗੁਰੂ ਕੇ ਸਿੱਖ! ਧੰਨ ਕਮਾਈ!! ਦਾਸ ਨੇ ਪਾਠ ਵਿਚ ਹੀ ਪਉੜੀ ਦਾ ਭੋਗ ਪੈਣ ਪਰ ਸਜਣ ਸਿੰਘ ਨੂੰ ਆਵਾਜ਼ ਮਾਰੀ - ਕਿਉਂ ਵੀਰ ਜੀ ਕੀ ਡੌਲ ਹੈ, ਇਹ ਖੇਡ ਕਿਵੇਂ ਵਰਤੀ? ਤਾਂ ਉਹ ਬੋਲੇ ਕਿ 'ਕੁਛ ਨਹੀਂ।' ਪਾਠ ਫੇਰ ਕਰਨ ਲਗ ਗਏ। ਪਰ ਸਾਧੂ ਰਾਧਾ ਸਿੰਘ ਜੀ ਦੂਜੀ ਛਿਨ ਹੀ ਸੱਜਣ ਸਿੰਘ ਦੀ ਸੱਜੀ ਚੀਚੀ ਦਾ ਕਟਿਆ ਹੋਇਆ ਪਪੋਟਾ ਲੈ ਕੇ ਮੇਰੇ ਪਾਸ ਆਏ ਤਾਂ ਮੈਂ ਉਸ ਨੂੰ ਆਖਿਆ ਕਿ ਜਾ ਕੇ ਉਸ ਦੀ ਉਂਗਲ ਨਾਲ ਹੀ ਇਸ ਨੂੰ ਜੋੜ ਦਿਓ। ਉਹ ਇਵੇਂ ਜਾ ਕੇ ਕਰਨ ਲੱਗਾ ਪਰ ਸੱਜਣ ਸਿੰਘ ਨੇ ਕਰਨ ਨਾ ਦਿਤਾ ਅਤੇ ਆਖਿਆ, ਇਹ ਭਾਣਾ ਹੀ ਏਵੇਂ ਸੀ। ਹੁਣ ਇਹ ਨਹੀਂ ਜੁੜੇਗੀ ਕਿਉਂਕਿ ਕਟੀ ਨੂੰ ਚਿਰ ਹੋ ਚੁੱਕਾ ਹੈ ਅਤੇ ਲਹੂ ਬਹੁਤਾ ਸਾਰਾ ਨਿਕਲ ਚੁੱਕਾ ਹੈ। ਇਕ ਤਾਂ ਉਸ ਨੇ ਬਚਨ ਨਾ ਮੰਨਿਆ, ਦੂਜੇ ਉਸ ਨੇ ਆਪਣੀ ਚੀਚੀ ਦੇ ਟੁੰਡ ਨੂੰ ਪਾਣੀ ਬੱਤੀ ਬੰਨ੍ਹਣ ਦੇ ਥਾਉਂ ਤੇਲ ਵਿਚ ਬੋੜ ਦਿਤਾ। ਉਸ ਦੀ ਬਿਖ ਚੜ੍ਹ ਗਈ ਅਤੇ ਜਰਮੀਸਾਈਡ ਹੋ ਗਿਆ, ਪਲਮ ਦੌੜ ਗਈ, ਬਾਂਹ ਸੁੱਜ ਕੇ ਭੜੋਲਾ ਹੋ ਗਈ। ਤੱਤਕਾਲ ਅਤੇ ਤੁਰੰਤ ਹੀ ਹਸਪਤਾਲੇ ਰਿਪੋਰਟ ਦਿਤੀ ਗਈ।

ਉਨ੍ਹਾਂ ਦਿਨਾਂ ਵਿਚ ਇਕ ਨਵਾਂ ਸੁਪ੍ਰੰਟੰਡੰਟ ਆਇਆ ਸੀ। ਉਹ ਨਾਲੇ ਆਈ. ਐਮ. ਐਸ. ਸਿਵਲ ਸਰਜਨ ਹੈ ਸੀ। ਸੋ ਮੈਡੀਕਲ ਅਫਸਰ ਦੀ ਡਿਊਟੀ ਉਹੀ ਕਰਦਾ ਸੀ। ਇਹ ਗੋਰਾ ਸਰਜਰੀ ਅਤੇ ਤਿੱਬ ਦੋਹਾਂ ਵਿਚ ਬੜਾ ਮਾਹਰ ਸੀ ਅਤੇ ਅਸਾਂ ਪੰਜਾਬੀਆਂ ਦਾ ਇਲਾਜ ਤਾਂ ਇਹ ਖ਼ਾਸ ਗ਼ੌਰ ਨਾਲ ਕਰਦਾ ਸੀ। ਰਿਪੋਰਟ ਮਿਲਣ ਸਾਰ ਹੀ ਉਹ ਭੱਜਿਆ ਆਇਆ, ਉਸ ਦਾ ਨਾਮ ਮਿਸਟਰ ਫ਼ਰੈਡਰਿਕ ਸੀ। ਆਉਂਦੇ ਸਾਰ ਹੀ ਉਸ ਨੇ ਸੱਜਣ ਸਿੰਘ ਦਾ ਮੁਲਾਹਜ਼ਾ ਕੀਤਾ ਅਤੇ ਹੁਕਮ ਦਿਤਾ ਕਿ ਇਸ ਨੂੰ ਹਸਪਤਾਲ ਲੈ ਚੱਲੋ। ਅਸੀਂ ਸਾਰਿਆਂ ਨੇ ਅਤੇ ਖ਼ਾਸ ਕਰ ਦਾਸ ਨੇ ਉਸ ਨੂੰ ਵੀਰ ਸੱਜਣ ਸਿੰਘ ਦਾ ਇਲਾਜ ਕਰਨ ਲਈ ਤੀਬਰ ਤਕੀਦੀ ਉਤਕੰਠਾ ਪ੍ਰਗਟ ਕੀਤੀ ਅਤੇ ਉਸ ਦੀ ਸੇਵਾ ਲਈ ਅਸਾਡੇ ਵਿਚੋਂ ਇਕ ਦੋ ਸੱਜਣ ਸਾਥ ਲੈ ਜਾਣ ਲਈ ਭੀ ਆਖਿਆ, ਪਰ ਉਸ ਨੇ ਸਾਨੂੰ ਭਰੋਸਾ ਦਿਵਾਇਆ ਕਿ ਸੱਜਣ ਸਿੰਘ ਦੀ ਸੇਵਾਦਾਰੀ ਹਰ ਪ੍ਰਕਾਰ ਭਲੀ ਬਿਧ ਹੋਵੇਗੀ। ਤੁਸੀਂ ਇਤਮੀਨਾਨ ਅਤੇ ਦਿਲ ਜਮਾਈ ਰੱਖੋ। ਉਂਗਲੀ ਕੱਟਣ ਦੀ ਘਟਨਾ ਪ੍ਰਥਾਇ ਪੜਤਾਲ ਕਰਨ ਵਾਲੇ ਮਾਮਲੇ ਨੂੰ ਭੀ ਉਹ ਵਿਚੇ ਹੀ ਛੱਡ ਗਿਆ ਕਿਉਂਕਿ ਇਸ ਤਰ੍ਹਾਂ ਕਰਨਾ ਇਲਾਜ ਵਿਚ ਤਤਪਰ ਹੋਣ ਲਈ ਬਿਘਨ ਕਾਰੀ ਸੀ।

ਸ਼ਾਮ ਨੂੰ ਮੇਰੇ ਪਾਸ ਛੋਟਾ ਡਾਕਟਰ ਆਇਆ ਅਤੇ ਉਸ ਨੇ ਦੱਸਿਆ ਕਿ ਸੱਜਣ ਸਿੰਘ ਦੀ ਹਾਲਤ ਬਹੁਤ ਵਿਗੜ ਗਈ ਹੈ। ਸਾਰੇ ਸਰੀਰ ਵਿਚ ਪਲਮ ਦੌੜਨ ਦਾ ਖ਼ਤਰਾ ਹੈ। ਬਾਹਰੋਂ ਭੀ ਸਿਵਲ ਸਰਜਨ ਮੰਗਵਾਇਆ ਗਿਆ ਹੈ। ਉਸ ਦੀ ਅਤੇ ਸਾਡੇ ਸਾਰਿਆਂ ਦੀ ਇਹੋ ਰਾਏ ਹੈ ਕਿ ਬਾਂਹ ਕੱਟੇ ਜਾਣ ਬਿਨਾਂ ਹੋਰ ਕੋਈ ਚਾਰਾ ਨਹੀਂ। ਸੋ ਸਵੇਰੇ ਹੀ ਬਾਂਹ ਕੱਟੀ ਜਾਵੇਗੀ ਕਿਉਂਕਿ ਮੈਡੀਕਲ ਬੋਰਡ ਦਾ ਇਹ ਆਖ਼ਰੀ ਫੈਸਲਾ ਹੋ ਚੁੱਕਾ ਹੈ। ਉਹ ਤਾਂ ਇਹ ਸੁਣਾਉਣੀ ਸੁਣਾ ਕੇ ਚਲਿਆ ਗਿਆ ਅਤੇ ਦਾਸ ਨੇ ਇਸ ਬਲਾਕ ਅਤੇ ਇਰਦ ਗਿਰਦ ਬਲਾਕਾਂ ਦੀਆਂ ਕੋਠੀਆਂ ਵਿਚ ਸਾਰੇ ਵੀਰਾਂ ਨੂੰ ਇਹ ਮੰਦ ਸੋਇ ਸੁਣਾ ਭੇਜੀ। ਸਭ ਦਾ ਇਹ ਫੈਸਲਾ ਹੋਇਆ ਕਿ ਅੰਮ੍ਰਿਤ ਵੇਲੇ ਉਠਦੇ ਹੀ ਇਸ਼ਨਾਨ ਕਰਕੇ ਸਾਰੇ ਸੱਜਣ ਪੰਜ ਪੰਜ ਪਾਠ ਜਪੁਜੀ ਸਾਹਿਬ ਦੇ ਸੁਜਣ ਸਿੰਘ ਦੀ ਨਮਿੱਤ ਕਰਨ। ਸੋ ਦਰਦੇ ਦਿਲ ਦੇ ਦਿਲੀ ਦਰਦ-ਵੰਦਾਂ ਨੇ ਐਸਾ ਹੀ ਕੀਤਾ। ਦਾਸ ਨੂੰ ਪਾਠਾਂ ਦੇ ਭੋਗ ਪਸਚਾਤ ਗੁਪਤ ਪ੍ਰੇਰਨਾ ਇਹ ਹੋਈ ਕਿ ਉਸ ਦੀ ਨਮਿਤ ਅਰਦਾਸਾ ਭੀ ਕੀਤਾ ਜਾਏ। ਸੋ ਦਾਸ ਨੇ ਬਿਨਾਂ ਕਿਸੇ ਦੀ ਸਲਾਹ ਲਏ ਅਤੇ ਬਿਨਾਂ ਕਿਸੇ ਨੂੰ ਦੱਸੇ ਹੀ ਗੁਪਤ ਅਰਦਾਸਾ ਭੀ ਸੋਧ ਦਿਤਾ। ਅਰਦਾਸੇ ਦੇ ਨਾਲ ਇਹ ਮੰਨਤਾ ਭੀ ਮੰਨੀ ਗਈ, ਜੋ ਆਪ-ਮੁਹਾਰੀ ਮੰਨੀ ਗਈ, ਕਿ ਹੇ ਗੁਰੂ ਰਾਮਦਾਸ! ਵੀਰ ਸੱਜਣ ਸਿੰਘ ਜੀ ਦੀ ਬਾਂਹ ਨਾ ਕੱਟੀ ਜਾਵੇ ਅਤੇ ਆਪ ਦੇ ਦਰੋਂ ਘਰੋਂ ਵੀਰ ਦੀ ਬਾਂਹ ਅਰੋਗਤਾ ਦੀ ਬਖਸ਼ਿਸ਼ ਹੋ ਜਾਵੇ ਅਤੇ ਸਵਾ ਦਮੜੇ ਦਾ ਕੜਾਹ ਪ੍ਰਸ਼ਾਦ ਤੇਰੇ ਦਰਬਾਰ ਕਰਾਈਏ। ਅੱਜ ਮੇਰੀ ਜ਼ਿੰਦਗੀ ਵਿਚ ਇਹ ਪਹਿਲਾ ਦਿਨ ਸੀ ਕਿ ਕੜਾਹ ਪ੍ਰਸ਼ਾਦ ਕਰਾਉਣ ਦੀ ਸੁਖਣਾ ਸੁੱਖੀ ਗਈ। ਪਰ ਸੁਖੀ ਗਈ ਅਚਨਚੇਤ ਹੀ। ਮਿਨਿਆ ਮਿਥਿਆ ਕੁਝ ਨਹੀਂ ਸੀ। ਹੁਣ ਓਧਰਲੀ ਵਾਰਤਾ ਸੁਣੋ ਕਿ ਹਸਪਤਾਲ ਵਿਚ ਐਨ ਇਸ ਸਮੇਂ ਕੀ ਬਿਰਤਾਂਤ ਵਰਤ ਰਿਹਾ ਹੈ। ਏਧਰ ਤਾਂ ਇਸ ਬਿਧ-

*ਵੈਦਾ ਸੰਦਾ ਸੰਗੁ ਇਕਠਾ ਹੋਇਆ॥*

*ਅਉਖਦੁ ਆਏ ਰਾਸਿ ਵਿਚਿ ਆਪਿ ਖਲੋਇਆ॥*
*ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ॥*
*ਹਰਿ ਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ॥*
*ਅੰਗ - 1363*

ਦੇ ਗੁਰਵਾਕ ਵਾਲਾ ਸੁਤੇ ਸਰੰਜਾਮ ਬਣ ਗਿਆ ਅਤੇ ਉਧਰ ਹਸਪਤਾਲ ਵਿਚ ਡਾਕਟਰ ਲੋਕਾਂ ਤੇ ਉਨ੍ਹਾਂ ਦੇ ਅਮਲੇ ਦਾ ਇਕੱਠ ਹੋ ਰਿਹਾ ਹੈ। ਬਾਂਹ ਕੱਟਣ ਦੇ ਸਭ ਸੰਦ ਬੇਤ ਭੀ ਆ ਗਏ। ਜੇਲ੍ਹ ਸਿਵਲ ਸਰਜਨੀ ਸੁਪ੍ਰੰਟੰਡੰਟ ਵੀਰ ਸਜਣ ਸਿੰਘ ਦੇ ਸਰਹਾਣੇ ਕਮੀਜ਼ ਦੀਆਂ ਬਾਹਾਂ ਉਤਾਂਹ ਚਾੜ੍ਹ ਕੇ ਬਾਂਹ ਕੱਟਣ ਨੂੰ ਆਣ ਖਲੋਤਾ। ਅੱਗੇ ਵੀਰ ਸੱਜਣ ਸਿੰਘ ਸ਼ਬਦ ਲੋਰ ਦੀ ਨਿੰਦ੍ਰਾ ਵਿਚ ਸ਼ਾਂਤ ਪਿਆ ਸੀ। ਸੁਪ੍ਰੰਟੰਡੰਟ ਜਾਤਾ ਕਿ ਸੁੱਤਾ ਹੋਇਆ ਹੈ। ਬੋਲਿਆ, ਉਠ! ਕਲੋਰੋ ਫਾਰਮ ਸੁੰਘ। ਵੀਰ ਨੇ ਅੱਖ ਉਘੇੜ ਕੇ ਆਖਿਆ, ਕਾਹਦੇ ਲਈ?

ਸੁਪ੍ਰੰ: - ਤੇਰੀ ਬਾਂਹ ਕੱਟਣ ਦਾ ਉਪਰੇਸ਼ਨ ਹੋਣਾ ਹੈ।

ਵੀਰ - ਤਾਂ ਫੇਰ ਕਲੋਰੋ ਫਾਰਮ ਸੁੰਘਾਉਣ ਦੀ ਕੀ ਲੋੜ ਹੈ? ਨਿਸੰਗ ਬਾਂਹ ਨੂੰ ਕੱਟ ਕੇ ਜੁਦਾ ਕਰ ਦੇਵੋ। ਜੇ ਜਿਮ੍ਰਕ ਜਾਵਾਂ ਤਾਂ ਆਖਣਾ।

ਏਹ ਸੁਣ ਕੇ ਸਰਜਨ ਦੇ ਸਰੀਰ ਵਿਚ ਇਕ ਝਰਨਾਟ ਜੇਹੀ ਫਿਰ ਗਈ। ਇਕ ਪਾਸੇ ਤਾਂ ਇਸ ਬੀਸ ਸਾਲਾ ਸਿੱਖ ਭੁਜੰਗੀ ਦੀ ਦਲੇਰੀ ਦੇਖ ਕੇ ਦੰਗ ਰਹਿ ਗਿਆ ਅਤੇ ਹੱਕਾ ਬੱਕਾ ਰਹਿ ਗਿਆ ਕਿ ਇਹ ਸਿੱਖ ਕਿਸ ਮਿੱਟੀ ਦੇ ਬਣੇ ਹੋਏ ਹਨ। ਦੂਜੇ ਪਾਸੇ ਉਸ ਦੇ ਹੱਥ ਵਿਚ ਉਤੇ ਉਠਣ ਦੀ ਬਾਂਹ ਕੱਟਣ ਦੀ ਹਿੱਸ ਹੀ ਨਾ ਰਹੀ। ਐਨ ਉਸੇ ਸਮੇਂ ਉਸ ਨੂੰ ਇਕ ਹੋਰ ਫੁਰਨਾ ਸਫੁਰਨ ਹੋਇਆ ਕਿ ਪਹਿਲਾਂ ਨਸ਼ਤਰ ਲਾ ਕੇ ਦੇਖੀਏ। ਸ਼ਾਇਦ ਗੰਦਾ ਖ਼ੂਨ ਨਸ਼ਤਰ ਨਾਲ ਨਿਕਲ ਜਾਵੇ ਅਤੇ ਫ਼ਾਇਦਾ ਹੋ ਜਾਵੇ। ਇਹ ਫੁਰਨਾ ਫੁਰਨ ਦੀ ਦੇਰ ਹੀ ਸੀ ਕਿ ਉਹ ਇਸ ਪਰ ਅਮਲ ਕਰਨ ਲਈ ਅਮਾਦਾ ਹੋ ਗਿਆ। ਮਾਨੋਂ ਕੋਈ ਅਮਰੀ ਇਸਾਰਾ ਉਸ ਨੂੰ ਮਿਲਿਆ ਜੋ ਅੱਗੇ ਔੜਿਆ ਹੀ ਨਹੀਂ ਸੀ। ਬੱਸ! ਜਦ ਤਕ ਕੀ ਕਰਨੀ ਸੀ? ਨਸ਼ਤਰ ਲਗਾ ਦਿਤੀ ਅਤੇ ਗੰਦੇ ਖ਼ੂਨ ਦਾ ਪਰਨਾਲਾ ਛੁਟ ਗਿਆ। ਛਿਨ ਵਿਚ ਹੀ ਸਾਰਾ ਸੋਜਾ ਲਹਿ ਗਿਆ ਅਤੇ ਸਾਰਾ ਜ਼ਹਿਰਾਵਾ ਉਤਰ ਗਿਆ। ਸੁਪ੍ਰੰਟੰਡੰਟ ਦੀ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ। ਉਹ ਬਿਲਕੁਲ ਨਿਰਾਸ ਹੋ ਚੁੱਕਾ ਸੀ। ਕੋਈ ਏਜ਼ਦੀ ਇਮਦਾਦ ਉਸ ਨੂੰ ਆ ਮਿਲੀ। ਆਪਣੀ ਹੱਥੀਂ ਡਰੈਸ ਕਰਕੇ ਅਤੇ ਇਨਚਾਰਜ ਹਸਪਤਾਲ ਨੂੰ ਤਕੜਾਈ ਰੱਖਣ ਦੀਆਂ ਤਕੀਦਾਂ ਕਰਕੇ ਅਤੇ ਖ਼ਬਰਗੀਰੀ ਅਤੇ ਸੇਵਾਦਾਰੀ ਹਦਾਇਤਾਂ ਦੇ ਕੇ ਖੁਸ਼ੀਆਂ ਵਿਚ ਖਿੜਿਆ ਹੋਇਆ ਮੱਥਾ ਲੈ ਕੇ ਮੇਰੇ ਪਾਸ ਆਇਆ ਤੇ ਬੋਲਿਆ, ਵੈਲ! ਰਣਧੀਰ ਸਿੰਘ! ਆਪ ਕਾ ਸਾਥੀ ਸੱਜਣ ਸਿੰਘ ਬਿਲਕੁਲ ਤੰਦਰੁਸਤ ਹੋ ਗਿਆ, ਫ਼ਿਕਰ ਮਤ ਕਰੋ, ਉਸ ਕੀ ਬਾਂਹ ਕੋ ਭੀ ਨਹੀਂ ਕਾਟਾ ਗਿਆ। ਔਰ ਵੁਹ ਤੰਦਰੁਸਤ ਭੀ ਹੋ ਗਿਆ ਹੈ।

ਦਾਸ - ਇਹ ਆਪ ਦੇ ਉਤਮ ਨੂੰ ਫਲ ਲੱਗਾ ਹੈ। ਆਪ ਨੇ ਬੜੀ ਹਮਦਰਦੀ ਕੀਤੀ ਹੈ।

ਸੁਪ੍ਰੰ: - ਨਹੀਂ, ਨਹੀਂ, ਹਮ ਨੇ ਇਸ ਮੇਂ ਕੁਛ ਨਹੀਂ ਕੀਆ। ਯੇਹ ਤੋ ਕੋਈ ਮੁਅਜਜ਼ਾ ਹੂਆ ਹੈ। ਮੈਂ ਆਪਨੇ ਹਾਥ ਮੇਂ ਬਾਂਹ ਕਾਟਨੇ ਵਾਲੇ ਹਥਿਆਰ ਪਕੜ ਚੁਕਾ ਥਾ ਔਰ ਸਭ ਸਾਮਾਨ ਤਿਆਰ ਥਾ। ਮੈਂ ਹਾਥ ਕਾਟਨੇ ਕੇ ਲੀਏ ਤਿਆਰ ਹੋ ਚੁਕਾ ਥਾ ਕਿ ਇਕ ਦਮ ਮੇਰਾ ਹਾਥ ਰੁਕ ਗਿਆ। ਹਾਥ ਰੁਕਨਾ ਹੀ ਥਾ ਕਿ ਮੁਝ ਕੋ ਅਚਾਨਕ ਏਕ ਐਸਾ ਸੂਝਨਾ ਸੂਝਾ ਜੋ ਆਗੇ ਕਭੀ ਸੂਝਾ ਹੀ ਨਹੀਂ। ਇਸ ਸਮੇਂ ਜ਼ਰੂਰ ਕੋਈ ਖੁਦਾਈ ਇਮਦਾਦ ਕਾ ਹਾਥ ਹੈ ਮਗਰ ਬੜੀ ਹੈਰਾਨ ਤੋ ਉਸ ਲੜਕੇ ਕੀ ਦਲੇਰੀ ਕੋ ਦੇਖ ਕਰ ਹੁਈ - ਕਿ ਵੁਹ ਝਿਜਕਾ ਹੀ ਨਹੀਂ। ਉਸ ਕੋ ਪਤਾ ਹੀ ਨਹੀਂ ਕਿ ਕਿਸ ਕੀ ਬਾਂਹ ਪਰ ਉਪਰੇਸ਼ਨ ਕੀਆ ਜਾ ਰਹਾ ਹੈ। ਉਸ ਕੀ ਤੋ ਬਾਂਹ ਭੀ ਕਟ ਜਾਤੀ ਤਬ ਭੀ ਵੁਹ ਤੌਂ ਹਾਇ ਨਾ ਪੁਕਾਰਤਾ। ਮਾਲੂਮ ਹੋਤਾ ਹੈ ਕਿ ਉਸ ਵਕਤ ਉਸ ਪਰ ਕੁਛ ਰੂਹਾਨੀ ਤਾਕਤ ਤਾਰੀ ਹੋ ਰਹੀ ਥੀ।

ਇਸ ਪ੍ਰਕਾਰ ਦੀ ਗਿੱਟ ਮਿਟ ਬੋਲੀ ਵਿਚ ਆਪਣਾ ਅੰਦਰ ਉਘਾੜ ਕੇ ਚਲਦਾ ਲੱਗਾ ਅਤੇ ਦਾਸ ਗੁਰੂ ਕਰਤਾਰ ਦੇ ਧੰਨਵਾਦ ਧਿਆਨ ਵਿਚ ਮਗਨ ਹੋ ਗਿਆ।

(ਨੋਟ: ਇਸ ਘਟਨਾ ਦੇ ਪਿਛੋਂ ਜਦ ਵੀਰ ਸੁਰਜਨ ਸਿੰਘ ਜੀ ਗੁਜਰਵਾਲ ਦਾਸ ਦੇ ਪਰਿਵਾਰ ਸਹਿਤ ਮੇਰੀ ਮੁਲਾਕਾਤ ਕਰਨ ਆਏ ਤਾਂ ਉਸ ਸਮੇਂ ਦਾਸ ਨੇ ਵੀਰ ਸੁਰਜਨ ਸਿੰਘ ਨੂੰ ਇਹ ਸਾਰੀ ਘਟਨਾ ਦੱਸੀ ਅਤੇ ਬਿਨੈ ਕੀਤੀ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਜਾ ਕੇ ਸਵਾ ਦਮੜੇ ਦਾ ਕੜਾਹ ਪ੍ਰਸ਼ਾਦ ਵੀਰ ਨਮਿਤ ਕਰਾ ਦੇਣ)

ਇਹ ਸੁਪ੍ਰੰਟੰਡੰਟ ਤਨ-ਮਨ ਲਾ ਕੇ ਆਪਣੀ ਮੈਡੀਕਲ ਅਫਸਰ ਵਾਲੀ ਡਿਊਟੀ ਅਦਾ ਕਰਦਾ ਸੀ ਅਤੇ ਆਪਣੇ ਮਾਤਹਿਤ ਡਾਕਟਰਾਂ ਤੋਂ ਬੜਾ ਕੰਮ ਲੈਂਦਾ ਸੀ। ਐਸਾ ਡਿਊਟੀ ਦਾ ਪੱਕਾ ਅੰਗਰੇਜ਼ ਅਫ਼ਸਰ ਅਸੀਂ ਘੱਟ ਵੱਧ ਹੀ ਡਿੱਠਾ ਹੈ। ਸੱਜਣ ਸਿੰਘ ਦੀ ਆਪਣੇ ਹੱਥੀਂ ਆ ਕੇ ਮਲ੍ਹਮ ਪੱਟੀ ਕਰਿਆ ਕਰੇ। ਆਪਣੇ ਐਸਿਸਟੈਂਟਾਂ ਦੀ ਦੋ ਦੋ ਘੰਟੇ ਦੀ ਡਿਊਟੀ ਉਸ ਉਪਰ ਹਰ ਦਮ ਹਾਜ਼ਰ ਰਹਿਣ ਦੀ ਲਾ ਦਿਤੀ। ਦਿਨੇ ਰਾਤ ਵਾਰੀ ਵਾਰੀ ਹਰ ਇਕ ਹਸਪਤਾਲੀ ਐਸਿਸਟੈਂਟ ਹਾਜ਼ਰ ਰਿਹਾ ਕਰੇ। ਐਥੋਂ ਤਾਈਂ ਕਿ ਆਪ ਭੀ ਆਪਣਾ ਆਰਾਮ ਛੱਡ ਕੇ ਰਾਤ ਨੂੰ ਹਸਪਤਾਲ ਵਿਚ ਆ ਫੇਰਾ ਪਾਵੇ। ਐਤਵਾਰ ਨੂੰ ਭੀ ਪੂਰੀ ਡਿਊਟੀ ਬਜਾ ਜਾਵੇ। ਅਸੀਂ ਉਸ ਦੀ ਇਸ ਹਮਦਰਦੀ ਭਰੀ ਕਾਰ-ਗੁਜ਼ਾਰੀ ਦੇ ਬੜੇ ਮਸ਼ਕੂਰ ਹੋਏ ਅਤੇ ਉਸ ਨਾਲ ਮਿਲ ਗਿਲ ਕੇ ਰਹਿਣ ਲੱਗੇ ਪਰ ਇਸ ਨੂੰ ਭੀ ਕੁਛ ਚਿਰ ਪਿਛੋਂ ਮਿਸਟਰ ਮੀਕ ਦਾ ਪਾਹ ਚੜ੍ਹ ਗਿਆ ਅਤੇ ਉਸ ਦੇ ਹੱਥਾਂ ਵਿਚ ਆ ਗਿਆ।

**'ਚਲਦਾ'**

# ਸਨੇਹੀਆਂ ਦਾ ਪੰਨਾ

'ਆਤਮ ਮਾਰਗ' ਪਤ੍ਰਿਕਾ ਦੇ ਰਾਹੀਂ ਗੁਰ ਸ਼ਬਦ ਲੰਗਰ ਸਾਰੇ ਸੰਸਾਰ ਵਿਚ ਵਰਤਾਇਆ ਜਾ ਰਿਹਾ ਹੈ। ਸ਼ਬਦ ਦੀ ਸਾਂਝ ਦੇ ਨਾਲ ਰੂਹਾਨੀ ਸੂਝ ਪ੍ਰਾਪਤ ਹੋ ਰਹੀ ਹੈ। ਨਿਤ ਦਿਹਾੜੇ ਇਸ ਅਦਾਰੇ ਨਾਲ ਸਨੇਹ ਰੱਖਣ ਵਾਲੇ ਪ੍ਰੇਮੀਆਂ ਦੇ ਸੰਦੇਸ਼; ਟੈਲੀਫੋਨ, ਈ-ਮੇਲ ਆਦਿ ਰਾਹੀਂ ਸਾਡੇ ਤਕ ਪਹੁੰਚ ਰਹੇ ਹਨ। ਸਮੂੰਹ ਸਤਿਸੰਗੀਆਂ, ਪ੍ਰੇਮੀਆਂ, ਸਨੇਹੀਆਂ ਦੇ ਮਿਲ ਰਹੇ ਪਿਆਰ ਸਤਿਕਾਰ ਸਹਿਯੋਗ ਦੇ ਸਦਕੇ ਆਤਮ ਮਾਰਗ ਰੂਹਾਨੀ ਖੇਤਰ ਵਿਚ ਆਪਣਾ ਯੋਗਦਾਨ ਪਾਉਂਦਾ ਹੋਇਆ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਹੈ।

'ਆਤਮ ਮਾਰਗ' ਪਤ੍ਰਿਕਾ ਨੂੰ ਸੀਮਤ ਸੋਮਿਆਂ ਦੇ ਹੁੰਦਿਆਂ ਵੀ ਪੂਰੀ ਲਗਨ ਦੇ ਨਾਲ ਚਲਾਇਆ ਜਾ ਰਿਹਾ ਹੈ। ਹਿੰਦੀ ਵਿਚ ਹਰ ਮਹੀਨੇ ਮੈਗਜ਼ੀਨ ਦੇਸ਼ਾਂ ਵਿਦੇਸ਼ਾਂ ਵਿਚ ਸਾਧੂ ਸੰਨਿਆਸੀਆਂ ਯੋਗੀਆਂ ਦੇ ਆਸ਼ਰਮਾਂ ਵਿਚ ਮੁਫ਼ਤ ਬਿਨਾਂ ਕਿਸੇ ਮੋਖ ਦੇ ਭੇਜਿਆ ਜਾ ਰਿਹਾ ਹੈ। ਇਸ ਵਲੋਂ ਸਰਬ ਸਾਂਝੀ ਗੁਰਬਾਣੀ ਦੇ ਸੰਦੇਸ਼ ਨੂੰ ਬਿਨਾਂ ਕਿਸੇ ਵਿਤੀ ਲਾਭ ਹਿਤ, ਲਾਗਤ ਫੀ ਕਾਪੀ 30/- ਰੁਪਏ ਆਉਣ ਤੇ ਵੀ ਨਿਰੰਤਰ ਛਾਪਣ ਦੀ ਕੋਸ਼ਿਸ਼ ਜਾਰੀ ਹੈ। ਹਿੰਦੀ ਮੈਗਜ਼ੀਨ ਨੂੰ ਪੜ੍ਹਨ ਵਾਲੇ ਪ੍ਰੇਮੀ ਬਿਨਾਂ ਕਿਸੇ ਵੀ ਅਪੀਲ ਦਲੀਲ ਦੇ ਆਪਣੇ ਸਾਲਾਨਾ ਚੰਦੇ ਆਤਮ ਮਾਰਗ ਮੈਂਬਰਸ਼ਿਪ ਵਾਸਤੇ ਭੇਜ ਰਹੇ ਹਨ। ਸਨੇਹੀਆਂ ਤੇ ਪਿਆਰ ਵਾਲੇ ਪ੍ਰੇਮੀਆਂ ਦੇ ਚਰਨਾਂ ਵਿਚ ਅਤਿ ਅਧੀਨਗੀ ਅਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਹਿੰਦੀ ਮਾਸਿਕ ਪਤ੍ਰਿਕਾ ਰਾਹੀਂ ਨਿਰੰਤਰ ਗੁਰ ਸ਼ਬਦ ਲੰਗਰ ਦੀ ਸਾਂਝ ਪਾਉਣ ਵਾਸਤੇ ਇਸ ਦੇ ਹੋਰ ਵੀ ਵੱਧ ਤੋਂ ਵੱਧ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰੋ ਜੀ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਵਲੋਂ ਜਨ ਸਮੂੰਹ ਦੇ ਅਨੇਕਾਂ ਹੀ ਪਰਉਪਕਾਰੀ ਕਾਰਜ ਚਲਾਏ ਜਾ ਰਹੇ ਹਨ। ਜਿਨ੍ਹਾਂ ਵਿਚ ਸਕੂਲ, ਕਾਲਜ, ਹਸਪਤਾਲ ਪੂਰੀ ਸਫਲਤਾ ਨਾਲ ਟਰੱਸਟ ਦੇ ਪ੍ਰਬੰਧ ਹੇਠ ਚਲ ਰਹੇ ਹਨ। ਟਰੱਸਟ ਦਾ ਸੁਚੱਜਾ ਪ੍ਰਬੰਧ ਬਗੈਰ ਕਿਸੇ ਉਗਰਾਹੀ ਦੇ ਸਨੇਹੀਆਂ, ਪ੍ਰੇਮੀ ਸੰਗਤਾਂ ਦੇ ਸਹਿਜ ਸਹਿਯੋਗ ਨਾਲ ਚਲ ਰਿਹਾ ਹੈ। ਰੋਜ਼ਾਨਾ ਹੀ ਦੇਸ਼ਾਂ ਵਿਦੇਸ਼ਾਂ ਤੋਂ ਟਰੱਸਟ ਨੂੰ ਪ੍ਰੇਮੀ ਆਪਣੀ ਕਿਰਤ ਕਮਾਈਆਂ ਵਿਚੋਂ ਚੈਕ, ਡਰਾਫਟ, ਮਨੀਆਰਡਰ ਆਦਿ ਭੇਜ ਕੇ ਆਪਣੀਆਂ ਕਮਾਈਆਂ ਸਫਲੀਆਂ ਕਰਦੇ ਹੋਏ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਇਸ ਸੰਸਥਾ ਵਲੋਂ ਸਾਰੇ ਹੀ ਹਿਸਾਬ ਕਿਤਾਬ ਵਿਚ ਪਾਰਦਸ਼ਤਾ (Transparency) ਰੱਖੀ ਜਾਂਦੀ ਹੈ। ਹਰ ਮਹੀਨੇ ਦਾ ਖਰਚ ਅਤੇ ਬਕਾਇਆ (Balance Sheet) ਜਾਰੀ ਕੀਤੀ ਜਾਂਦੀ ਹੈ। ਬਹੁਤ ਹੀ ਸਿਆਣੇ ਲੇਖਾ-ਸੇਵਕ (Accountant) ਅਤੇ ਚਾਰਟਡ ਅਕਾਊਂਟੈਂਟ (C.A.) ਇਸ ਦੀ ਆਡੀਟ ਰਿਪੋਰਟ ਜਾਰੀ ਕਰਦੇ ਹਨ ਤਾ ਕਿ ਸੰਗਤਾਂ ਦਾ ਪੈਸਾ (Public money) ਦੀ ਜਾਇਜ਼ ਵਰਤੋਂ ਕੀਤੀ ਜਾਵੇ। ਪ੍ਰੇਮੀਆਂ ਵਲੋਂ ਆਏ ਪਿਆਰ ਸਤਿਕਾਰ ਭਰੇ ਪੱਤਰਾਂ ਦੇ ਜਵਾਬ ਦੇ ਨਾਲ ਹੀ ਉਨ੍ਹਾਂ ਵਲੋਂ ਭੇਜੀ ਗਈ ਮਾਇਆ ਦੀ ਪਹੁੰਚ ਰਸੀਦ ਤੁਰੰਤ ਹੀ ਭੇਜਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮਹਾਰਾਜ ਜੀ ਦੀ ਅਗੰਮੀ ਪ੍ਰੇਰਨਾ ਦਾ ਸਦਕਾ ਸਾਰੇ ਹੀ ਵੱਧ ਚੜ੍ਹ ਕੇ ਭਲਾਈ ਦੇ ਕਾਰਜਾਂ ਵਿਚ ਆਪਣਾ ਤਨ ਮਨ ਧਨ ਕਰਕੇ ਆਪੋ ਆਪਣਾ ਹਿੱਸਾ ਪਾ ਰਹੇ ਹਨ।

'ਆਤਮ ਮਾਰਗ' ਅਦਾਰੇ ਵਲੋਂ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਮੈਗਜ਼ੀਨ ਕਿਸੇ ਆਰਥਿਕ ਲਾਭ ਲਈ ਬਿਲਕੁਲ ਹੀ ਨਹੀਂ ਛਾਪਿਆ ਜਾ ਰਿਹਾ। ਇਸ ਦੇ ਵਿਪਰੀਤ ਅਸੀਂ ਇਸ ਨੂੰ ਰੂਹਾਨੀ ਪ੍ਰਕਾਸ਼ ਲਈ ਪ੍ਰਕਾਸ਼ਿਤ ਕਰਦੇ ਹਾਂ ਜਿਸ ਦਾ ਪਰਮ ਮਨੋਰਥ ਹੈ ਕਿ ਇਸ ਨੂੰ ਪੜ੍ਹ ਕੇ ਜੇ ਕਿਸੇ ਪ੍ਰੇਮੀ ਨੂੰ ਰੂਹਾਨੀ ਮਾਰਗ ਦੀ ਸੋਝੀ ਪ੍ਰਾਪਤ ਹੋ ਕੇ ਜੀਵਨ ਦੀ ਸਫਲਤਾ ਪ੍ਰਾਪਤ ਹੋ ਜਾਵੇ ਤਾਂ ਸਾਨੂੰ ਵਾਹਿਗੁਰੂ ਜੀ ਵਲੋਂ ਬਹੁਤ ਹੀ ਖੁਸ਼ੀ ਹੋਵੇਗੀ। ਇਸ ਸੰਸਥਾ ਦੇ ਬਾਨੀ ਮਹਾਂਪੁਰਸ਼ਾਂ ਵਲੋਂ ਗੁਰਸ਼ਬਦ ਨੂੰ ਨਿਰੰਤਰ ਚਲਾਉਣ ਵਾਸਤੇ ਆਰਥਿਕ ਤੌਰ ਤੇ ਮਜ਼ਬੂਤ ਰੱਖਣ ਵਾਸਤੇ ਆਤਮ ਮਾਰਗ ਪਤ੍ਰਿਕਾ ਦੇ ਨਾਮ ਕਰੋੜਾਂ ਰੁਪਏ ਦੀਆਂ F.D.R ਕਰਾਈਆਂ ਤੇ ਨਾਲ ਹੀ 100 ਸਾਲ ਤੱਕ ਇਸ ਵਿਚ ਪ੍ਰਕਾਸ਼ਿਤ ਕਰਨ ਵਾਸਤੇ ਆਪਣੇ ਅਨੁਭਵ ਤੋਂ ਗੁਰਬਾਣੀ ਪ੍ਰਕਾਸ਼ ਅੰਦਰ ਛਾਪਣ ਵਾਸਤੇ ਸਮੱਗਰੀ ਪ੍ਰਦਾਨ ਕੀਤੀ ਹੈ। ਇਸੇ ਤਰ੍ਹਾਂ ਮਹਾਂਪੁਰਸ਼ਾਂ ਦੀ ਸਰਬ-ਵਿਆਪੀ ਤੇ ਸਰਬ ਸਾਂਝੀ ਸੋਚ ਤੇ ਸਮੂੰਹ ਸਤਿਪੁਰਸ਼ਾਂ ਦੇ ਪ੍ਰੇਮੀ ਪਹਿਰਾ ਦੇਂਦੇ ਹੋਏ ਅਦ੍ਵੈਤ ਸਿਧਾਂਤ ਤੇ ਚਲਦੇ ਹੋਏ ਬਿਨਾਂ ਕਿਸੇ ਰਾਗ ਦ੍ਵੈਸ਼ ਦੇ ਤਨ ਮਨ ਧਨ ਨਾਲ ਸਹਿਯੋਗ ਦੇ ਰਹੇ ਹਨ।

ਤੁਹਾਡੀਆਂ ਸ਼ੁਭ ਪ੍ਰਸੰਸਕ ਰਾਂਵਾਂ (Suggestions) ਲਈ ਅਸੀਂ ਹਾਰਦਿਕ ਧੰਨਵਾਦ ਕਰਦੇ ਹਾਂ। ਆਸ ਅਤੇ ਪੂਰਾ ਪੂਰਾ ਵਿਸ਼ਵਾਸ਼ ਕਰਦੇ ਹਾਂ ਕਿ ਤੁਸੀਂ ਇਸ ਅਦਾਰੇ ਦੇ ਮੈਂਬਰ ਬਣ ਕੇ ਆਪੋ ਆਪਣੀ ਥਾਂ ਇਸ ਅਧਿਆਤਮ ਮਾਰਗ ਤੋਂ ਦੂਸਰੇ ਪ੍ਰੇਮੀਆਂ ਦੇ ਮਤਾਂ ਨੂੰ ਜਾਣੂੰ ਕਰਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ ਜੀ।

ਸ਼ੁਭ ਕਾਮਨਾ ਸਹਿਤ

*ਆਪ ਦਾ ਸ਼ੁਭਚਿੰਤਕ*
*ਅਦਾਰਾ 'ਆਤਮ ਮਾਰਗ'*

(ਪੰਨਾ 5 ਦੀ ਬਾਕੀ)

ਵਾਲੇ (ਭ੍ਰਮੁ ਭ੍ਰਾਂਤਿ ਦਹਣੁ) ਸੀਤਲ ਤੇ ਸੁਖਦਾਤੇ (ਸੀਤਲਨੁ ਸੁਖਦਾਤਉ), ਧਰਮ ਦੇ ਝੰਡੇ ਵਾਲੇ (ਧਰਮ ਧੁਜਾ), ਹਰੀ ਵਰਗੇ ਉਦਾਰਚਿਤ (ਹਰਿ ਸਮ ਉਦਾਰੁ), ਹਉਮੈ ਨੂੰ ਦੂਰ ਕਰਨ ਵਾਲੇ (ਅਹੰਮੇਵ ਨਿਵਾਰਣੁ), ਮਹਾਂਦਾਨੀ (ਮਹਾਦਾਨਿ), ਰਾਜ ਜੋਗੀ (ਰਾਜ ਜੋਗ ਰਸੁ ਜਾਇਅਉ) ਆਤਮਕ ਅਡੋਲਤਾ ਵਿਚ ਪ੍ਰਭੂ ਨਾਲ ਇਕਮਿਕ (ਸਹਜਿ ਜੋਗੁ ਨਿਜੁ ਪਾਇਯਉ – ਭੱਟ ਕਲ੍ਹਸਹਾਰ ਪੰਨਾ 1406-8)

ਇੰਜ ਹੀ ਮਥੁਰਾ ਭੱਟ ਨੇ ਵੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਮਾਣੀ ਅਤੇ ਉਨ੍ਹਾਂ ਦੀ ਮਨੋਹਰ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ 7 ਸਵੱਯੇ ਉਚਾਰਨ ਕੀਤੇ। ਆਪ ਜੀ ਲਿਖਦੇ ਹਨ ਕਿ ਜਗਤ ਦੇ ਇਸ ਘੋਰ ਹਨ੍ਹੇਰੇ ਵਿਚ ਗੁਰੂ ਅਰਜਨ ਦੇਵ ਜੀ ਤੋਂ ਬਿਨਾਂ ਕੋਈ ਹੋਰ ਰਾਖਾ ਨਹੀਂ ਹੈ। ਪ੍ਰਮਾਤਮਾ ਨੇ ਆਪ ਹੀ ਇਨ੍ਹਾਂ ਨੂੰ ਅਵਤਾਰ ਬਣਾ ਕੇ ਉਜਾਗਰ ਕੀਤਾ ਹੈ। ਜਿਨ੍ਹਾਂ ਨੇ ਗੁਰੂ ਜੀ ਪਾਸੋਂ ਨਾਮ-ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ। ਗੁਰੂ ਅਰਜਨ ਦੇਵ ਪ੍ਰਤੱਖ ਹਰੀ ਰੂਪ ਹਨ, ਪੂਰਨ ਬ੍ਰਹਮਹਰੀ ਦਾ ਉਨ੍ਹਾਂ ਦੇ ਹਿਰਦੇ ਵਿਚ ਨਿਵਾਸ ਹੈ –

***ਜਗ ਅਉਰੁ ਨ ਯਾਹਿ ਮਹਾ ਤਮ ਮੈ***<br>
***ਅਵਤਾਰੁ ਉਜਾਗਰੁ ਆਨਿ ਕੀਅਉ।***<br>
***ਤਿਨ ਕੇ ਦੁਖ ਕੋਟਿਕ ਦੂਰਿ ਗਏ***<br>
***ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ।***<br>
***ਇਹ ਪਧਤਿ ਤੇ ਮਤ ਚੂਕਹਿ, ਰੇ ਮਨ***<br>
***ਭੇਦ ਬਿਭੇਦੁ ਨ ਜਾਨ ਬੀਅਉ।***<br>
***ਪਰਤਛਿ ਰਿਦੈ ਗੁਰ ਅਰਜੁਨ ਕੈ***<br>
***ਹਰਿ ਪੂਰਨ ਬ੍ਰਹਮਿ ਨਿਵਾਸ ਲੀਅਉ। ਪੰਨਾ - 1409***

ਮਥੁਰਾ ਜੀ ਨੂੰ ਹਰ ਥਾਂ ਧਰਤੀ, ਆਕਾਸ਼ ਨੌਂ ਖੰਡਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਜੋਤਿ ਹੀ ਵਿਆਪਕ ਦਿਸਦੀ ਹੈ-

***ਧਰਨ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ***<br>
***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥***<br>
***ਪੰਨਾ - 1410***

ਐਸੇ ਮਹਾਨ ਗੁਰੂ ਦੀ ਸਿੱਖ ਕੌਮ ਵਾਰਸ ਹੈ। ਇਸੇ ਕਾਰਨ ਸਿੱਖ ਇਤਿਹਾਸ ਸ਼ਹੀਦੀਆਂ ਦਾ ਇਤਿਹਾਸ ਹੈ। ਇਸ ਮਹਾਨ ਕੁਰਬਾਨੀ ਨੂੰ ਉਜਾਗਰ ਕਰਨ ਹਿਤ ਮਹਾਂਪੁਰਸ਼ਾਂ ਦਾ ਲੇਖ, 'ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ' ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। 'ਆਤਮ ਮਾਰਗ' ਸਦਾ ਸੱਚ ਦੀ ਸਾਖ ਭਰਦਾ ਆ ਰਿਹਾ ਹੈ। ਆਪ ਜੀ ਦੀਆਂ ਸ਼ੁਭ ਕਾਮਨਾਵਾਂ ਸਦਕਾਂ ਅਤੇ ਮਹਾਂਪੁਰਸ਼ਾਂ ਦੀ ਅਸੀਸ ਸਦਕਾ ਸਤਿਗੁਰੂ ਬਖਸ਼ਿਸ਼ ਕਰਨ, ਐਸਾ ਸੰਕਲਪ ਸਦਾ ਬਣਿਆ ਰਹੇ।

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name..................................................................
3. ਪਿਤਾ ਦਾ ਨਾਮ/Father's Name...........................................
4. ਪੂਰਾ ਪਤਾ/Full address.......................................................

.......................................................

.......................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 6, 13, 20, 27 ਜੂਨ।

**ਸੰਗਰਾਂਦ** - 15 ਜੂਨ, ਦਿਨ ਮੰਗਲਵਾਰ।

**ਪੂਰਨਮਾਸ਼ੀ** - 3 ਜੂਨ, ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨੀਚਰਵਾਰ 26 ਜੂਨ 2004, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

**For more information**
**please visit us on internet at -**
http://www.atammarg.org
&
http://www.Ratwara sahib.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ -**

**0160-2255002**

**0160-2255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** - 0160-2255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ ਟੈਕਨਾਲੌਜੀ, ਰਤਵਾੜਾ ਸਾਹਿਬ** - 0160-2255005, 2255006. 2255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** - 98142-80259